8-JUNE-PAGE-1.qxd 6/7/2024 8:55 PM Page 1

ਸ਼ਨੀਵਾਰ, 8 ਜੂਨ, 2024
26 ਜੇਠ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 7

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • SATURDAY, 8 JUNE, 2024 ਜਲੰਧਰ
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਇਲਾਕਾਈ ਉਮੰਗਾਂ ਦਾ ਪੂਰਾ ਖਿਆਲ ਰੱਖਾਂਗੇ : ਮੋਦੀ

## ਐੱਨ ਡੀ ਏ ਦਾ ਆਗੂ ਚੁਣੇ ਜਾਣ ਤੋਂ ਬਾਅਦ ਤੀਜੀ ਵਾਰ ਸਰਕਾਰ ਬਣਾਉਣ ਦਾ ਦਾਅਵਾ ਪੇਸ਼

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਐੱਨ ਡੀ ਏ ਦੀਆਂ ਭਾਈਵਾਲ ਪਾਰਟੀਆਂ ਦੇ ਹਮਾਇਤੀ ਪੱਤਰ ਸੌਂਪ ਕੇ ਤੀਜੀ ਵਾਰ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਰਾਸ਼ਟਰਪਤੀ ਨੇ ਉਨ੍ਹਾਂ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਦਿੱਤਾ। ਸੂਤਰਾਂ ਮੁਤਾਬਕ ਮੋਦੀ 9 ਜੂਨ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣਗੇ।

ਰਾਸ਼ਟਰਪਤੀ ਭਵਨ ਜਾਣ ਤੋਂ ਪਹਿਲਾਂ ਉਨ੍ਹਾ ਬਜ਼ੁਰਗ ਭਾਜਪਾ ਆਗੂਆਂ ਐੱਲ ਕੇ ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਨੂੰ ਉਨ੍ਹਾਂ ਦੀ ਰਿਹਾਇਸ਼ਗਾਹ 'ਤੇ ਮਿਲ ਕੇ ਆਸ਼ੀਰਵਾਦ ਲਿਆ। ਇਸਤੋਂ ਪਹਿਲਾਂ ਸੰਸਦ ਭਵਨ ਦੇ ਕੇਂਦਰੀ ਹਾਲ ਵਿਚ ਭਾਜਪਾ ਤੇ ਉਸਦੀਆਂ ਹਮਾਇਤੀ ਪਾਰਟੀਆਂ ਦੀ ਹੋਈ ਮੀਟਿੰਗ ਵਿਚ ਮੋਦੀ ਨੂੰ ਐੱਨ ਡੀ ਏ ਦਾ ਆਗੂ ਚੁਣਿਆ ਗਿਆ।



ਐੱਨ ਡੀ ਏ ਦੇ ਨਵੇਂ ਚੁਣੇ ਗਏ ਲੋਕ ਸਭਾ ਮੈਂਬਰਾਂ ਦੀ ਮੀਟਿੰਗ ਵਿਚ ਮੋਦੀ ਨੇ ਸੰਵਿਧਾਨ ਨੂੰ ਮੱਥੇ ਨਾਲ ਲਾ ਕੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਸਭ ਕੁਝ ਸੰਵਿਧਾਨ ਦੇ ਮੁਤਾਬਕ ਚੱਲੇਗਾ। ਚੋਣਾਂ ਵਿਚ ਸੰਵਿਧਾਨ ਨੂੰ ਭਾਜਪਾ ਤੋਂ ਬਚਾਉਣ ਦਾ ਮੁੱਦਾ ਬਹੁਤ ਉਭਰਿਆ ਸੀ, ਕਿਉਂਕਿ ਕੁਝ ਭਾਜਪਾ ਆਗੂਆਂ ਨੇ ਕਿਹਾ ਸੀ ਕਿ ਸੰਵਿਧਾਨ ਬਦਲਣ ਲਈ ਭਾਜਪਾ ਨੂੰ 400 ਸੀਟਾਂ ਦੀ ਲੋੜ ਹੈ।

ਆਗੂ ਚੁਣੇ ਜਾਣ ਤੋਂ ਬਾਅਦ ਮੋਦੀ ਨੇ ਕਿਹਾ ਕਿ ਲਗਾਤਾਰ ਤੀਜੀ ਵਾਰ ਸਰਕਾਰ ਬਣਾ ਰਿਹਾ ਇਹ ਗੱਠਜੋੜ ਸੱਚੇ-ਸੁੱਚੇ ਭਾਰਤ ਦੀ ਭਾਵਨਾ, ਆਤਮਾ ਤੇ ਜੜ੍ਹਾਂ ਦਾ ਪ੍ਰਤੀਬਿੰਬ ਹੈ। ਐੱਨ ਡੀ ਏ ਨੂੰ ਕੁਦਰਤੀ ਗੱਠਜੋੜ ਕਰਾਰ ਦਿੰਦਿਆਂ ਮੋਦੀ ਨੇ ਕਿਹਾ ਕਿ ਉਹ ਆਪਣੀ ਅਗਲੀ ਸਰਕਾਰ ਦੇ ਸਾਰੇ ਫੈਸਲਿਆਂ 'ਚ ਸਰਬਸੰਮਤੀ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨਗੇ।

ਪੂਰਨ ਬਹੁਮਤ ਹਾਸਲ ਕਰਨ ਵਿਚ ਨਾਕਾਮ ਰਹੀ ਭਾਜਪਾ, ਜਿਸਨੂੰ ਜਨਤਾ ਦਲ (ਯੂ) ਤੇ ਤੇਲਗੂ ਦੇਸਮ ਦੀ ਹਮਾਇਤ ਨਾਲ ਸਰਕਾਰ ਚਲਾਉਣੀ ਪੈਣੀ ਹੈ, ਦੇ ਆਗੂ ਮੋਦੀ ਨੇ ਕਿਹਾ ਉਨ੍ਹਾਂ ਦੀ ਸਰਕਾਰ ਕੌਮੀ ਹਿੱਤਾਂ ਤੇ ਇਲਾਕਾਈ ਉਮੰਗਾਂ ਵਿਚਾਲੇ ਅਟੁੱਟ ਨਾਤਾ ਕਾਇਮ ਕਰੇਗੀ। ਏਨਾ ਅਟੁੱਟ ਕਿ ਇਸ ਵਿੱਚੋਂ ਹਵਾ ਤਕ ਨਾ ਲੰਘ ਸਕੇ। ਮੋਦੀ ਨੂੰ ਆਗੂ ਬਣਾਉਣ ਦੀ ਹਮਾਇਤ ਕਰਦਿਆਂ ਜਨਤਾ ਦਲ (ਯੂ) ਦੇ ਆਗੂ ਨਿਤੀਸ਼ ਕੁਮਾਰ ਨੇ ਕਿਹਾ ਸੀ ਕਿ ਕੌਮੀ ਹਿੱਤਾਂ ਦੇ ਨਾਲ-ਨਾਲ ਇਲਾਕਾਈ ਉਮੰਗਾਂ ਦਾ ਵੀ ਖਿਆਲ ਰੱਖਣਾ ਪਵੇਗਾ।

ਮੋਦੀ ਨੇ ਅਟੱਲ ਬਿਹਾਰੀ ਵਾਜਪਾਈ ਤੋਂ ਪ੍ਰਕਾਸ਼ ਸਿੰਘ ਬਾਦਲ ਤਕ ਦੇ ਐੱਨ ਡੀ ਏ ਦੇ ਬਾਨੀਆਂ ਨੂੰ ਸਲਾਮ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਜਿਹੜਾ ਬੀਜ ਬੀਜਿਆ ਸੀ, ਉਹ ਦਰੱਖਤ ਬਣ ਗਿਆ ਹੈ।

## ਪੁਲਾੜ ਵਾਹਨ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ ਨਾਲ ਜੋੜਿਆ



**ਹਿਊਸਟਨ** : ਨਾਸਾ ਦੀ ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਉਸ ਦੇ ਸਹਿਯੋਗੀ ਬੁਚ ਵਿਲਮੋਰ ਨੇ ਬੋਇੰਗ ਦੇ ਸਟਾਰਲਾਈਨਰ ਪੁਲਾੜ ਵਾਹਨ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ ਨਾਲ ਸਫਲਤਾਪੂਰਵਕ ਜੋੜ ਲਿਆ ਹੈ। ਰਾਹ ਵਿਚ ਆਈਆਂ ਕੁਝ ਨਵੀਆਂ ਮੁਸ਼ਕਲਾਂ ਨੂੰ ਦੂਰ ਕਰਨ ਤੋਂ ਬਾਅਦ ਇਹ ਸੰਭਵ ਹੋਇਆ। 58 ਸਾਲਾ ਵਿਲੀਅਮਜ਼ ਨੇ ਬੁੱਧਵਾਰ ਵਿਲਮੋਰ ਨਾਲ ਤੀਜੀ ਵਾਰ ਪੁਲਾੜ ਦੀ ਯਾਤਰਾ ਕੀਤੀ।

## ਲਹਿੰਦੇ ਪੰਜਾਬ ਦੀ ਅਸੈਂਬਲੀ 'ਚ ਹੁਣ ਪੰਜਾਬੀ ਗੂੰਜੇਗੀ

**ਇਸਲਾਮਾਬਾਦ** : ਪਾਕਿਸਤਾਨ ਦੀ ਪੰਜਾਬ ਅਸੈਂਬਲੀ ਦੇ ਮੈਂਬਰ ਹੁਣ ਸਦਨ 'ਚ ਅੰਗਰੇਜ਼ੀ ਅਤੇ ਉਰਦੂ ਤੋਂ ਇਲਾਵਾ ਪੰਜਾਬੀ ਸਮੇਤ ਘੱਟੋ-ਘੱਟ ਚਾਰ ਸਥਾਨਕ ਭਾਸ਼ਾਵਾਂ 'ਚ ਬੋਲ ਸਕਣਗੇ। ਪੰਜਾਬ ਅਸੈਂਬਲੀ ਦੇ ਸਪੀਕਰ ਮਲਿਕ ਮੁਹੰਮਦ ਅਹਿਮਦ ਖਾਨ ਦੀ ਅਗਵਾਈ ਵਾਲੀ ਸਦਨ ਦੀ ਵਿਸ਼ੇਸ਼ ਕਮੇਟੀ ਨੇ ਉਨ੍ਹਾਂ ਸੋਧਾਂ ਨੂੰ ਮਨਜ਼ੂਰੀ ਦਿੱਤੀ, ਜਿਸ ਨਾਲ ਮੈਂਬਰ ਸਦਨ ਨੂੰ ਅੰਗਰੇਜ਼ੀ ਅਤੇ ਉਰਦੂ ਦੇ ਨਾਲ-ਨਾਲ ਪੰਜਾਬੀ, ਸਰਾਇਕੀ, ਪੋਠੋਹਾਰੀ ਅਤੇ ਮੇਵਾਤੀ 'ਚ ਸੰਬੋਧਨ ਕਰ ਸਕਣਗੇ। ਇਸ ਤੋਂ ਪਹਿਲਾਂ ਅੰਗਰੇਜ਼ੀ ਤੇ ਉਰਦੂ ਤੋਂ ਇਲਾਵਾ ਕਿਸੇ ਹੋਰ ਭਾਸ਼ਾ 'ਚ ਬੋਲਣ ਲਈ ਸਪੀਕਰ ਦੀ ਆਗਿਆ ਲੈਣੀ ਪੈਂਦੀ ਸੀ।

## ਨੇਪਾਲ ਨੇ ਭਾਰਤ ਸਣੇ 11 ਦੇਸ਼ਾਂ ਤੋਂ ਰਾਜਦੂਤ ਵਾਪਸ ਬੁਲਾਏ

**ਕਾਠਮੰਡੂ** : ਨੇਪਾਲ ਸਰਕਾਰ ਨੇ ਭਾਰਤ ਅਤੇ ਅਮਰੀਕਾ ਵਿਚਲੇ ਨੇਪਾਲੀ ਕਾਂਗਰਸ ਕੋਟੇ ਤਹਿਤ ਨਿਯੁਕਤ ਕੀਤੇ ਰਾਜਦੂਤਾਂ ਸਮੇਤ 11 ਦੇਸ਼ਾਂ ਤੋਂ ਆਪਣੇ ਰਾਜਦੂਤਾਂ ਨੂੰ ਵਾਪਸ ਬੁਲਾ ਲਿਆ ਹੈ। ਇਹ ਕਦਮ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਹਿਲ 'ਪ੍ਰਚੰਡ' ਵੱਲੋਂ ਨੇਪਾਲੀ ਕਾਂਗਰਸ ਨਾਲ ਗੱਠਜੋੜ ਖਤਮ ਕਰ ਕੇ ਕੇ ਪੀ ਸ਼ਰਮਾ ਓਲੀ ਨਾਲ ਹੱਥ ਮਿਲਾਉਣ ਦੇ ਤਿੰਨ ਮਹੀਨੇ ਬਾਅਦ ਚੁੱਕਿਆ ਗਿਆ ਹੈ।

## ਰਾਹੁਲ ਨੂੰ ਮਿਲੀ ਜ਼ਮਾਨਤ



**ਬੇਂਗਲੁਰੂ** : ਰਾਹੁਲ ਗਾਂਧੀ ਮਾਣਹਾਨੀ ਦੇ ਮਾਮਲੇ 'ਚ ਨਿੱਜੀ ਤੌਰ 'ਤੇ ਸ਼ੁੱਕਰਵਾਰ ਵਿਸ਼ੇਸ਼ ਅਦਾਲਤ ਅੱਗੇ ਪੇਸ਼ ਹੋਏ ਤੇ ਅਦਾਲਤ ਨੇ ਉਨ੍ਹਾ ਨੂੰ ਜ਼ਮਾਨਤ ਦੇ ਦਿੱਤੀ। ਕੇਸ ਭਾਜਪਾ ਦੀ ਕਰਨਾਟਕ ਇਕਾਈ ਨੇ ਪਿਛਲੇ ਸਾਲ ਰਾਜ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪ੍ਰਮੁੱਖ ਅਖਬਾਰਾਂ 'ਚ ਇਤਰਾਜ਼ਯੋਗ ਇਸ਼ਤਿਹਾਰ ਜਾਰੀ ਕਰਨ ਲਈ ਦਰਜ ਕਰਵਾਇਆ ਸੀ। ਇਨ੍ਹਾਂ 'ਚ ਸੂਬੇ ਦੀ ਤੱਤਕਾਲੀ ਭਾਜਪਾ ਸਰਕਾਰ 'ਤੇ 2019 ਤੋਂ 2023 ਤੱਕ ਆਪਣੇ ਸ਼ਾਸਨ ਦੌਰਾਨ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਕਰਨ ਦਾ ਦੋਸ਼ ਲਗਾਇਆ ਗਿਆ ਸੀ। 1 ਜੂਨ ਨੂੰ ਅਦਾਲਤ ਨੇ ਇਸ ਮਾਮਲੇ 'ਚ ਮੁੱਖ ਮੰਤਰੀ ਸਿੱਧਾਰਮਈਆ ਅਤੇ ਉਪ ਮੁੱਖ ਮੰਤਰੀ ਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਡੀ ਕੇ ਸ਼ਿਵਕੁਮਾਰ ਨੂੰ ਜ਼ਮਾਨਤ ਦੇ ਦਿੱਤੀ ਸੀ। ਅਦਾਲਤ ਨੇ ਰਾਹੁਲ ਨੂੰ 7 ਜੂਨ ਨੂੰ ਪੇਸ਼ ਹੋਣ ਲਈ ਕਿਹਾ ਸੀ।

## ਟਰੈਕਟਰ ਅਚਾਨਕ ਸਟਾਰਟ ਹੋ ਕੇ ਸੁੱਤੇ ਪਿਆਂ 'ਤੇ ਚੜ੍ਹਿਆ

**ਮੋਗਾ** : ਵੀਰਵਾਰ ਰਾਤ ਮੋਗਾ ਨੇੜਲੇ ਪਿੰਡ ਲੋਹਾਰਾ ਵਿਖੇ ਟਰੈਕਟਰ ਅਚਾਨਕ ਸਟਾਰਟ ਹੋ ਕੇ ਸੁੱਤੇ ਪਏ ਪਰਵਾਰਕ ਮੈਂਬਰਾਂ 'ਤੇ ਚੜ੍ਹ ਗਿਆ। 45 ਸਾਲਾ ਮਨਜੀਤ ਕੌਰ ਤੇ ਉਸ ਦਾ ਪੁੱਤਰ ਜ਼ਖਮੀ ਹੋ ਗਏ। ਮਨਜੀਤ ਕੌਰ ਨੂੰ ਮੋਗਾ ਦੇ ਸਿਵਲ ਹਸਪਤਾਲ ਦੇ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ।

## ਸ਼ੇਅਰ ਬਾਜ਼ਾਰ ਚੜ੍ਹਿਆ

**ਮੁੰਬਈ** : ਭਾਰਤੀ ਸ਼ੇਅਰ ਬਾਜਾਰ ਦਾ 30 ਸ਼ੇਅਰਾਂ ਵਾਲਾ ਸੈਂਸੈਕਸ ਸ਼ੁੱਕਰਵਾਰ 1,618.85 ਅੰਕ ਵੱਧ ਕੇ 76,693.36 ਦੇ ਨਵੇਂ ਸਰਬਕਾਲੀ ਉੱਚ ਪੱਧਰ 'ਤੇ ਬੰਦ ਹੋਇਆ, ਜਦ ਕਿ ਨਿਫਟੀ 468.75 ਅੰਕ ਚੜ੍ਹ ਕੇ 23,290.15 ਦੇ ਨਵੇਂ ਰਿਕਾਰਡ 'ਤੇ ਬੰਦ ਹੋਇਆ।

# ਕਿਸਾਨ ਜਥੇਬੰਦੀਆਂ ਵੱਲੋਂ ਕੰਗਣਾ ਖਿਲਾਫ ਐੱਫ ਆਈ ਆਰ ਦੀ ਮੰਗ

**ਚੰਡੀਗੜ੍ਹ** : ਕਿਸਾਨ ਜਥੇਬੰਦੀਆਂ ਨੇ ਵੀਰਵਾਰ ਚੰਡੀਗੜ੍ਹ ਹਵਾਈ ਅੱਡੇ 'ਤੇ ਕੰਗਣਾ ਰਣੌਤ ਨੂੰ ਕਥਿਤ ਤੌਰ 'ਤੇ ਥੱਪੜ ਮਾਰਨ ਵਾਲੀ ਸੀ ਆਈ ਐੱਸ ਐੱਫ ਕਾਂਸਟੇਬਲ ਕੁਲਵਿੰਦਰ ਕੌਰ ਨਾਲ ਖੜ੍ਹਨ ਦਾ ਫੈਸਲਾ ਕੀਤਾ ਹੈ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਸ਼ੁੱਕਰਵਾਰ ਮੁਅੱਤਲ ਕਾਂਸਟੇਬਲ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਬਾਲੀਵੁੱਡ ਅਦਾਕਾਰਾ ਰਣੌਤ ਨੇ ਕੁਲਵਿੰਦਰ ਨੂੰ 'ਖਾਲਿਸਤਾਨ ਕੌਰ' ਕਿਹਾ ਸੀ। ਕੁਲਵਿੰਦਰ ਨੇ ਦਾਅਵਾ ਕੀਤਾ ਸੀ ਕਿ ਉਸ ਦੀ ਮਾਂ 2020 ਦੇ ਕਿਸਾਨਾਂ ਦੇ ਪ੍ਰਦਰਸ਼ਨ ਦਾ ਹਿੱਸਾ ਸੀ, ਜਦੋਂ ਅਭਿਨੇਤਰੀ ਨੇ ਟਿੱਪਣੀ ਕੀਤੀ ਸੀ ਕਿ ਮਹਿਲਾ ਪ੍ਰਦਰਸ਼ਨਕਾਰੀਆਂ ਨੂੰ 100 ਰੁਪਏ 'ਚ ਕਿਰਾਏ 'ਤੇ ਲਿਆ ਜਾ ਸਕਦਾ ਹੈ। ਜਥੇਬੰਦੀਆਂ ਨੇ ਕਿਹਾ ਕਿ ਉਹ ਮਾਮਲੇ ਦੀ ਢੁਕਵੀਂ ਜਾਂਚ ਦੀ ਮੰਗ ਕਰਨ ਲਈ ਪੰਜਾਬ ਦੇ ਡੀ ਜੀ ਪੀ ਨੂੰ ਮਿਲਣਗੀਆਂ। ਉਨ੍ਹਾਂ ਕਿਹਾ ਕਿ ਕੁਲਵਿੰਦਰ ਨੂੰ ਇਨਸਾਫ ਦਿਵਾਉਣ ਲਈ 9 ਜੂਨ ਨੂੰ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਤੋਂ ਐੱਸ ਐੱਸ ਪੀ ਮੁਹਾਲੀ ਦੇ ਦਫਤਰ ਤੱਕ ਇਨਸਾਫ ਮਾਰਚ ਕੱਢਿਆ ਜਾਵੇਗਾ। ਆਗੂਆਂ ਨੇ ਚੰਡੀਗੜ੍ਹ ਹਵਾਈ ਅੱਡੇ ਦੀ ਘਟਨਾ ਤੋਂ ਬਾਅਦ ਕੰਗਣਾ ਰਣੌਤ ਵੱਲੋਂ ਵਰਤੇ ਗਏ ਸ਼ਬਦਾਂ 'ਤੇ ਵੀ ਇਤਰਾਜ਼ ਜਤਾਇਆ। ਪੰਜਾਬ ਦੇ ਲੋਕਾਂ ਨੂੰ ਵੱਖਵਾਦੀ ਕਹਿਣ 'ਤੇ ਉਨ੍ਹਾਂ ਅਭਿਨੇਤਰੀ ਖਿਲਾਫ ਐੱਫ ਆਈ ਆਰ ਦਰਜ ਕਰਨ ਦੀ ਮੰਗ ਕੀਤੀ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਸਰਬਜੀਤ ਸਿੰਘ ਪੰਧੇਰ ਨੇ ਦੱਸਿਆ ਕਿ ਕੁਲਵਿੰਦਰ ਦਾ ਭਰਾ ਉਨ੍ਹਾਂ ਦੀ ਜਥੇਬੰਦੀ ਦਾ ਹਿੱਸਾ ਸੀ ਅਤੇ ਕਿਸਾਨ ਅੰਦੋਲਨਾਂ 'ਚ ਸਰਗਰਮ ਸੀ।

## ਕੰਗਣਾ ਦੀ ਭੈਣ ਦਾ ਤਿੱਖਾ ਬਿਆਨ



**ਮੁੰਬਈ** : ਕੰਗਣਾ ਰਣੌਤ ਦੀ ਭੈਣ ਰੰਗੋਲੀ ਚੰਦੇਲ ਨੇ ਕੁਲਵਿੰਦਰ ਕੌਰ ਖਿਲਾਫ ਜੰਮ ਕੇ ਭੜਾਸ ਕੱਢਦਿਆਂ, ਉਸਨੂੰ ਖਾਲਿਸਤਾਨ ਤੋਂ ਪੈਸੇ ਮਿਲਣ ਦੀ ਗੱਲ ਤੱਕ ਕਹਿ ਦਿੱਤੀ। ਰੰਗੋਲੀ ਚੰਦੇਲ ਨੇ ਆਪਣੇ ਇੰਸਟਾਗ੍ਰਾਮ ਸਟੋਰੀਜ਼ 'ਤੇ ਲਿਖਿਆ—ਖਾਲਿਸਤਾਨਿਓ ਬਸ ਯਹੀ ਔਕਾਤ ਹੈ ਤੁਹਾਡੀ। ਪਿੱਛਿਓਂ ਪਲਾਨ ਕਰਨਾ ਤੇ ਹਮਲਾ ਕਰਨਾ। ਪਰ ਮੇਰੀ ਭੈਣ ਦੀ ਰੀੜ੍ਹ ਦੀ ਹੱਡੀ ਸਟੀਲ ਦੀ ਬਣੀ ਹੋਈ ਹੈ। ਉਹ ਖੁਦ ਹੀ ਇਸ ਮਾਮਲੇ ਨਾਲ ਨਜਿੱਠਣਾ ਜਾਣਦੀ ਹੈ। ਪਰ ਹੁਣ ਇਸ ਤੋਂ ਬਾਅਦ ਪੰਜਾਬ ਦਾ ਕੀ ਹੋਵੇਗਾ? ਕਿਸਾਨ ਅੰਦੋਲਨ ਖਾਲਿਸਤਾਨੀਆਂ ਦਾ ਅੱਡਾ ਸੀ, ਇਹ ਗੱਲ ਸਾਬਤ ਹੋ ਚੁੱਕੀ ਹੈ। ਕੁਲਵਿੰਦਰ ਕੌਰ ਨੂੰ ਸਸਪੈਂਡ ਕਰਨ ਨਾਲ ਕੋਈ ਫਰਕ ਨਹੀਂ ਪੈਂਦਾ। ਉਸਨੂੰ ਮੋਟੀ ਰਕਮ ਆ ਗਈ ਹੋਣੀ ਖਾਲਿਸਤਾਨੀਆਂ ਤੋਂ, ਉਸ ਨੂੰ ਰਿਮਾਂਡ 'ਤੇ ਲੈਣਾ ਪਵੇਗਾ।

## ਝੋਨਾ ਲਾਉਣ ਲਈ 11 ਤੋਂ ਮਿਲੇਗਾ ਨਹਿਰੀ ਪਾਣੀ

**ਚੰਡੀਗੜ੍ਹ** : ਸੂਬੇ ਵਿੱਚ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਦਾ ਸੱਦਾ ਦਿੱਤਾ।ਉਨ੍ਹਾ ਕਿਹਾ ਕਿ 11 ਜੂਨ ਤੋਂ ਕਿਸਾਨਾਂ ਨੂੰ ਨਹਿਰੀ ਪਾਣੀ ਨਿਰਵਿਘਨ ਸਪਲਾਈ ਕੀਤਾ ਜਾਵੇਗਾ ਕਿਉਂਕਿ ਨਹਿਰਾਂ ਦੀ ਗਾਰ ਕੱਢਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਮਾਨ ਨੇ ਦੱਸਿਆ ਕਿ 11 ਜੂਨ ਤੋਂ ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਮਾਨਸਾ, ਬਠਿੰਡਾ, ਫਾਜ਼ਿਲਕਾ, ਫਿਰੋਜ਼ਪੁਰ ਅਤੇ ਅੰਤਰਰਾਸ਼ਟਰੀ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਤੋਂ ਪਾਰ ਦੇ ਇਲਾਕਿਆਂ ਵਿੱਚ ਨਹਿਰੀ ਪਾਣੀ ਦੀ ਸਪਲਾਈ ਕੀਤੀ ਜਾਵੇਗੀ। ਇਸੇ ਤਰ੍ਹਾਂ 15 ਜੂਨ ਤੋਂ ਮੋਗਾ, ਸੰਗਰੂਰ, ਮਲੇਰਕੋਟਲਾ, ਪਟਿਆਲਾ, ਫਤਿਹਗੜ੍ਹ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਐੱਸ ਏ ਐੱਸ ਨਗਰ), ਰੂਪਨਗਰ, ਲੁਧਿਆਣਾ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਤਰਨ ਤਾਰਨ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਠਾਨਕੋਟ ਲਈ ਨਹਿਰੀ ਪਾਣੀ ਦੀ ਸਪਲਾਈ ਦਿੱਤੀ ਜਾਵੇਗੀ।ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਿੰਚਾਈ ਦੀਆਂ ਲੋੜਾਂ ਲਈ ਨਹਿਰੀ ਪਾਣੀ ਦੀ ਸਪਲਾਈ ਕਰਨ ਦਾ ਨਵਾਂ ਰਿਕਾਰਡ ਕਾਇਮ ਕਰਨ ਦੀ ਦਹਿਲੀਜ਼ 'ਤੇ ਹੈ।

ਉਨ੍ਹਾ ਕਿਹਾ ਕਿ ਜੇਕਰ ਕੋਈ ਵਿਅਕਤੀ ਨਹਿਰੀ ਪਾਣੀ ਦੀ ਸਪਲਾਈ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲੈਣਾ ਚਾਹੁੰਦਾ ਹੈ ਤਾਂ ਉਹ ਵੇਰਵੇ ਹਾਸਲ ਕਰਨ ਲਈ +91 96461-51466 'ਤੇ ਕਾਲ ਕਰ ਸਕਦਾ ਹੈ।

# ਰਾਸ਼ਨ 'ਚ ਕਟੌਤੀ ਦੀਆਂ ਅਫਵਾਹਾਂ ਬੇਬੁਨਿਆਦ : ਮਾਨ



**ਚੰਡੀਗੜ੍ਹ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਕਿਹਾ ਕਿ ਸੂਬਾ ਸਰਕਾਰ ਘਰ-ਘਰ ਰਾਸ਼ਨ ਸਕੀਮ ਤਹਿਤ ਲਾਭਪਾਤਰੀਆਂ ਨੂੰ ਰਾਸ਼ਨ ਦੀ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਲਈ ਪੂਰਨ ਤੌਰ 'ਤੇ ਵਚਨਬੱਧ ਹੈ। ਇਸ ਸਕੀਮ ਦਾ ਜਾਇਜ਼ਾ ਲੈਣ ਲਈ ਹੋਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੌੜੇ ਸਿਆਸੀ ਹਿੱਤਾਂ ਕਾਰਨ ਲੋਕਾਂ ਨੂੰ ਗੁੰਮਰਾਹ ਕਰਨ ਦੀਆਂ ਘਟੀਆ ਚਾਲਾਂ ਚੱਲਣ ਵਾਲੇ ਕੁਝ ਲੋਕਾਂ ਨੇ ਇਹ ਅਫਵਾਹ ਫੈਲਾਈ ਸੀ ਕਿ ਸੂਬਾ ਸਰਕਾਰ ਵੱਲੋਂ ਰਾਸ਼ਨ ਵਿੱਚ ਵੱਡੀ ਕਟੌਤੀ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਇਹ ਗੱਲ ਬਿਲਕੁਲ ਬੇਬੁਨਿਆਦ ਅਤੇ ਗੈਰ-ਵਾਜਬ ਹੈ ਕਿਉਂਕਿ ਇਸ ਸਕੀਮ ਤਹਿਤ ਸਾਰੇ ਲਾਭਪਾਤਰੀਆਂ ਨੂੰ ਇਹ ਸਹੂਲਤ ਮਿਲ ਰਹੀ ਹੈ ਅਤੇ ਉਨ੍ਹਾਂ ਨੂੰ ਪੂਰਾ ਰਾਸ਼ਨ ਦਿੱਤਾ ਜਾ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਸੂਬੇ ਭਰ ਦੇ ਸਾਰੇ ਡਿਪਟੀ ਕਮਿਸ਼ਨਰਾਂ ਤੋਂ ਇਸ ਸਬੰਧੀ ਰਿਪੋਰਟ ਪਹਿਲਾਂ ਹੀ ਮੰਗੀ ਹੋਈ ਹੈ ਤਾਂ ਜੋ ਲਾਭਪਾਤਰੀਆਂ ਨੂੰ ਇਸ ਸਕੀਮ ਦਾ ਬਕਾਇਦਾ ਲਾਭ ਮਿਲ ਸਕੇ।ਮੁੱਖ ਮੰਤਰੀ ਨੇ ਕਿਹਾ ਕਿ ਇਹ ਪੂਰੇ ਪੰਜਾਬ ਲਈ ਬੜੇ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਸੂਬਾ ਭਰ ਵਿੱਚ ਸਥਾਪਤ ਕੀਤੀਆਂ ਗਈਆਂ ਮਾਡਲ ਫੇਅਰ ਪ੍ਰਾਈਸ ਸ਼ਾਪਜ਼ (ਐਮ ਐਫ ਪੀ ਐਸ) ਰਾਹੀਂ ਲਾਭਪਾਤਰੀਆਂ ਨੂੰ ਰਾਸ਼ਨ ਵੰਡਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ 40.19 ਲੱਖ ਰਾਸ਼ਨ ਕਾਰਡਾਂ ਰਾਹੀਂ 1.54 ਕਰੋੜ ਲਾਭਪਾਤਰੀ ਰਾਸ਼ਨ ਪ੍ਰਾਪਤ ਕਰ ਰਹੇ ਹਨ ਅਤੇ ਇਹ ਸਹੂਲਤ ਹਰ ਤਰ੍ਹਾਂ ਨਾਲ ਜਾਰੀ ਰਹੇਗੀ। ਮਾਨ ਨੇ ਕਿਹਾ ਕਿ ਇਹ ਸਕੀਮ ਲੋਕਾਂ ਨੂੰ ਰਾਸ਼ਨ ਦੀ ਨਿਰਵਿਘਨ ਅਤੇ ਦਿੱਕਤ ਰਹਿਤ ਡਲਿਵਰੀ ਦੀ ਵਿਵਸਥਾ ਕਰਦੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਉਹ ਦਿਨ ਬੀਤ ਚੁੱਕੇ ਹਨ ਜਦੋਂ ਲੋਕਾਂ ਨੂੰ ਲੰਮੀਆਂ ਕਤਾਰਾਂ ਵਿੱਚ ਖੜ੍ਹੇ ਹੋ ਕੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਤਹਿਤ ਮਿਲਦਾ ਅਨਾਜ ਪ੍ਰਾਪਤ ਕਰਨ ਲਈ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ।

ਉਨ੍ਹਾ ਅਫ਼ਸੋਸ ਪ੍ਰਗਟ ਕੀਤਾ ਕਿ ਲੋਕਾਂ ਨੂੰ ਰੋਜ਼ਾਨਾ ਦੇ ਕੰਮ ਛੱਡਣ ਜਾਂ ਬੇਵਕਤ ਅਨਾਜ ਲੈਣ ਸਮੇਂ ਬਹੁਤੀ ਵਾਰੀ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਸੀ। ਮਾਨ ਨੇ ਕਿਹਾ ਕਿ ਹੁਣ ਲਾਭਪਾਤਰੀਆਂ ਦੇ ਘਰਾਂ ਦੇ ਨੇੜੇ ਰਾਸ਼ਨ ਦੀ ਵੰਡ ਕਰਕੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਲਾਭਪਾਤਰੀਆਂ ਨੂੰ ਰਾਸ਼ਨ ਲੈਣ ਲਈ ਖਾਸ ਕਰਕੇ ਖਰਾਬ ਮੌਸਮ ਵਿੱਚ ਕਤਾਰਾਂ ਵਿੱਚ ਖੜ੍ਹਨ ਦੀ ਲੋੜ ਨਹੀਂ ਪਵੇਗੀ। ਉਨ੍ਹਾਂ ਅੱਗੇ ਕਿਹਾ ਕਿ ਇਸ ਨਾਲ ਜਿੱਥੇ ਲੋਕਾਂ ਨੂੰ ਪੌਸ਼ਟਿਕ ਅਨਾਜ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ, ਉਥੇ ਹੀ ਉਨ੍ਹਾਂ ਦੇ ਸਮੇਂ, ਪੈਸੇ ਅਤੇ ਊਰਜਾ ਦੀ ਬੱਚਤ ਵੀ ਹੋਵੇਗੀ।

## ਅੱਜ-ਨਾਮਾ

ਖਬਰ ਪਹਿਲੀ ਤੋਂ ਦੂਜੀ ਵੀ ਆਏ ਤਿੱਖੀ,
ਤੀਸਰੀ ਓਦੋਂ ਵੀ ਜਾਂਦੀ ਫਿਰ ਟੱਪ ਬੇਲੀ।
ਪੜ੍ਹ ਕੇ ਚੌਥੀ ਨੂੰ ਨਹੀਂ ਯਕੀਨ ਆਉਂਦਾ,
ਇੰਜ ਹੈ ਜਾਪਦਾ ਹੋਵੇ ਜਿਉਂ ਗੱਪ ਬੇਲੀ।
ਪੰਜਵਾਂ ਆਖਦਾ ਸੁਣੋ ਇਹ ਖਬਰ ਤਾਜ਼ੀ,
ਕਹਿਣਗੇ ਲੋਕ ਜਾਹ ਛੱਡ ਲੈ ਸੱਪ ਬੇਲੀ।
ਵਿਰਲੀ ਖਬਰ ਕੁਝ ਚੱਜ ਦੀ ਮਸਾਂ ਆਵੇ,
ਪੈਂਦੀ ਰਹਿੰਦੀ ਆ ਸਿਖਰ ਦੀ ਖੱਪ ਬੇਲੀ।
ਖੱਪ, ਸੱਪ, ਬੱਸ ਗੱਪ ਤੱਕ ਖਬਰ ਰਹਿੰਦੀ,
ਸਮਾਜਿਕ ਭਲੇ ਦੀ ਹੋਵੇ ਨਹੀਂ ਗੱਲ ਬੇਲੀ।
ਮਾਨਸਿਕ ਰੋਗੀ ਬਣਾਏ ਪਏ ਲੋਕ ਜਾਪਣ,
ਲੱਭਦਾ ਕਦੇ ਨਹੀਂ ਇਹਦਾ ਹੈ ਹੱਲ ਬੇਲੀ।

-ਤੀਸ ਮਾਰ ਖਾਂ

## ਰੂਸ 'ਚ ਚਾਰ ਭਾਰਤੀ ਮੈਡੀਕਲ ਵਿਦਿਆਰਥੀ ਨਦੀ 'ਚ ਡੁੱਬੇ

**ਮਾਸਕੋ** : ਰੂਸ ਦੇ ਸੇਂਟ ਪੀਟਰਸਬਰਗ ਨੇੜੇ ਨਦੀ 'ਚ ਚਾਰ ਭਾਰਤੀ ਮੈਡੀਕਲ ਵਿਦਿਆਰਥੀਆਂ ਦੀ ਡੁੱਬਣ ਕਾਰਨ ਮੌਤ ਹੋ ਗਈ। ਇਨ੍ਹਾਂ ਦੀ ਉਮਰ 18-20 ਸਾਲ ਸੀ। ਮ੍ਰਿਤਕਾਂ ਦੀ ਪਛਾਣ ਮਹਾਰਾਸ਼ਟਰ ਦੇ ਹਰਸ਼ਲ ਅਨੰਤਰਾਓ ਦੇਸਲੇ, ਜੀਸ਼ਾਨ ਅਸ਼ਫਾਕ ਪਿੰਜਰੀ, ਜ਼ਿਆ ਫਿਰੋਜ਼ ਪਿੰਜਰੀ ਅਤੇ ਮਲਿਕ ਗੁਲਾਮਗੌਸ ਮੁਹੰਮਦ ਯਾਕੂਬ ਵਜੋਂ ਹੋਈ ਹੈ। ਨਿਸ਼ਾ ਭੂਪੇਸ਼ ਸੋਨਾਵਣੇ ਨਾਂਅ ਦੀ ਪੰਜਵੀਂ ਵਿਦਿਆਰਥਣ ਨੂੰ ਬਚਾਅ ਲਿਆ ਗਿਆ। ਜੀਸ਼ਾਨ ਤੇ ਜ਼ਿਆ ਭਰਾ-ਭੈਣ ਸਨ। ਇਹ ਵੇਲੀਕੀ ਨੋਵਗੋਰੋਦ ਸ਼ਹਿਰ ਨੇੜੇ ਨੋਵਗੋਰੋਦ ਸਟੇਟ ਯੂਨੀਵਰਸਿਟੀ 'ਚ ਪੜ੍ਹ ਰਹੇ ਸਨ। ਸਥਾਨਕ ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਵੋਲਖੋਵ ਨਦੀ 'ਤੇ ਬੀਚ ਤੋਂ ਬਾਹਰ ਨਿਕਲਣ ਵੇਲੇ ਭਾਰਤੀ ਵਿਦਿਆਰਥਣ ਫਸ ਗਈ ਅਤੇ ਉਸ ਦੇ ਚਾਰ ਸਾਥੀਆਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਬਚਾਉਣ ਦੀ ਕੋਸ਼ਿਸ਼ 'ਚ ਤਿੰਨ ਹੋਰ ਨਦੀ 'ਚ ਡੁੱਬ ਗਏ। ਇਕ ਨੂੰ ਲੋਕਾਂ ਨੇ ਸੁਰੱਖਿਅਤ ਬਾਹਰ ਕੱਢ ਲਿਆ।

## ਮੈਡੀਕਲ ਦਾਖਲਾ ਪ੍ਰੀਖਿਆ 'ਚ ਧਾਂਦਲੀ ਹੋਈ : ਕਾਂਗਰਸ

**ਨਵੀਂ ਦਿੱਲੀ** : ਕਾਂਗਰਸ ਨੇ ਮੈਡੀਕਲ ਦਾਖਲਾ ਪ੍ਰੀਖਿਆ ਨੀਟ (ਗ੍ਰੈਜੂਏਟ) 'ਚ ਧਾਂਦਲੀ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਇਸ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਹੋਣੀ ਚਾਹੀਦੀ ਹੈ, ਤਾਂ ਜੋ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਨਿਆਂ ਮਿਲ ਸਕੇ। ਨੀਟ ਦਾ ਨਤੀਜਾ 4 ਜੂਨ ਨੂੰ ਐਲਾਨਿਆ ਗਿਆ ਸੀ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਐਕਸ 'ਤੇ ਪੋਸਟ ਕੀਤਾ-ਪੇਪਰ ਲੀਕ, ਧਾਂਦਲੀ ਅਤੇ ਭ੍ਰਿਸ਼ਟਾਚਾਰ ਨੀਟ ਸਮੇਤ ਕਈ ਪ੍ਰੀਖਿਆਵਾਂ ਦਾ ਅਨਿੱਖੜਵਾਂ ਅੰਗ ਬਣ ਗਏ ਹਨ। ਇਸ ਲਈ ਮੋਦੀ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਨੀਟ ਮਾਮਲੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਹੋਵੇ ਤੇ ਪ੍ਰੀਖਿਆਰਥੀਆਂ ਨੂੰ ਇਨਸਾਫ ਮਿਲੇ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਨੀਟ ਬਾਰੇ ਗੰਭੀਰ ਦੋਸ਼ ਹਨ। ਇਕ ਸੈਂਟਰ ਦੇ 6 ਪ੍ਰੀਖਿਆਰਥੀਆਂ ਦੇ 720 ਵਿੱਚੋਂ 720 ਅੰਕ ਕਈ ਸੁਆਲ ਪੈਦਾ ਕਰਦੇ ਹਨ। ਨਤੀਜਾ ਆਉਣ ਬਾਅਦ ਦੇਸ਼-ਭਰ 'ਚ ਬੱਚਿਆਂ ਵੱਲੋਂ ਖੁਦਕੁਸ਼ੀ ਕਰਨ ਦੀਆਂ ਰਿਪੋਰਟਾਂ ਅੰਦਰੋਂ ਹਿਲਾ ਦੇਣ ਵਾਲੀਆਂ ਹਨ।

- ਮਹਾਬਲੀਦਾਨ ਬੰਦੀ ਦਿਵਸ ਮਹਾਰਾਜਾ ਬੰਦਾ ਬਹਾਦੁਰ ਭਾਰਦਵਾਜ (ਸ਼੍ਰੀਮਾਨ ਲਕਸ਼ਮਣ ਦੇਵ ਭਾਰਦਵਾਜ) - 750 ਧਰਮਵੀਰ ਸੈਨਿਕ ਬਲੀਦਾਨੀਆਂ - ਸਾਥੀਆਂ - ਮਹਾਵੀਰ ਚਾਰ ਸਾਲਾਂ ਬਲੀਦਾਨੀ ਗੁਰੂਕੁਲ ਬੇਟਾ ਅਜੈ ਭਾਰਦਵਾਜ ਨੂੰ ਲਖੋ ਲੱਖ ਪ੍ਰਣਾਮ (7 ਦਸੰਬਰ 1715 - 9 ਜੂਨ 1716) ਜਿਨ੍ਹਾਂ ਨੇ ਮੁਗਲੀਆ ਬਾਦਸ਼ਾਹ ਫ਼ਾਰੁਖਸਿਯਾ ਖਾਨ ਫੌਜ ਨਾਲ ਧਰਮਯੁੱਧ ਕਿੱਤਾ

॥ ਵੰਸ਼ਜ ਸਪਤ ਮਹਾਰਿਸ਼ੀ ਭਾਰਦਵਾਜ ॥

- ਮਹਾਬਲੀਦਾਨ ਦਿਵਸ ਮਹਾਰਾਣੀ ਝਾਂਸੀ ਲਕਸ਼ਮੀਬਾਈ ਬ੍ਰਾਹਮਣ - ਮਹਾਵੀਰ ਚਾਰ ਸਾਲਾਂ ਬਲੀਦਾਨੀ ਗੋਦ ਬੇਟਾ ਦਾਮੋਦਰ ਰਾਵ ਬ੍ਰਾਹਮਣ - ਹਜਾਰਾਂ ਧਰਮਵੀਰ ਸੈਨਿਕ ਬਲੀਦਾਨੀਆਂ - ਸਾਥੀਆਂ ਨੂੰ ਲਖੋ ਲੱਖ ਪ੍ਰਣਾਮ (ਅਪ੍ਰੈਲ 1857 - 18 ਜੂਨ 1858) ਜਿਨ੍ਹਾਂ ਨੇ ਬ੍ਰਿਟਿਸ਼ ਬਰਤਾਨੀ ਫੌਜ ਨਾਲ ਹਿੰਦੁਸਤਾਨ ਦੀ ਅਜਾਦੀ ਦੀ ਪਹਿਲੀ ਲੜਾਈ ਕਿੱਤੀ ( ਮਈ 1857)
- ਮਹਾਰਾਜਾ ਬੰਦਾ ਬਹਾਦੁਰ ਭਾਰਦਵਾਜ - 750 ਧਰਮਵੀਰ ਸੈਨਿਕਾਂ - ਚਾਰ ਸਾਲਾਂ ਅਜੈ ਭਾਰਦਵਾਜ ਦੇ ਮਹਾਬਲੀਦਾਨ ਦਾ ਭਾਜੀ ਮੋੜ ਬਦਲਾ ਸਨਾਤਨ ਧਰਮੀ ਹਿੰਦੂਆਂ ਨੇ ਮੁਗਲੀਆ ਬਾਦਸ਼ਾਹ ਫਾਰਖੁਸੀਆਰ ਦਾ ਵੂਚੜੀ ਕਤਲ ਕਰਕੇ ਲਿੱਤਾ।
- ਪਹਿਲਾ ਵਿਸ਼ਵ ਯੁੱਧ (ਇ 1914 - ਇ 1918) ਤੇ ਦੂਸਰਾ ਵਿਸ਼ਵ ਯੁੱਧ (ਇ 1939 - ਇ 1945) ਵਿਚ ਲੱਖਾਂ - ਹਜਾਰਾਂ ਬਲੀਦਾਨੀ - ਜਖਮੀ - ਸਨਾਤਨ ਧਰਮ ਸਮਾਜ ਹਿੰਦੂ ਫੋਜੀਆਂ ਜਿਨ ਕਰਕੇ ਭਾਰਤ ਹਿੰਦੁਸਤਾਨ ਨੂੰ 15 ਅਗਸਤ 1947 ਨੂੰ ਅਜਾਦੀ ਮਿਲੀ ਨੂੰ ਲਖੋ ਲੱਖ ਪ੍ਰਣਾਮ
- ਸਰਹਿੰਦ - ਅਫ਼ਗ਼ਾਨਿਸ਼ਟਾਂ - ਗੰਧਾਰ - ਪੰਜਾਬ ਦੇ ਬ੍ਰਾਹਮਣ ਹਿੰਦੂਸ਼ਾਹੀ ਸਮਾਜ ਦਾ ਇਤਿਹਾਸ।ਕਰਾਚੀ - ਸਿੰਧ - ਬਿਲੋਚਿਸਤਾਨ - ਮੁਲਤਾਨ ਦੇ ਬ੍ਰਾਹਮਣ ਹਿੰਦੂਸ਼ਾਹੀ ਸਾਮਰਾਜ ਦਾ ਇਤਿਹਾਸ । ਕਸਮੀਰ - ਜਮੂ - ਪੁੰਛ ਦੇ ਬ੍ਰਾਹਮਣ ਹਿੰਦੂਸ਼ਾਹੀ ਸਾਮਰਾਜ ਦਾ ਇਤਿਹਾਸ

ਪ੍ਰਾਚੀਨਕਾਲ ਸਮੇ ਵਿਚ ਮਹਾਰਿਸ਼ੀ ਪਰਾਸ਼ਰ ਦੀ ਕਿਤਾਬ ਪਰਾਸ਼ਰ ਤੰਤਰਾ ਤੇ ਮਹਾਗੁਰੂ ਵਰਾਹ ਮਾਹਿਰਾਂ ਦੀ ਕਿਤਾਬ ਵਰਿਹਤ ਸਹਿੰਤਾ ਮੁਤਾਬਕ ਸਰਹਿੰਦ ਦਾ ਪ੍ਰਾਚੀਨ ਨਾਮ ਸਤੁਦਰ ਦੇਸ਼ ਸੀ ਜਿਸਦੇ ਨਾਲ ਸਤਲੁਜ ਦਰਿਆ ਨਦੀ ਜਿਸਦਾ ਪ੍ਰਾਚੀਨ ਨਾਮ ਸਤਾਦਰੁ ਦਰਿਆ ਨਦੀ ਵਗਦੀ ਜਾਂਦੀ ਸੀ।

ਮਧਿਆਕਾਲ ਸਮੇ ਵਿਚ ਅਰਬੀ ਇਤਿਹਾਸਕਾਰ ਅਲ ਵਰੁਨੀ (ਈ. 973-ਈ. 1048) ਦੀ ਕਿਤਾਬ ਤਰਿਖੇ-ਏ-ਹਿੰਦ ਕਿਤਾਬ ਦੇ ਅਨੁਸਾਰ ਮੁਤਾਬਕ ਈਸਵੀ 822 ਨੂੰ ਮਹਾਰਾਜਾ ਕਲਾਰਦੇਵ ਸ਼ਾਹ ਬ੍ਰਾਹਮਣ (ਲਾਲੀਆਂ) ਨੇ ਇਸਲਾਮੀ ਤੁਰਕ ਸ਼ਾਹੀ ਮਹਾਰਾਜਾ ਨੂੰ ਕਤਲ ਕਰਕੇ ਅਫਗਾਨਿਸਤਾਨ - ਪੰਜਾਬ - ਗੰਧਾਰ ਤੇ ਕਾਬੂਲ ਬ੍ਰਾਹਮਣ ਹਿੰਦੂ ਸ਼ਾਹੀ ਸਾਮਰਾਜ ਦੀ ਸਥਾਪਨਾ ਕਿੱਤੀ । ਅਤੇ 1026 ਈਸਵੀ ਤੱਕ ਅੱਠ (8) ਰਾਜਿਆਂ ਨੇ ਰਾਜ ਕੀਤਾ। ਅਤੇ ਮੁੱਹਮਦ ਗੌਰੀ ਤੇ ਮਹਿਮੂਦ ਗਜ਼ਨਵੀ ਨਾਲ ਬਹੁਤ ਸਾਰੀਆਂ ਲੜਾਈਆਂ ਜੰਗ ਲੜਿਆ ਤੇ ਜਿਤਿਆ ਹਾਰਿਆ। ਸਰਹਿੰਦ ਬ੍ਰਾਹਮਣ ਹਿੰਦੁਸ਼ਾਹੀ ਸਾਮਰਾਜ ਦੀ ਪੂਰਬੀ ਸਰਹੱਦ ਤੇ ਸੈਨਿਕ ਛਾਉਣੀ ਸੀ। ਈਨਾ ਨੇ ਬ੍ਰਾਹਮਣ ਹਿੰਦੂ ਸ਼ਾਹੀ ਸਾਮਰਾਜ ਦੇ ਚਾਂਦੀ ਦੇ ਸਿੱਕੇ ਘੜੇ ਤੇ ਚਲਾਏ। ਇਨਾ ਸਿੱਕਿਆਂ ਤੇ ਪਗੜੀ ਧਾਰੀ ਘੋੜਸਵਾਰ ਤੇ ਬੈਲ ਤ੍ਰਿਸ਼ੂਲ ਦੀ ਤਸਵੀਰ ਦੇ ਨਾਗਰੀ ਲਿਪੀ ਵਿਚ ਰਾਜ ਭਾਸ਼ਾ ਸੰਸਕ੍ਰਿਤ ਲਿਖਤ ਲਿਖੀ ਹੋਇ ਹੁੰਦੀ ਸੀ । ਇਨ੍ਹਾਂ ਦੇ ਸਾਮਰਾਜ ਵਿਚ ਬਹੁਤ ਸਾਰੀਆਂ ਮਾਂ ਬੋਲੀਆਂ ਬੋਲਿਆ ਜਾਂਦੀ ਸੀ। ਇਨਾ ਦੇ ਸੈਨਿਕ ਪਰਿਵਾਰੀਕ - ਵਿਵਾਹਿਕ ਰਿਸ਼ਤੇ ਕਸ਼ਮੀਰ ਸਾਮਰਾਜ ਦੇ ਲੋਹਾਰ ਪੁੰਛ ਰਾਜਸ਼ਾਹੀ ਰਾਜਿਆ ਨਾਲ ਸੀ। ਮਹਾਰਾਜਾ ਭੀਮਦੇਵਸ਼ਾਹ ਬ੍ਰਾਹਮਣ ਦੀ ਪੋਤੀ ਮਹਾਰਾਣੀ ਦੀਦਾ ਬ੍ਰਾਹਮਣ ਦਾ ਵਿਆਹ ਕਸ਼ਮੀਰ ਦੇ ਲੋਹਾਰ ਰਾਜਸ਼ਾਹੀ ਮਹਾਰਾਜਾ ਕਾਸ਼ੇਮਗੁਪਤ ਬ੍ਰਾਹਮਣ ਨਾਲ ਹੋਆ ਸੀ। ਇਨਾ ਦੀ ਰਾਜਧਾਨੀ ਕਾਬੁਲ - ਉਦਭਣਦਾਪੁਰਾ (ਹੁੰਦ) - ਲਾਹੌਰ - ਨੰਦਾਨਾ ਵਿਚ ਸਮੇਂ ਸਮੇਂ ਵਿਚ ਰਹੀ। ਈਸਵੀ 1008 ਵਿੱਚ, ਮਹਿਮੂਦ ਗਜ਼ਨਵੀ ਨੇ ਚੱਚ ਦੀ ਜੰਗ ਲੜਾਈ ਮਹਾਰਾਜਾ ਆਨੰਦਪਾਲਸ਼ਾਹ ਬ੍ਰਾਹਮਣ ਨਾਲ ਕਿਤੀ ਮਹਾਰਾਣੀ ਦੀਦਾ ਬ੍ਰਾਹਮਣ ਨੇ ਕਸ਼ਮੀਰ ਦੇ ਸੈਨਾਪਤੀ - ਪ੍ਰਧਾਨਮੰਤਰੀ ਤੁੰਗਾ ਨਾਲ, ਕਸ਼ਮੀਰੀ ਸੈਨਾ, ਮਹਾਰਾਜਾ ਆਨੰਦਪਾਲਸ਼ਾਹ ਬ੍ਰਾਹਮਣ ਦੀ ਸਹਾਇਤਾ ਵਾਸਤੇ ਭੇਜਿ। ਈਸਵੀ 1030 ਨੂੰ ਮਹਾਰਾਜਾ ਤ੍ਰਿਲੋਚਨਪਾਲ ਸ਼ਾਹ ਬ੍ਰਾਹਮਣ ਦੀ ਮਹਿਮੂਦ ਗਜਨਵੀ ਨਾਲ ਜੰਗ ਲੜਾਈ ਹੋਈ ਤੇ ਡਟ ਕੇ ਮੁਕਾਬਲਾ ਕਿੱਤਾ ਤੇ ਮਹਿਮੂਦ ਗਜ਼ਨਵੀ ਬਾਦਸ਼ਾਹ ਨਾਲ ਜੰਗਾਂ ਲੜਾਈਆਂ ਜਾਰੀ ਰੱਖਿਆ।

ਕਸ਼ਮੀਰੀ ਬ੍ਰਾਹਮਣ ਹਿੰਦੂਸ਼ਾਹੀ ਲੋਹਾਰ ਰਾਜ ਵੰਸ ਦੀ ਸਥਾਪਨਾ ਇਸਵੀ 939 ਨੂੰ ਮਹਾਰਾਜਾ ਯਸ਼ਅਸਕਰ ਸ਼ਾਹ ਬ੍ਰਾਹਮਣ ਨੇ ਕਿੱਤੀ। ਮਹਾਰਾਣੀ ਦਿੱਦਾ ਬ੍ਰਾਹਮਣ ਇਸ ਰਾਜਵੰਸ਼ ਦੀ ਬੜੀ ਬੁੱਧੀਮਾਨ - ਬਹਾਦੁਰ - ਮਹਾਰਾਣੀ ਸੀ ਇਸ ਲੋਹਾਰ ਰਾਜ ਵੰਸ਼ ਦੇ ਮਹਾਰਾਜੇ - ਮਾਹਾਰਾਨੀਆਂ ਨੇ ਈਸਵੀ 1320 ਤਕ ਰਾਜ ਕਿੱਤਾ ਤੇ ਮੁਗ਼ਲ ਬਾਦਸ਼ਾਹ ਮਹਮੂਦ ਗਜਨਵੀ ਨੂੰ ਇਸਵੀ 1015 ਤੇ ਇਸਵੀ 1023 ਵਿਚ ਜੰਗ ਲੜਾਈ ਵਿਚ ਹਰਾਇਆ। ਕਾਬੁਲ ਬ੍ਰਾਹਮਣ ਹਿੰਦੂਸ਼ਾਹੀ ਮਹਾਰਾਜਾ ਭੀਮਦੇਵਸ਼ਾਹ ਬ੍ਰਾਹਮਣ ਮਹਾਰਾਣੀ ਦਿੱਦਾ ਬ੍ਰਾਹਮਣ ਦਾ ਨਾਨਾ ਸੀ

ਸਿੰਧ ਬ੍ਰਾਹਮਣ ਹਿੰਦੁਸ਼ਾਹੀ ਚਚ ਰਾਜ ਵੰਸ਼ ਦੀ ਸਥਾਪਨਾ ਈਸਵੀ 632 ਨੂੰ ਮਹਾਰਾਜਾ ਚਚਸੇਨ ਸ਼ਾਹ ਬ੍ਰਾਹਮਣ ਨੇ ਕਿੱਤੀ। ਮਹਾਰਾਜਾ ਦਾਹਿਰ ਸੇਨ ਸ਼ਾਹ ਬ੍ਰਾਹਮਣ ਇਸ ਰਾਜਵੰਸ਼ ਦਾ ਬੜਾ ਬੁੱਧੀਮਾਨ - ਬਹਾਦਰ ਮਹਾਰਾਜਾ ਸੀ। ਇਸ ਨੇ ਈਸਵੀ 712 ਵਿਚ ਅਰਬੀ ਖਲੀਫਾ ਉਮਾਯਦ ਦੇ ਫੌਜਦਾਰ ਮੁੱਹਮਦ ਬਿਨ ਕਾਸਿਮ ਨਾਲ ਜੰਗ ਲੜਾਈ ਕਰਦੇ ਬਲੀਦਾਨੀ ਪਾਈ। ਇਸ ਦਾ ਬੇਟਾ ਮਹਾਰਾਜਾ ਜੈਸਿੰਘ ਬ੍ਰਾਹਮਣ ਰਾਜਗੱਦੀ ਤੇ ਬੈਠਾ ਤੇ ਇਸਵੀ 725 ਤਕ ਰਾਜ ਕਿੱਤਾ ਤੇ ਅਨੇਕਾਂ ਜੰਗ ਲੜਾਈਆਂ ਕਿੱਤਿਆਂ।

- ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਦਾ ਜਨਮ 16 ਅਕਤੂਬਰ 1670 ਨੂੰ ਪੁੰਛ ਰਾਜੋਰੀ ਵਿਚ ਪਿਤਾ ਸ਼੍ਰੀ ਰਾਮਦੇਵ ਭਾਰਦਵਾਜ ਅਤੇ ਮਾਤਾ ਸ਼੍ਰੀਮਤੀ ਸੁਲਕਸ਼ਣਾ ਦੇਵੀ ਭਾਰਦਵਾਜ ਦੇ ਘਰ ਹੋਆ ਮਾਤਾ ਮਹਾਰਿਸ਼ੀ ਮੋਦੀਗਿਲ ਦੇ ਵੰਸ਼ਜ ਸੀ।
- ਮਹਾਰਿਸ਼ੀ ਭਾਰਦਵਾਜ ਜੀ ਨੇ ਫੌਜੀ ਗ੍ਰੰਥ ਲਿਖਿਆ - ਧਨੁਰਵੇਦ - ਹਵਾਈ ਸੈਨਾ ਦੇ ਜਹਾਜ਼ ਦੀ ਕਿਤਾਬ - ਵਿਮਾਨਿਕਾ ਸ਼ਾਸਤਰ - ਭਾਰਧਵਾਜ ਸਹਿੰਤਾ - ਭਾਸ਼ਾ ਵਿਆਕਰਣ ਪੁਸਤਕ - ਭਾਰਦਵਾਜ ਸਿੱਖਿਆ - ਧਰਮਰਾਜ ਨੀਤੀ ਪੁਸਤਕ - ਨੈਤਿਕਤਾ - ਆਯੁਰਵੇਦ ਗ੍ਰੰਥ - ਚਰਕ ਸਾਹਿੰਤਾ, ਇੱਕ ਹਿੱਸਾ ਜੋ ਬਾਲ ਹਿੰਦੂ ਧਰਮ ਹੈ ਮੂਲ ਪਾਠ ਹੈ।
- ਮਹਾਗੁਰੂ ਦਰੋਣਾਚਾਰੀਆ ਭਾਰਧਵਾਜ - ਗੁਰੂ ਅਸ਼ਵਧਾਮਾ ਭਾਰਧਵਾਜ ਸਪਤ ਮਹਾਰਿਸ਼ੀ ਭਾਰਧਵਾਜ ਦੇ ਵੰਸ਼ਜ ਸਨ।ਮਹਾਰਾਜਾ ਪੁਸ਼ਿਆਮਿੱਤਰ ਸੁਗਾ ਭਾਰਦਵਾਜ - ਨੇ 185 ਈਸਾ ਪੂਰਵ ਵਿੱਚ ਮਗਧ ਰਾਜ ਦੀ ਸਥਾਪਨਾ ਕੀਤੀ ਅਤੇ ਉਸਦੇ ਪੁੱਤਰ ਮਹਾਰਾਜਾ ਅਗਨਿਮਿਤਰ ਭਾਰਦਵਾਜ - ਮਹਾਰਾਜਾ ਦੇਵਮੁਤੀ ਭਾਰਦਵਾਜ ਨੇ 73 ਈਸਾ ਪੂਰਵ ਤੱਕ 112 ਸਾਲ ਰਾਜ ਕੀਤਾ।
- ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਨੇ ਦੱਖਣ ਭਾਰਤ ਮਹਾਰਾਸ਼ਟਰ ਵਿੱਚ ਗੋਦਾਵਰੀ ਨਦੀ ਦੇ ਕੰਢੇ ਨਾਂਦੇੜ ਸਥਾਨ ਉੱਤੇ ਆਪਣਾ ਗੁਰੂਕੁਲ ਅਤੇ ਅਖਾੜਾ-ਛਾਉਣੀ ਗੋਉਸ਼ਾਲਾ ਸਥਾਪਿਤ ਕੀਤੀ ਅਤੇ ਭਾਰਤ ਦੇ ਸਾਰੇ ਰਾਜਾ ਵਿੱਚ ਹਜ਼ਾਰਾ ਗੁਰੂਕੁਲਨ ਵਣਈਆ ਜਿਸ ਵਿੱਚ ਪੰਜਾਬ ਹਿਮਾਚਲ ਜੰਮੂ ਹਰਿਆਣਾ ਉੱਤਰ ਪ੍ਰਦੇਸ਼ ਮੱਧ ਪ੍ਰਦੇਸ਼ ਰਾਜਸਥਾਨ ਗੁਜਰਾਤ ਸਿੰਧ ਲਾਹੌਰ ਦੇਹਲੀ ਜੈਲਮ। ਰਾਵਲਪਿੰਡੀ ਦੇ ਸਨਾਤਨ ਧਾਮੀ ਹਿੰਦੂ ਵੀਰ ਵਾਲਕ ਸ਼ਿਸ਼ਏ ਭਰਤੀ ਕਿਤੇ ਜਾਂਦੇ ਅਤੇ ਉਨ੍ਹਾਂ ਨੂੰ ਸ਼ਾਸਤਰ ਵਿਦਿਆ - ਅਸਤਰ ਸ਼ਾਸਤਰ ਵਿਦਿਆ - ਤਲਵਾਰਬਾਜ਼ੀ - ਘੋੜ ਸਵਾਰੀ - ਨੇਜੇਬਾਜੀ - ਬੰਦੂਕਬਾਜ਼ੀ - ਗੱਦਾਬਜੀ - ਕੁਸ਼ਤੀ - ਕਬੱਡੀ - ਯੋਗਾ ਸਿਖਾਇ ਜ਼ਾਦੀ। ਅਤੇ ਮੁਗਲਾ ਅਫਗਾਨਾ ਤੁਰਕਾ ਨਾਲ ਲੜਾਈਆਂ ਕੀਤੀਆਂ ਜਾਂਦੀਆਂ ਤੇ ਜਿੱਤੀਆਂ ਜਾਂਦੀਆਂ
- ਛਤਰਪਤੀ ਸ਼ਿਵਾਜੀ ਮਹਾਰਾਜ ਭੋਸਲੇ ਯਾਦਵ ਦੇ ਧਾਰਮਿਕ ਗੁਰੂ ਸਮਰਥ ਰਾਮਦਾਸ ਬ੍ਰਾਹਮਣ ਨੂੰ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਨੇ ਆਪਣਾ ਗੁਰੂ ਮੰਨ ਲਿਆ ਸੀ।
- ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਜੀ ਨੇ 12 ਮਈ ਤੋਂ 16 ਮਈ 1710 ਤੱਕ ਚੱਪੜਚਿੜੀ ਦੇ ਮੈਦਾਨ ਵਿੱਚ ਮੁਗਲੀਆ ਸਰਹਿੰਦ ਸੂਬੇਦਾਰ ਵਜ਼ੀਰ ਖਾਨ - ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਨ - ਨਵਾਬ ਰੋਪੜ ਨਵਾਬ ਰਾਏਕੋਟ ਦੀ ਫੌਜ ਨੂੰ ਹਰਾਇਆ ਇਸ ਲੜਾਈ ਵਿੱਚ ਸੂਬੇਦਾਰ ਵਜ਼ੀਰ ਖਾਨ ਮਾਰਿਆ ਗਿਆ ਅਤੇ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਨੇ ਨਵਾਬ ਮਲੇਰਕੋਟਲਾ ਨੂੰ ਚਾਰੇ ਬਾਹਾਂ ਅਤੇ ਲੱਤਾਂ ਨਾਲ ਗਰਦਨ ਮਰੋੜ ਕੇ ਅਪਾਹਜ ਕਰ ਦਿੱਤਾ ਅਤੇ ਕੁਝ ਮਹੀਨਿਆਂ ਬਾਅਦ ਉਸਦੀ ਮੌਤ ਹੋ ਗਈ। ।

**ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਜੀ ਨੇ ਸੂਬਾ ਸਰਹਿੰਦ ਨੂੰ ਜਿੱਤ ਕੇ ਪੰਚਾਇਤੀ ਲੋਕਰਾਜ ਸਥਾਪਤਿ ਕੀਤਾ - ਖਾਨਦਾਨੀ ਮਾਲਕੀ - ਜਾਮੀਨਦਾਰੀ - ਜਾਗੀਰਦਾਰੀ - ਗੁਲਾਮਸ਼ਿਰੀ ਪ੍ਰਥਾ ਨੂੰ ਖਤਮ ਕੀਤਾ ਸਾਰੀ ਜਮੀਨ ਗ੍ਰਾਮ ਪੰਚਾਇਤ ਦੀ ਮਾਲਕੀ ਕਰ ਦਿਤੀ ਪਿੰਡ ਦਾ ਹਰੇਕ ਜਾਤੀ ਧਰਮ ਦਾ ਆਦਮੀ ਪਰਿਵਾਰ ਗ੍ਰਾਮ ਪੰਚਾਇਤ ਕੋਲੋਂ ਜਮੀਨ ਲੈਕੇ ਕਿਸਾਨੀ ਖੇਤੀ ਕਰ ਸਕਦਾ ਸੀ।**

- ਫਰਵਰੀ 1716 ਵਿਚ ਮੁਗਲ ਬਾਦਸ਼ਾਹ ਫਰੂਖਸੀਅਰ ਦੀ ਫੌਜ, ਮਹਾਰਾਜਾ ਬੰਦਾ ਬਹਾਦਰ ਭਾਰਦਵਾਜ - 750 ਧਰਮਵੀਰ ਸਿਪਾਹੀ - ਗੁਰੂਕੁਲ ਦੇ ਸਿਸਯ ਪੁੱਤਰ ਚਾਰ ਸਾਲ ਅਜੈਭਰਦਵਾਜ ਨੂੰ ਕੈਦ ਕਰ ਦਿੱਤਾ, ਅਤੇ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਦੇ ਹਜ਼ਾਰਾਂ ਸਿਪਾਹੀ ਉਸ ਦਾ ਸਾਥ ਛੱਡ ਗਏ ਮੁਗਲਾਂ ਨੂੰ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ। ਇਹਨਾਂ ਸਾਰਿਆਂ ਨੂੰ ਮੁਗਲ ਬਾਦਸ਼ਾਹ ਫਾਰੂਖਸੀਅਰ ਨੂੰ ਜਾਮੀਨਦਾਰੀਆਂ - ਜਾਗੀਰਦਾਰੀਆਂ ਦੀਤੀਆਂ ਅਤੇ ਫੌਜੀ ਮਦਦ ਦਿੱਤੀ ਗਈ ਸੀ।
- ਮੁਗਲ ਬਾਦਸ਼ਾਹ ਫਰੂਖਸੀਅਰ ਖਾਨ ਨੇ 9 ਜੂਨ 1716 ਨੂੰ ਦਿੱਲੀ ਦੇ ਮਹਿਰੋਲੀ ਸਥਾਨ 'ਤੇ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ - ਗੁਰੂਕੁਲ ਦੇ ਚੇਲੇ, ਚਾਰ ਸਾਲ ਦੇ ਪੁੱਤਰ ਅਜੈ ਭਾਰਦਵਾਜ ਦੇ 750 ਧਰਮਵੀਰ ਸਿਪਾਹੀ - ਅੱਖਾਂ ਪਾੜ ਕੇ - ਜੀਭ ਵੱਢ ਕੇ - ਮਾਸ ਵੱਢ ਕੇ - ਕੱਟ ਕੇ ਅਤੇ ਅਜੈ ਭਾਰਦਵਾਜ ਦਾ ਦਿਲ ਬੰਦਾ ਬਹਾਦਰ ਦੇ ਮੂੰਹ ਵਿਚ ਠੂਸਿਆ ਤੇ ਗਰਮ ਜਮੂਰਾਂ ਨਾਲ ਸ਼ਰੀਰ ਮਾਸ ਨੋਚੀਆਂ ਤੇ ਟੋਟੇ ਟੋਟੇ ਕਰਕੇ ਸਾਰੀਆਂ ਨੂੰ ਕਤਲ ਕਰ ਦਿੱਤਾ

**ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਜੀ ਦਿ ਮੌਤ ਦਾ - 750 ਧਰਮਵੀਰ ਸੈਨਿਕਾ - 4 ਸਾਲਾ ਅਜੇ ਭਾਰਦਵਾਜ ਦੀ ਮੋਤ ਦਾ ਭਾਜੀਮੋੜ ਬਦਲਾ ਸਨਾਤਨ ਧਰਮੀ ਹਿੰਦੂਆਂ ਨੇ ਮੁਗਲੀਆ ਬਾਦਸ਼ਾਹ ਫਰਖੁਸਿਯਾਰ ਦਾ ਵੂਚੜੀ ਕਤਲ ਕਰਕੇ ਲਿਆ**

- ਮੁਗਲ ਬਾਦਸ਼ਾਹ ਫਾਰੂਖਸੀਅਰ ਖਾਨ ਔਰੰਗਜ਼ੇਬ ਦੇ ਉੱਤਰਾਧਿਕਾਰੀ ਸਨ 28 ਫਰਵਰੀ 1719 ਤੋਂ 29 ਅਪ੍ਰੈਲ 1719 ਨੂੰ ਹਿੰਦੂ ਰਾਜਸ਼ਾਹੀ ਫੌਜ ਦੇ ਮਰਾਠਾ ਛਤਰਪਤੀ ਸ਼ਾਹੂਜੀ ਮਹਾਰਾਜ ਭੋਸਲੇ ਯਾਦਵ - ਪ੍ਰਧਾਨ ਮੰਤਰੀ ਵਲਜੀ ਵਿਸ਼ਵਨਾਥ ਬ੍ਰਾਹਮਣ - ਸੈਨਾਪਤੀ ਬਾਜੀਰਾਓ ਬ੍ਰਾਹਮਣ (ਅਗਲਾ ਪੇਸ਼ਵਾ) ਦੀ ਹਿੰਦੂ ਰਾਜਸ਼ਾਹੀ ਦੇ 1600 ਸਿਪਾਹੀਆਂ ਨੇ ਪੂਰੀ ਦਿੱਲੀ ਨੂੰ ਘੇਰ ਲਿਆ ਅਤੇ 400 ਸਿਪਾਹੀਆਂ ਨੇ ਲਾਲ ਕਿਲੇ ਦੇ ਅੰਦਰ ਵੜ ਕੇ ਹਮਲਾ ਕਰ ਦਿੱਤਾ । ਅਤੇ ਸਾਰੀ ਦਿੱਲੀ ਲੁੱਟ ਲਈ - ਇੱਟ ਨਾਲ ਇੱਟ ਵਜਾ ਦਿੱਤੀ - ਮੁਗਲ ਬਾਦਸ਼ਾਹ ਫਰੂਖਸੀਅਰ ਖਾਨ ਨੂੰ ਲਾਲ ਕਿਲੇ ਵਚਿਹ ਫੜ ਕੇਦ ਲਿਆ ਅਤੇ ਉਸਦੇ ਨੱਕ ਵਿੱਚ ਮੇਖ ਪਾ ਦਿੱਤੀ - ਜਨਾਨੀ ਕੱਪੜੇ ਪਹਿਨੇ ਅਤੇ ਉਸਦਾ ਮੂੰਹ ਕਾਲਾ ਕਰ ਦਿੱਤਾ ਅਤੇ ਅੱਖਾਂ ਫੋੜ ਕੇ ਅਤੇ ਜੀਭ ਕੱਟ ਕੇ ਦਿੱਲੀ ਦੇ ਦੁਆਲੇ ਘੁੰਮਿਆ। ਛਾਤੀ - ਦਿਲ ਨੂੰ ਕੱਟਣਾ ਅਤੇ ਉਸਦੇ ਮੂੰਹ ਵਿੱਚ ਪਾਉਣਾ - ਕਨਾਂ ਵਿੱਚੋ ਸਾਰੀਆਂ ਕੱਢ ਕੇ - ਸ਼ਰੀਰ - ਹਥਾਂ - ਪੈਰਾਂ ਦੇ ਟੋਟੇ ਟੋਟੇ ਕਰਕੇ ਉਸਨੂੰ ਵੂਚੜੀ ਤਰੀਕੇ ਨਾਲ ਮਾਰਿਆ ਗਿਆ। ਅਤੇ ਮੁਗਲ ਸਾਮਰਾਜ ਨੂੰ ਹਿੰਦੂ ਰਾਜਸ਼ਾਹੀ ਮਰਾਠਾ ਰਾਜ ਅਧੀਨ ਲੈ ਲਿਆ। ਅਤੇ ਦਿੱਲੀ ਦਾ ਹਰ ਮੁਗਲ ਬਾਦਸ਼ਾਹ ਹਿੰਦੂ ਰਾਜਸ਼ਾਹੀ ਮਰਾਠਾ ਹਿੰਦੂਰਾਜ ਦੇ ਅਨੁਸਾਰ ਤਖਤ ਤੇ ਬੈਠਦਾ ਸੀ ਅਤੇ ਸਾਲਾਨਾ ਸਰਦੇਸਮੁਖੀ ਅਤੇ ਚੌਥ, ਹਿੰਦੂ ਰਾਜਸ਼ਾਹੀ ਮਰਾਠਾ ਹਿੰਦੂਰਾਜ ਨੂੰ ਦਿੰਦਾ ਸੀ।

ਲੇਖਕ - ਡਾਕਟਰ ਰਾਜਿੰਦਰ ਸ਼ਰਮਾ - ਮੋਬਾਈਲ - 89688-91211, ਸਨਾਤਨ ਧਰਮ ਹਿੰਦੂ ਸਮਾਜ ਗਿਆਨ ਹਿਤ ਲੇਖਪੱਤਰ ਸੰਦੇਸ਼। ਇਹ ਵਿਗਿਆਪਣ ਨਹੀਂ ਹੈ।

## ਬਾਬਾ ਗੁਰਮੁਖ ਸਿੰਘ ਦਾ ਮੋਤੀ ਰਾਮ ਮਹਿਰਾ ਟਰੱਸਟ ਵੱਲੋਂ ਸਨਮਾਨ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇਥੇ ਦੀਵਾਨ ਟੋਡਰ ਮੱਲ ਜੀ ਦੇ ਵੰਸ਼ ਵਿੱਚੋਂ ਬਾਬਾ ਗੁਰਮੁੱਖ ਸਿੰਘ ਵੱਲੋਂ ਫਤਿਹਗੜ੍ਹ ਸਾਹਿਬ ਵਿਖੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਅਤੇ ਅੱਤ ਦੀ ਪੈ ਰਹੀ ਗਰਮੀ ਵਿੱਚ ਦਿੱਲੀ ਤੋਂ ਆ ਕੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ, ਜਿੱਥੇ ਗੁਰਦੁਆਰਾ ਸਾਹਿਬ ਤੇ ਹੋਰ ਰਾਹਗੀਰਾਂ ਨੇ ਇਸ ਛਬੀਲ ਤੋਂ ਆਪਣੀ ਪਿਆਸ ਬੁਝਾਈ। ਇਸ ਮੌਕੇ ਬਾਬਾ ਗੁਰਮੁੱਖ ਸਿੰਘ ਨੇ ਆਖਿਆ ਕਿ ਉਹ ਹਰ ਸਾਲ ਇੱਥੇ ਸ਼ਹੀਦੀ ਜੋੜ ਮੇਲੇ 'ਤੇ ਲੰਗਰ ਦੀ ਸੇਵਾ ਵੀ ਕਰਦੇ ਹਨ ਅਤੇ ਉਨ੍ਹਾ ਨੂੰ ਇੱਥੇ ਆ ਕੇ ਸੇਵਾ ਕਰਨ ਦਾ ਅਨੋਖਾ ਹੀ ਸਕੂਨ ਮਿਲਦਾ ਹੈ।ਇਸ ਮੌਕੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ੍. ਨਿਰਮਲ ਸਿੰਘ ਐੱਸ ਐੱਸ ਨੇ ਦੀਵਾਨ ਟੋਡਰ ਮੱਲ ਦੇ ਵੰਸ਼ ਦੇ ਪਰਿਵਾਰ ਦੀ ਯਾਦਗਾਰ ਵਿਖੇ ਆਉਣ 'ਤੇ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਅਤੇ ਦੀਵਾਨ ਟੋਡਰ ਮੱਲ ਦੀ ਗੁਰੂ ਸਾਹਿਬ ਪ੍ਰਤੀ ਅਥਾਹ ਸ਼ਰਧਾ ਤੇ ਕੁਰਬਾਨੀ ਨੂੰ ਸਤਿਕਾਰ ਭੇਟ ਕੀਤਾ।ਇਸ ਮੌਕੇ ਸੁਖਦੇਵ ਸਿੰਘ ਰਾਜ, ਗੁਰਮੀਤ ਸਿੰਘ ਜਨਰਲ ਸਕੱਤਰ, ਜਸਪਾਲ ਸਿੰਘ ਖਜ਼ਾਨਚੀ, ਬਲਦੇਵ ਸਿੰਘ ਦੁਸਾਂਝ, ਜੋਗਿੰਦਰ ਪਾਲ ਤੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਨਵਜੋਤ ਸਿੰਘ, ਹੈੱਡ ਗ੍ਰੰਥੀ ਹਰਦੀਪ ਸਿੰਘ, ਜਸਵੰਤ ਸਿੰਘ ਹਾਜ਼ਰ ਸਨ।

## ਵਾਤਾਵਰਨ ਨੂੰ ਹਰਿਆ-ਭਰਿਆ ਰੱਖਣ ਲਈ ਪੌਦੇ ਲਾਏ



**ਲੁਧਿਆਣਾ (ਰਾਜ ਸਿੰਗਲਾ)**-ਵਣ ਮੰਡਲ ਅਫ਼ਸਰ ਸ਼੍ਰੀ ਰਾਜੇਸ਼ ਕੁਮਾਰ ਗੁਲਾਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਣ ਰੇਂਜ ਅਫ਼ਸਰ ਦੋਰਾਹਾ ਤੇ ਸਮੂਹ ਸਟਾਫ਼ ਵੱਲੋਂ ਆਮ ਆਦਮੀ ਕਲੀਨਿਕ ਰਾਮਪੁਰ ਵਿਖੇ ਵਾਤਾਵਰਣ ਦਿਵਸ ਮੌਕੇ ਬੂਟੇ ਲਾਏ ਗਏ।ਇਸ ਮੌਕੇ ਵਣ ਰੇਂਜ ਅਫ਼ਸਰ ਸ਼੍ਰੀ ਜਸਵੀਰ ਸਿੰਘ ਰਾਏ, ਡਾਕਟਰ ਨਿਰਮਲਜੀਤ ਕੌਰ, ਡਾਕਟਰ ਟਵਿੰਕਲ ਵੱਲੋਂ ਬੂਟਾ ਲਾ ਕੇ ਵਾਤਾਵਰਣ ਦਿਵਸ ਮਨਾਇਆ ਤੇ ਪਬਲਿਕ ਨੂੰ ਵੱਧ ਤੋ ਵੱਧ ਬੂਟੇ ਲਾਉਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੁ ਵਾਤਾਵਰਣ ਨੂੰ ਹਰਿਆ ਭਰਿਆ ਕੀਤਾ ਜਾ ਸਕੇ।ਇਸ ਮੌਕੇ ਬਲਾਕ ਅਫ਼ਸਰ ਸ਼੍ਰੀ ਸੁਰਿੰਦਰ ਸਿੰਘ ਗਿੱਲ, ਸ਼੍ਰੀ ਜਸਵੀਰ ਸਿੰਘ ਸ਼ੇਰਗਿੱਲ, ਸ਼੍ਰੀ ਅਭਿਸ਼ੇਕ ਸ਼ਰਮਾ ਖੰਨਾ, ਸ਼੍ਰੀ ਜਸਵੀਰ ਸਿੰਘ ਚੀਮਾ, ਸ਼੍ਰੀ ਪਲਵਿੰਦਰ ਸਿੰਘ, ਸ਼੍ਰੀ ਹਰਦੀਪ ਸਿੰਘ, ਸ਼੍ਰੀਮਤੀ ਸੁਖਵੀਰ ਕੌਰ, ਸ਼੍ਰੀਮਤੀ ਆਸਾ ਰਾਣੀ ਸਾਰੇ ਬੀਟ ਇੰਨਚਾਰਜ, ਸ਼੍ਰੀਮਤੀ ਮਨਪ੍ਰੀਤ ਕੌਰ ਕਲਰਕ, ਸਟਾਫ ਨਰਸ ਨੀਤੂ, ਫਾਰਮਾਸਿਸਟ ਖੁਸ਼ਹਾਲਦੀਪ ਸਿੰਘ, ਹੈਲਥ ਸੁਪਰਵਾਈਜਰ ਮੇਲ ਸੁਖਮਿੰਦਰ ਸਿੰਘ, ਹੈਲਥ ਸੁਪਰਵਾਈਜਰ ਫੀਮੇਲ ਚਰਨਜੀਤ ਕੌਰ, ਪੂਜਾ ਤੇ ਗੁਰਮੀਤ ਸਿੰਘ ਮੋਨਾ ਸਮਾਜ ਸੇਵਕ, ਭਾਈਆ ਰਾਮ ਤੇ ਕੁਲਦੀਪ ਸਿੰਘ ਹਾਜ਼ਰ ਸਨ।

## ਇਸਲਾਮੀਆ ਗਰਲਜ਼ ਕਾਲਜ 'ਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਵਕਫ਼ ਬੋਰਡ ਦੇ ਪ੍ਰਬੰਧਾਂ ਅਧੀਨ ਚੱਲਣ ਵਾਲੇ ਸਥਾਨਕ ਇਸਲਾਮੀਆ ਗਰਲਜ਼ ਕਾਲਜ ਵਿਖੇ ਪ੍ਰਿੰਸੀਪਲ ਡਾ. ਰਾਹਿਲਾ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਕੈਂਪਸ ਵਿਖੇ ਕਈ ਤਰ੍ਹਾਂ ਦੇ ਛਾਂਦਾਰ ਜਿਵੇਂ ਕਿ ਨਿੰਮ, ਤੂਤ ਅਤੇ ਸਲ ਰੁੱਖ ਲਾਏ ਗਏ। ਇਸ ਦੌਰਾਨ ਕਾਲਜ 'ਚ ਚਾਰਟ ਮੇਕਿੰਗ ਮੁਕਾਬਲਾ ਕਰਾਇਆ ਗਿਆ, ਜਿਸ 'ਚ ਵਿਦਿਆਰਥਣਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਤੇ ਜੇਤੂ ਵਿਦਿਆਰਥਣਾਂ ਨੂੰ ਇਨਾਮ ਵੀ ਦਿੱਤੇ। ਪ੍ਰਿੰਸੀਪਲ ਡਾ. ਰਾਹਿਲਾ ਨੇ ਕਿਹਾ ਕਿ ਸ੍ਰਿਸ਼ਟੀ ਨੂੰ ਇੱਕ ਪਰਵਾਰ ਸਮਝਦਿਆਂ ਬੂਟਿਆਂ ਤੇ ਜਲਵਾਯੂ ਨੂੰ ਆਪਣੇ ਬੱਚਿਆਂ ਦੀ ਤਰ੍ਹਾਂ ਪਾਲਣਾ/ਸੰਭਾਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਨਾਮੁਰਾਦ ਬਿਮਾਰੀਆਂ ਤੋਂ ਬਚਣਾ ਹੈ ਤਾਂ ਸਾਨੂੰ ਆਪਣੇ ਵਾਤਾਵਰਣ ਦੀ ਸਾਂਭ ਸੰਭਾਲ ਕਰਨੀ ਪਵੇਗੀ। ਇਹ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਵਾਤਾਵਰਣ 'ਚ ਆ ਰਹੀ ਹੈਰਾਨੀਜਨਕ ਤਬਦੀਲੀ ਬਾਰੇ ਵੀ ਵਿਚਾਰ ਸਾਂਝੇ ਕੀਤੇ ਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਪ੍ਰੋਗਰਾਮ ਦੀ ਕਾਰਜਵਿਧੀ ਪ੍ਰੋਫੈਸਰ ਗੁਰਵਿੰਦਰ ਕੌਰ ਨੇ ਕੀਤੀ।

## ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਮੀਟਿੰਗ



**ਜਗਰਾਉਂ (ਅਮਿਤ ਖੰਨਾ)**-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਵਿਸ਼ਵਕਰਮਾ ਮੰਦਰ ਅੱਡਾ ਰਾਏਕੋਟ ਵਿਖੇ ਹੋਈ, ਜਿਸ 'ਚ ਠੇਕੇਦਾਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਸੁਣੀਆਂ ਗਈਆਂ, ਉਥੇ ਠੇਕੇਦਾਰਾਂ ਨੂੰ ਸਨਮਾਨ ਚਿੰਨ੍ਹ ਦਿੱਤੇ ਗਏ।ਇਸ ਮੌਕੇ ਸਰਪ੍ਰਸਤ ਜਗਦੇਵ ਸਿੰਘ ਮਠਾੜੂ ਤੇ ਪ੍ਰਧਾਨ ਰਜਿੰਦਰ ਸਿੰਘ ਰਿਕੂ ਨੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਵੱਲੋਂ ਸਮਾਜ ਸੇਵਾ ਤੇ ਧਾਰਮਿਕ ਖੇਤਰ 'ਚ ਪਾਏ ਜਾ ਰਹੇ ਯੋਗਦਾਨ ਦਾ ਜ਼ਿਕਰ ਕੀਤਾ ਅਤੇ ਆਖਿਆ ਕਿ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਸਮਾਜ ਸੇਵਾ ਦੇ ਕੰਮ ਕਰਨੇ ਚਾਹੀਦੇ ਹਨ।

## ਗੱਟੀ ਰਾਜੋ ਕੇ ਸਕੂਲ 'ਚ ਐਨ ਸੀ ਸੀ ਬਟਾਲੀਅਨ ਵੱਲੋਂ ਮਨਾਇਆ ਵਿਸ਼ਵ ਵਾਤਾਵਰਣ ਦਿਵਸ




**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਹੱਦੀ ਖੇਤਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੱਟੀ ਰਾਜੋ ਕੇ ਵਿੱਚ 13 ਪੰਜਾਬ ਐਨਸੀਸੀ ਬਟਾਲੀਅਨ ਵੱਲੋਂ ਸਕੂਲ ਦੇ ਐਨਸੀਸੀ ਯੂਨਿਟ ਦੇ ਸਹਿਯੋਗ ਨਾਲ ਕਮਾਂਡਿੰਗ ਅਫਸਰ ਕਰਨਲ ਜੇਐੱਸ ਸ਼ਰਮਾ ਤੇ ਪ੍ਰਿੰਸੀਪਲ ਡਾ. ਸਤਿੰਦਰ ਸਿੰਘ ਨੈਸ਼ਨਲ ਅਵਾਰਡੀ ਦੀ ਅਗਵਾਈ ਵਿੱਚ ਵਿਸ਼ਵ ਵਾਤਾਵਰਣ ਦਿਵਸ 2024 ਉਤਸ਼ਾਹ ਨਾਲ ਮਨਾਇਆ ਗਿਆ।ਵਾਤਾਵਰਨ ਦੀ ਸੰਭਾਲ ਅਤੇ ਸਤਲੁਜ ਦਰਿਆ ਦੇ ਕੰਢੇ ਨੂੰ ਹਰਿਆ ਭਰਿਆ ਬਣਾਉਣ ਦੇ ਲਈ ਯਤਨ ਕਰਨ ਦਾ ਉਪਰਾਲਾ ਕੀਤਾ ਗਿਆ।ਸਕੂਲ ਦੇ ਐਨਸੀਸੀ ਇੰਚਾਰਜ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਐਨਸੀਸੀ ਦੇ 50 ਤੋਂ ਵੱਧ ਕੈਡਿਟਾਂ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਮੌਕੇ ਸਤਲੁਜ ਦਰਿਆ ਦੇ ਕੰਢੇ ਤੇ ਬੂਟੇ ਲਾ ਕੇ ਉਨ੍ਹਾਂ ਦੀ ਸੰਭਾਲ ਕਰਨ ਦਾ ਉਪਰਾਲਾ ਕੀਤਾ ਗਿਆ ਹੈ।ਇਸ ਮੌਕੇ ਆਯੋਜਿਤ ਜਾਗਰੂਕਤਾ ਸੈਮੀਨਾਰ ਵਿੱਚ ਵਾਤਾਵਰਣ ਸੰਭਾਲ ਦੀ ਜ਼ਰੂਰਤ ਤੇ ਪ੍ਰਦੂਸ਼ਣ ਕਾਰਨ ਹੋਰ ਹੈ ਨੁਕਸਾਨ ਪ੍ਰਤੀ ਚੇਤਨ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ।ਉਨ੍ਹਾਂ ਕਿਹਾ ਕਿ ਸੂਬੇ ਦੇ ਸਭ ਤੋਂ ਵੱਡੇ ਦਰਿਆ ਸਤਲੁਜ ਵਿੱਚ ਵੱਧਦੇ ਪ੍ਰਦੂਸ਼ਣ ਕਾਰਨ ਸਰਹੱਦੀ ਖੇਤਰ ਵਿੱਚ ਅਨੇਕਾਂ ਲਾ ਇਲਾਜ ਰੋਗ ਪੈਦਾ ਹੋ ਰਹੇ ਹਨ,ਇਸ ਲਈ ਇਸ ਦਰਿਆ ਨੂੰ ਪ੍ਰਦੂਸ਼ਣ ਮੁਕਤ ਕਰਨਾ ਸਮੇਂ ਦੀ ਵੱਡੀ ਜ਼ਰੂਰਤ ਹੈ।ਐਨਸੀਸੀ ਦੇ 13 ਪੰਜਾਬ ਬਟਾਲੀਅਨ ਦੇ ਪ੍ਰਬੰਧ ਅਫ਼ਸਰ ਕਰਨਲ ਜੇ ਅਰਵਿੰਦਰ ਤੇ ਸੂਬੇਦਾਰ ਸੁਖਚੈਨ ਸਿੰਘ ਨੇ ਵਲੰਟੀਅਰਜ ਨੂੰ ਵਾਤਾਵਰਣ ਸੰਭਾਲ ਵਿੱਚ ਸਹਿਯੋਗ ਕਰਨ ਲਈ ਪ੍ਰੇਰਿਤ ਕਰਦਿਆਂ ਹਵਾ ਪਾਣੀ ਤੇ ਧਰਤੀ ਦੀ ਸੰਭਾਲ ਕਰਨ ਦੀ ਗੱਲ ਕੀਤੀ।ਉਨ੍ਹਾਂ ਕਿਹਾ ਕਿ ਵਾਤਾਵਰਣ ਪ੍ਰਦੂਸ਼ਣ ਬੇਹੱਦ ਚਿੰਤਾਜਨਕ ਸਥਿਤੀ ਵਿੱਚ ਪਹੁੰਚ ਚੁੱਕਿਆ ਹੈ।ਇਸ ਲਈ ਮਨੁੱਖਤਾ ਦੀ ਭਲਾਈ ਲਈ ਕੁਦਰਤੀ ਸੋਮਿਆਂ ਦੀ ਸੁਚੱਜੀ ਵਰਤੋਂ ਤੇ ਸੰਭਾਲ ਕਰਨੀ ਚਾਹੀਦੀ ਹੈ।

# ਸੇਵਾ ਪੰਜਾਬ ਵੱਲੋਂ ਦਸਤਖ਼ਤੀ ਮੁਹਿੰਮ ਦੀ ਸ਼ੁਰੂਆਤ

**ਮੋਗਾ (ਇਕਬਾਲ ਸਿੰਘ ਖਹਿਰਾ)**

ਘਰੇਲੂ ਕਾਮਿਆਂ ਦੇ ਅਧਿਕਾਰਾਂ ਨੂੰ ਮਾਨਤਾ ਦੇਣ ਦੀ ਵਧਦੀ ਲੋੜ (ਜਿਸ ਵਿੱਚ ਬਹੁਗਿਣਤੀ ਵਿੱਚ ਔਰਤਾਂ ਹਨ) ਦੇ ਮੱਦੇਨਜ਼ਰ ਮੋਗਾ ਵਿਖੇ ਸਵੈ-ਰੁਜ਼ਗਾਰ ਮਹਿਲਾ ਐਸੋਸੀਏਸ਼ਨ (ਸੇਵਾ) ਵੱਲੋਂ ਬੀਤੀ 6 ਜੂਨ ਨੂੰ ਦਸਤਖ਼ਤੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਅੰਤਰ ਰਾਸ਼ਟਰੀ ਘਰੇਲੂ ਕਰਮਚਾਰੀ ਦਿਵਸ ਰੈਲੀ ਕਰਕੇ ਮਨਾਇਆ ਗਿਆ, ਜਿਸ ਵਿੱਚ ਸੈਂਕੜੇ ਭੈਣਾਂ ਨੇ ਹਿੱਸਾ ਲਿਆ। ਇਸ ਸਮੇਂ ਸੰਸਥਾ ਦੇ ਜ਼ਿਲ੍ਹਾ ਇੰਚਾਰਜ ਜਸਪ੍ਰੀਤ ਕੌਰ ਨੇ ਕਿਹਾ ਕਿ ਘਰੇਲੂ ਕਾਮਿਆਂ ਦੀ ਲਹਿਰ ਤੇ ਸਮੂਹ ਕਾਮਿਆਂ ਵਜੋਂ ਉਨ੍ਹਾਂ ਦੇ ਅਧਿਕਾਰਾਂ ਤੇ ਹੱਕਾਂ ਦੀ ਹਮਾਇਤ ਨੂੰ ਸਮੂਹਕ ਅਵਾਜ਼ ਦੇਣ ਲਈ ਉਨ੍ਹਾਂ ਦਾ ਸਮਰਥਨ ਸਵੈ-ਰੁਜ਼ਗਾਰ ਮਹਿਲਾ ਐਸੋਸੀਏਸ਼ਨ (ਸੇਵਾ) ਕਰ ਰਹੀ ਹੈ, ਜੋ ਕਿ ਪੰਜਾਬ ਵਿੱਚ 4000 ਤੋਂ ਵੱਧ ਕਾਮਿਆਂ ਨਾਲ ਕੰਮ ਕਰ ਰਹੀ ਹੈ। ਸੇਵਾ ਘਰੇਲੂ ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲਿਆਂ/ਸ਼ਹਿਰ ਵਾਸੀਆਂ ਵਿੱਚ ਘਰੇਲੂ ਦਰਪੇਸ਼ ਮੁੱਦਿਆਂ ਬਾਰੇ ਜਾਗਰੂਕ ਕਰਨ ਦੀ ਉਮੀਦ ਰੱਖਦੀ ਹੈ। ਉਨ੍ਹਾ ਕਿਹਾ ਕਿ ਭਾਰਤ ਵਿੱਚ 400 ਮਿਲੀਅਨ ਗੈਰ-ਰਸਮੀ ਕਾਮਿਆਂ ਵਿੱਚੋਂ 90% ਔਰਤਾਂ ਹਨ, ਜਿਸ ਵਿੱਚੋਂ ਵੱਡੀ ਪ੍ਰਤੀਸ਼ਤ ਘਰੇਲੂ ਕੰਮਾਂ ਵਿੱਚ ਲੱਗੀ ਹੋਈ ਹੈ। ਜਦੋਂ ਘਰੇਲੂ ਕਾਮਿਆਂ ਦੀ ਭਾਲ ਕਰ ਲਿੱਤੀ ਜਾਂਦੀ ਹੈ, ਉਨ੍ਹਾਂ ਨਾਲ ਘੱਟ ਹੀ ਕਾਮਿਆਂ ਵਾਂਗ ਵਰਤਾਓ ਕੀਤਾ ਜਾਂਦਾ ਹੈ ਅਤੇ ਨਾ ਹੀ ਉਹ ਆਪਣੇ ਆਪ ਨੂੰ ਕਾਮੇ ਮੰਨਦੇ ਹਨ। ਮਾਲਕ ਨੂੰ ਉਨ੍ਹਾਂ ਦੇ ਅਧਿਕਾਰ ਬਾਰੇ ਬਹੁਤ ਘੱਟ ਜਾਂ ਕੋਈ ਜਾਗਰੂਕਤਾ ਨਹੀਂ ਹੈ। ਉਹ ਨਹੀਂ ਸਮਝਦੇ ਕਿ ਨਿਯਮਤ ਕੰਮ ਕਰਨ ਦਾ ਸਮਾਂ, ਵਧੀਆ ਤਨਖਾਹ, ਹਫਤਾਵਾਰੀ ਛੁੱਟੀ ਆਦਿ ਉਨ੍ਹਾਂ ਦੇ ਅਧਿਕਾਰ ਹਨ। ਇਸ ਦੇ ਮੱਦੇਨਜ਼ਰ ਅੱਜ ਸੇਵਾ ਪੰਜਾਬ ਦੇ ਘਰੇਲੂ ਕਰਮਚਾਰੀ ਮੈਂਬਰਾਂ ਵੱਲੋਂ ਮੋਗਾ ਵਿਖੇ ਰੈਲੀ ਕਰਕੇ ਆਪਣੇ ਮੁੱਦਿਆਂ ਨੂੰ ਉਠਾਇਆ। ਇਸ ਸਮੇਂ ਸੇਵਾ ਪੰਜਾਬ ਦੇ ਮੈਂਬਰਾਂ, ਜੋ ਆਪਣੇ ਆਪ ਵਿੱਚ ਇੱਕ ਘਰੇਲੂ ਕਰਮਚਾਰੀ ਹਨ, ਨੇ ਕਿਹਾ ਕਿ ਅਸੀਂ ਆਪਣੇ ਅਧਿਕਾਰਾਂ ਲਈ ਅਪੀਲ ਕਰ ਰਹੇ ਹਾਂ, ਪਰ ਸਰਕਾਰ ਤੇ ਸਾਡੇ ਮਾਲਕ ਸਾਡੀ ਲਹਿਰ ਨੂੰ ਮਾਨਤਾ ਦੇਣ ਤੋਂ ਇਨਕਾਰ ਕਰਦੇ ਹਨ। ਸਾਨੂੰ ਹਰ ਮਹੀਨੇ ਚਾਰ ਛੁੱਟੀਆਂ ਦਿੱਤੀਆਂ ਜਾਣ। ਸਾਨੂੰ ਸਾਡੇ ਕੰਮ ਦੀ ਪਹਿਚਾਣ ਦਿੱਤੀ ਜਾਵੇ। ਭੈਣਾਂ ਨੇ ਕਿਹਾ ਕਿ ਸਾਨੂੰ ਚਾਰ ਛੁੱਟੀਆਂ ਦਿੱਤੀਆਂ ਜਾਣ। ਸਾਨੂੰ ਮਾਨ ਸਨਮਾਨ ਤੇ ਸੁਰੱਖਿਆ ਗਰੰਟੀ ਕੀਤੀ ਜਾਵੇ।

ਇਸ ਸਮੇਂ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਰਜਨੀ, ਰਵਿੰਦਰ ਕੌਰ, ਕੁਲਦੀਪ ਕੌਰ, ਪਰਮਜੀਤ ਕੌਰ, ਸੁਖਵਿੰਦਰ ਕੌਰ, ਪ੍ਰਵੀਨ ਬੁੱਕਣਵਾਲਾ, ਵਰਖਾ ਬੱਗੀਆਣਾ ਬਸਤੀ, ਮਨਪ੍ਰੀਤ ਕੌਰ, ਪ੍ਰਵੀਨ ਰਾਣੀ, ਊਸ਼ਾ ਰਾਣੀ ਆਦਿ ਔਰਤਾਂ ਤੇ ਆਗੂ ਸ਼ਾਮਲ ਸਨ।

## ਧਾਰਮਿਕ ਥਾਵਾਂ 'ਤੇ ਠੀਕਰੀ ਪਹਿਰਾ ਲਗਾਉਣ ਦੇ ਆਦੇਸ਼

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਮੈਜਿਸਟਰੇਟ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਹਦੂਦ ਵਿੱਚ ਸਮੂਹ ਧਾਰਮਿਕ ਸਥਾਨਾਂ ਤੇ ਅਗਲੇ ਹੁਕਮਾਂ ਤੱਕ ਠੀਕਰੀ ਪਹਿਰਾ ਲਗਾਉਣ ਲਈ ਪਿੰਡਾਂ ਦੀਆਂ ਸਮੂਹ ਪੰਚਾਇਤਾਂ ਤੇ ਧਾਰਮਿਕ ਸਥਾਨਾਂ ਦੀਆਂ ਕਮੇਟੀਆਂ, ਬੋਰਡ, ਟਰੱਸਟ ਦੇ ਮੁਖੀਆਂ ਦੀ ਜ਼ਿੰਮੇਵਾਰੀ ਲਗਾਈ ਹੈ।ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਪਿਛਲੇ ਦਿਨੀਂ ਧਾਰਮਿਕ ਸਥਾਨਾਂ 'ਤੇ ਸ਼ਰਾਰਤੀ ਅਨਸਰਾਂ ਵੱਲੋਂ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਹਨ।ਇਸ ਕਾਰਨ ਇਲਾਕੇ ਵਿੱਚ ਤਨਾਵ ਪੈਦਾ ਹੁੰਦਾ ਹੈ ਤੇ ਲੋਕਾਂ ਦੀ ਜਾਨ-ਮਾਲ ਨੂੰ ਨੁਕਸਾਨ ਪਹੁੰਚਣ ਦਾ ਖਦਸ਼ਾ ਬਣਿਆ ਰਹਿੰਦਾ ਹੈ।ਇਨ੍ਹਾਂ ਹਾਲਤਾਂ ਵਿੱਚ ਇਹ ਜ਼ਰੂਰੀ ਹੈ ਕਿ ਪਿੰਡਾਂ ਤੇ ਕਸਬਿਆਂ ਵਿੱਚ ਧਾਰਮਿਕ ਸਥਾਨਾਂ ਦੀ ਮਰਿਆਦਾ ਨੂੰ ਕਾਇਮ ਰੱਖਿਆ ਜਾਵੇ ਤਾਂ ਜੋ ਧਾਰਮਿਕ ਸਥਾਨਾਂ ਦੀ ਸੁਰੱਖਿਆ ਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚ ਸਕੇ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ ਅਮਨ ਕਾਨੂੰਨ ਬਣਾਏ ਰੱਖਣ ਲਈ ਤੇ ਲੋਕਾਂ ਦੀ ਜਾਨ-ਮਾਲ ਅਤੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਲਈ ਢੁੱਕਵੇਂ ਕਦਮ ਉਠਾਉਣ ਦੀ ਫੌਰੀ ਜ਼ਰੂਰਤ ਹੈ।ਇਹ ਹੁਕਮ 05 ਅਗਸਤ 2024 ਤੱਕ ਲਾਗੂ ਰਹਿਣਗੇ।

## ਝਾੜ ਸਾਹਿਬ ਕਾਲਜ 'ਚ ਦਾਖਲਿਆਂ ਲਈ ਚਹਿਲ-ਪਹਿਲ ਸ਼ੁਰੂ



**ਸਮਰਾਲਾ (ਸੁਰਜੀਤ ਸਿੰਘ)**-ਇਲਾਕੇ ਵਿੱਚ ਕੇਵਲ ਲੜਕੀਆਂ ਲਈ ਸਫ਼ਲਤਾ ਪੂਰਵਕ ਚੱਲ ਰਹੀ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਝਾੜ ਸਾਹਿਬ (ਲੁਧਿ.) ਵਿਖੇ ਨਵੇਂ ਵਿੱਦਿਅਕ ਵਰ੍ਹੇ ਲਈ ਵੱਖ ਵੱਖ ਕੋਰਸਾਂ ਵਿੱਚ ਦਾਖਲਾ ਲੈਣ ਲਈ ਇਲਾਕੇ ਦੀਆਂ ਵਿਦਿਆਰਥਣਾਂ 'ਚ ਭਾਰੀ ਰੁਝਾਨ ਪਾਇਆ ਜਾ ਰਿਹਾ ਹੈ।ਦਾਖਲਾ ਆਨਲਾਈਨ ਪੋਰਟਲ 'ਤੇ ਸ਼ੁਰੂ ਹੋ ਚੁੱਕਿਆ ਹੈ।ਝਾੜ ਸਾਹਿਬ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਯੋਗ ਅਗਵਾਈ ਅਧੀਨ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ।ਇਸ ਕਾਲਜ 'ਚ 11ਵੀਂ, 12ਵੀਂ, (ਮੈਡੀਕਲ, ਨਾਨ-ਮੈਡੀਕਲ, ਕਾਮਰਸ ਤੇ ਆਰਟਸ) ਬੀ.ਏ, ਬੀ.ਕਾਮ, ਬੀ.ਸੀ.ਏ, ਬੀ ਐੱਸ ਸੀ (ਐੱਫ ਡੀ), ਐੱਮ ਏ ਪੰਜਾਬੀ, ਐੱਮ.ਐੱਸ.ਸੀ. (ਆਈ ਟੀ) ਬੀ. ਲਿਬ ਕੋਰਸ ਕਾਲਜ ਸਟਾਫ਼ ਦੇ ਕੁਸ਼ਲ ਦਿਸ਼ਾ ਨਿਰਦੇਸ਼ ਅਧੀਨ ਸਫ਼ਲਤਾ ਪੂਰਵਕ ਚੱਲ ਰਹੇ ਹਨ।ਕਾਲਜ ਵਿਖੇ ਵੱਖ- ਵੱਖ ਵਜ਼ੀਫਿਆਂ (ਐੱਸ.ਸੀ.ਬੀ.ਸੀ., ਘੱਟ ਗਿਣਤੀ, ਨਿਸ਼ਕਾਮ, ਐੱਲ.ਆਈ.ਸੀ.) ਦੀ ਸਹੂਲਤ ਦਿੱਤੀ ਜਾਂਦੀ ਹੈ।ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਵਿਸ਼ੇਸ਼ ਵਜ਼ੀਫੇ ਦੇਣ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ, ਜਿਸ ਤਹਿਤ 11ਵੀਂ ਤੇ 12ਵੀਂ ਕਲਾਸਾਂ ਵਿੱਚ ਦਾਖਲਾ ਲੈਣ ਵਾਲੀਆਂ ਵਿਦਿਆਰਥਣਾਂ ਨੂੰ 5000 ਰੁਪਏ, ਗ੍ਰੈਜੂਏਟ ਕਲਾਸਾਂ ਵਿੱਚ ਦਾਖਲਾ ਲੈਣ ਵਾਲੀਆਂ ਵਿਦਿਆਰਥਣਾਂ ਨੂੰ 8000 ਰੁਪਏ ਤੇ ਪੋਸਟ ਗ੍ਰੈਜੂਏਟ ਕਲਾਸਾਂ ਵਿੱਚ ਦਾਖਲਾ ਵਾਲੀਆਂ ਵਿਦਿਆਰਥਣਾਂ ਨੂੰ 10,000 ਰੁ. ਤੱਕ ਦੇ ਵਜ਼ੀਫ਼ੇ ਦਿੱਤੇ ਜਾ ਰਹੇ ਹਨ।ਕਾਲਜ ਵਿਖੇ ਸਮਾਰਟ ਕਲਾਸ ਰੂਮ, ਸਟੇਡੀਅਮ, ਲਾਇਬ੍ਰੇਰੀ, ਵਧੀਆ ਬੱਸ ਸਹੂਲਤ ਦਾ ਸੁਚਾਰੂ ਪ੍ਰਬੰਧ ਹੈ, ਜਿੱਥੇ ਇਹ ਸੰਸਥਾ ਮਾਛੀਵਾੜਾ ਸਾਹਿਬ, ਚਮਕੌਰ ਸਾਹਿਬ, ਖਮਾਣੋਂ ਤੇ ਸਮਰਾਲਾ ਇਲਾਕੇ ਦੇ ਲਗਪਗ 200 ਪਿੰਡਾਂ ਦੀਆਂ ਵਿਦਿਆਰਥਣਾਂ ਨੂੰ ਉਚੇਰੀ ਵਿੱਦਿਆ ਪ੍ਰਦਾਨ ਕਰ ਰਹੀ ਹੈ, ਉੱਥੇ ਵਿਦਿਆਰਥਣਾਂ ਵਿੱਚ ਲੁਕੇ ਹੁਨਰ ਨੂੰ ਨਿਖਾਰਣ 'ਤੇ ਬਹੁਪੱਖੀ ਵਿਕਾਸ ਲਈ ਨਿਰੰਤਰ ਗਤੀਸ਼ੀਲ ਹੈ।

# ਐੱਨ ਸੀ ਸੀ ਕੈਡਿਟਾਂ ਪੁਨੀਤ ਸਾਗਰ ਅਭਿਆਨ ਅਧੀਨ ਕੀਤੀ ਸੂਏ ਦੀ ਸਫਾਈ

ਬੱਚਿਆਂ ਨੇ ਵਾਤਾਵਰਣ ਦੀ ਸੰਭਾਲ ਤੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਦਾ ਲਿਆ ਪ੍ਰਣ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

13 ਪੰਜਾਬ ਬਟਾਲੀਅਨ ਐੱਨ.ਸੀ.ਸੀ. ਵਿੱਚ ਕਰਨਲ ਸੀ ਐੱਸ ਸੂਰਮਾ (ਸ਼ੋਰਿਆ ਚੱਕਰ ਪ੍ਰਾਪਤ) ਦੀ ਅਗਵਾਈ ਹੇਠ ਸਰਕਾਰੀ ਸਕੂਲ ਦੇ ਐੱਨਸੀਸੀ ਕੈਡਿਟਾਂ ਨੇ ਪੁਨੀਤ ਸਾਗਰ ਅਭਿਆਨ ਅਧੀਨ ਪਿੰਡ ਹਸਤੇ ਕੇ ਦੇ ਲਾਗੇ ਪੈਂਦੇ ਸੂਏ ਵਿੱਚੋਂ ਪਲਾਸਟਿਕ ਤੇ ਹੋਰ ਗੰਦਗੀ ਦੀ ਸਫਾਈ ਕੀਤੀ।ਸਕੂਲ ਦੇ ਐੱਨਸੀਸੀ ਇੰਚਾਰਜ ਹਰਪ੍ਰੀਤ ਸਿੰਘ ਇਸ ਦੌਰਾਨ ਬੱਚਿਆਂ ਦੇ ਨਾਲ ਰਹੇ ਤੇ ਉਨ੍ਹਾਂ ਨੂੰ ਦਿਸ਼ਾ ਨਿਰਦੇਸ਼ ਦਿੰਦੇ ਰਹੇ।ਪ੍ਰਿੰਸੀਪਲ ਸੁਨੀਤਾ ਰਾਣੀ ਨੇ ਕਿਹਾ ਕਿ ਸਾਡਾ ਸਾਰਿਆਂ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਪਿੰਡ ਦੀ ਸਾਫ-ਸਫਾਈ ਕਰਨਾ ਤੇ ਆਲਾ-ਦੁਆਲਾ ਸਾਫ ਸੁਥਰਾ ਰੱਖਣਾ ਚਾਹੀਦਾ ਹੈ ਤਾਂ ਕਿ ਭਿਆਨਕ ਬੀਮਾਰੀਆਂ ਤੋਂ ਸਾਡੇ ਪਰਿਵਾਰ ਬਚ ਸਕਣ।ਉਨ੍ਹਾ ਕਿਹਾ ਕਿ ਗ੍ਰੀਨ ਹਾਊਸ ਗੈਸਾਂ ਦੇ ਵੱਧ ਰਹੇ ਪ੍ਰਸਾਰ ਕਾਰਨ ਧਰਤੀ ਦਾ ਤਾਪਮਾਨ ਵੀ ਵੱਧਦਾ ਜਾ ਰਿਹਾ ਹੈ, ਕਈ ਅਜਿਹੇ ਹਾਦਸੇ ਹੋ ਰਹੇ ਹਨ, ਜੋ ਪਹਿਲਾਂ ਕਦੇ ਨਹੀਂ ਦੇਖੇ ਸਨ।ਇਸ ਵਧਦੇ ਤਾਪਮਾਨ ਕਾਰਨ ਵੀ ਮਨੁੱਖਾਂ, ਜੀਵ-ਜੰਤੂਆਂ, ਰੁੱਖਾਂ-ਪੌਦਿਆਂ ਨੂੰ ਨੁਕਸਾਨ ਝੱਲਣਾ ਪੈ ਰਿਹਾ ਹੈ।ਇਸ ਤੋਂ ਇਲਾਵਾ ਦਰੱਖਤਾਂ ਨੂੰ ਅੰਨ੍ਹੇਵਾਹ ਵੱਢਿਆ ਜਾ ਰਿਹਾ ਹੈ ਤੇ ਪਲਾਸਟਿਕ ਵੀ ਪ੍ਰਦੂਸ਼ਣ ਬਹੁਤ ਕਰ ਰਿਹਾ ਹੈ।ਸਾਨੂੰ ਇਨ੍ਹਾਂ ਸਭ ਨੂੰ ਰੋਕਣਾ ਚਾਹੀਦਾ ਹੈ।ਇਸ ਅਭਿਆਨ ਤਹਿਤ ਬਟਾਲੀਅਨ ਦੇ ਸੂਬੇਦਾਰ ਸੁਖਚੈਨ ਸਿੰਘ ਤੇ ਹੌਲਦਾਰ ਗੁਰਦੀਪ ਸਿੰਘ ਨੇ ਕੈਡਿਟਾਂ ਨੂੰ ਵਿਸ਼ਵ ਵਾਤਾਵਰਨ ਸਬੰਧੀ ਜਾਣਕਾਰੀ ਦਿੰਦਿਆਂ ਪਲਾਸਟਿਕ ਕੂੜੇ ਦੇ ਨੁਕਸਾਨ ਬਾਰੇ ਦੱਸਿਆ ਅਤੇ ਨਾਲ ਹੀ ਪਿੰਡ ਦੇ ਲੋਕਾਂ ਨਾਲ ਮੇਲ ਮਿਲਾਪ ਕਰਕੇ ਪੁਨੀਤ ਸਾਗਰ ਅਭਿਆਨ ਸਬੰਧੀ ਦੱਸਿਆ। ਉਨ੍ਹਾਂ ਕਿਹਾ ਕਿ ਵਾਤਾਵਰਣ ਨੂੰ ਸਾਫ ਸੁਥਰਾ ਰੱਖਣਾ ਸਾਡਾ ਸਮਾਜਿਕ ਫ਼ਰਜ਼ ਹੈ ਤੇ ਜੇ ਅਸੀਂ ਕੁਦਰਤ ਦੇ ਨਿਯਮਾਂ ਨਾਲ ਛੇੜਛਾੜ ਕਰਾਂਗੇ ਤਾਂ ਸਾਨੂੰ ਖਤਰਨਾਕ ਨਤੀਜੇ ਭੁਗਤਣੇ ਪੈਣਗੇ।ਇਸ ਮੌਕੇ ਬੱਚਿਆਂ ਨੇ ਪਲਾਸਟਿਕ ਨਾ ਫੈਲਾਉਣ ਸਬੰਧੀ ਪ੍ਰਣ ਲਿਆ।

# ਕਮਲਜੀਤ ਸਿੰਘ ਬਰਾੜ ਵੱਲੋਂ ਪਿੰਡ ਬੈਂਸ ਤੋਂ ਧੰਨਵਾਦੀ ਦੌਰਾ

**ਪੰਜਾਬ ਤੇ ਪੰਥ ਦੇ ਮਸਲਿਆਂ ਦੀ ਆਵਾਜ਼ ਬੁਲੰਦ ਕਰਦਾ ਰਹਾਂਗਾ : ਬਰਾੜ**



**ਜਗਰਾਉਂ (ਅਮਿਤ ਖੰਨਾ)**-ਪੰਥਕ ਜਥੇਬੰਦੀਆਂ ਦੇ ਸਾਂਝੇ ਆਗੂ ਕਮਲਜੀਤ ਸਿੰਘ ਬਰਾੜ ਨੇ ਪਹਿਲਕਦਮੀ ਕਰਦਿਆਂ ਲੋਕਾਂ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਮਿਲੇ ਸਹਿਯੋਗ ਲਈ ਪਿੰਡ ਬੈਂਸ ਤੋਂ ਧੰਨਵਾਦੀ ਦੌਰਾ ਸ਼ੁਰੂ ਕਰ ਦਿੱਤਾ ਹੈ।ਸ: ਬਰਾੜ ਨੇ ਪਿੰਡ ਬੈਂਸ ਵਿੱਚ ਪਿੰਡ ਵਾਸੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਪਿੰਡ ਵਾਸੀਆਂ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਲੋਕ ਸਭਾ ਚੋਣਾਂ ਦੌਰਾਨ ਸਭ ਤੋਂ ਵੱਧ ਵੋਟਾਂ ਪਾਈਆਂ ਹਨ।ਸ੍. ਬਰਾੜ ਨੂੰ ਪਿੰਡ ਬੈਂਸ ਤੋਂ ਸਭ ਤੋਂ ਵੱਧ 240 ਵੋਟਾਂ ਹਾਸਲ ਹੋਈਆਂ ਹਨ, ਜਦਕਿ ਅਸ਼ੋਕ ਪ੍ਰਾਸ਼ਰ ਪੱਪੀ ਨੂੰ 184, ਰਾਜਾ ਵੜਿੰਗ ਨੂੰ 180, ਰਣਜੀਤ ਸਿੰਘ ਢਿੱਲੋਂ ਨੂੰ 80 ਤੇ ਰਵਨੀਤ ਸਿੰਘ ਬਿੱਟੂ ਨੂੰ 33 ਵੋਟਾਂ ਮਿਲੀਆਂ ਹਨ।ਸ੍. ਬਰਾੜ ਨੇ ਕਿਹਾ ਕਿ ਬੇਸ਼ੱਕ ਲੋਕ ਸਭਾ ਚੋਣਾਂ ਉਹ ਜਿੱਤ ਨਹੀਂ ਸਕੇ, ਪਰ ਉਹ ਪੰਜਾਬ ਤੇ ਪੰਥ ਦੀ ਆਵਾਜ਼ ਲੋਕਾਂ ਤੱਕ ਪਹੁੰਚਾਉਣ ਵਿੱਚ ਜ਼ਰੂਰ ਸਫ਼ਲ ਹੋਏ ਹਨ।ਉਨ੍ਹਾਂ ਕਿਹਾ ਕਿ ਉਹ ਪੰਜਾਬ ਤੇ ਪੰਥ ਦੇ ਮਸਲੇ ਲੋਕ ਸਭਾ ਵਿੱਚ ਨਹੀਂ ਉਠਾ ਸਕਣਗੇ, ਪਰ ਉਹ ਇਹ ਮਸਲੇ ਲੋਕ ਕਚਹਿਰੀ ਵਿੱਚ ਉਠਾ ਕੇ ਸਿਆਸੀ ਪਾਰਟੀਆਂ ਨੂੰ ਮਸਲਿਆਂ ਦੇ ਹੱਲ ਲਈ ਕਾਰਵਾਈ ਕਰਨ ਲਈ ਮਜਬੂਰ ਕਰਨਗੇ।ਇਸ ਮੌਕੇ ਬੈਂਸ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਦੇ ਪ੍ਰਧਾਨ ਦਰਸ਼ਨ ਸਿੰਘ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੋਹਨ ਸਿੰਘ ਨੇ ਕਮਲਜੀਤ ਸਿੰਘ ਬਰਾੜ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕਰਦਿਆਂ ਭਵਿੱਖ ਵਿੱਚ ਵੀ ਹਰ ਸਹਿਯੋਗ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਮਨਜਿੰਦਰ ਸਿੰਘ, ਕਰਨੈਲ ਸਿੰਘ, ਵਰਿੰਦਰ ਸਿੰਘ ਤੇ ਬੀਬੀ ਹਰਬੰਸ ਕੌਰ ਸਮੇਤ ਕਈ ਆਗੂ ਹਾਜ਼ਰ ਸਨ।

# ਕੁਲਵਿੰਦਰ ਕੌਰ 'ਤੇ ਪਰਚਾ ਦਰਜ ਕਰਨ ਨੂੰ ਸਹਿਣ ਨਹੀਂ ਕਰਾਂਗੇ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜੋ ਬੀਤੇ ਦਿਨੀਂ ਚੰਡੀਗੜ੍ਹ ਹਵਾਈ ਅੱਡੇ ਉਤੇ ਹਿਮਾਚਲੀ ਐਕਟਰ ਕੰਗਣਾ ਵੱਲੋਂ ਪਹੁੰਚਣ 'ਤੇ, ਡਿਊਟੀ ਤੇ ਤਾਇਨਾਤ ਸੀ.ਆਈ.ਐੱਸ.ਐੱਫ. ਦੀ ਬੀਬੀ ਕੁਲਵਿੰਦਰ ਕੌਰ ਨੇ ਜਦੋਂ ਉਸ ਨੂੰ ਆਪਣਾ ਫੋਨ ਤੇ ਹੋਰ ਸਾਮਾਨ ਦੀ ਤਲਾਸ਼ੀ ਲੈਣ ਲਈ ਕਿਹਾ, ਜੋ ਕਿ ਉਸ ਦੀ ਡਿਊਟੀ ਸੀ, ਉਪਰੰਤ ਕੰਗਣਾ ਵੱਲੋਂ ਕੁਲਵਿੰਦਰ ਕੌਰ ਨੂੰ ਤਲਾਸ਼ੀ ਦੇਣ ਦੀ ਬਜਾਏ 'ਕੌਰ ਖ਼ਾਲਿਸਤਾਨੀ' ਦੇ ਨਾਮ ਨਾਲ ਪੁਕਾਰਨ ਉਤੇ ਜੋ ਭੜਕਾਹਟ ਪੈਦਾ ਕੀਤੀ ਗਈ ਅਤੇ ਜੋ ਉਸ ਨੇ ਗੈਰ ਕਾਨੂੰਨੀ ਅਮਲ ਕੀਤਾ, ਪੰਜਾਬੀਆਂ ਤੇ ਸਿੱਖ ਕੌਮ ਬਾਰੇ ਗਲਤ ਸ਼ਬਦਾਵਲੀ ਦੀ ਵਰਤੋਂ ਕਰਨ ਦੀ ਬਦੌਲਤ ਹੀ ਸਿੱਖੀ ਅਣਖ ਦਾ ਥੱਪੜ ਵੱਜਣ ਦੇ ਹਾਲਾਤ ਪੈਦਾ ਹੋਏ।ਬੀਬੀ ਕੁਲਵਿੰਦਰ ਕੌਰ ਦੀ ਇਸ ਵਿੱਚ ਕੋਈ ਗਲਤੀ ਨਹੀਂ ਸੀ।ਇਸ ਦੇ ਬਾਵਜੂਦ ਚੰਡੀਗੜ੍ਹ ਪੁਲਸ ਵੱਲੋਂ ਮੁਤੱਸਵੀ ਹੁਕਮਰਾਨਾਂ ਦੀ ਸਰਪ੍ਰਸਤੀ ਕਰਦੇ ਹੋਏ ਜੋ ਬੀਬੀ ਕੁਲਵਿੰਦਰ ਕੌਰ 'ਤੇ ਗੈਰ-ਕਾਨੂੰਨੀ ਢੰਗ ਨਾਲ ਕੇਸ ਰਜਿਸਟਰਡ ਕਰਨ ਤੇ ਸੀ.ਆਈ.ਐੱਸ.ਐੱਫ. ਦੀ ਫੋਰਸ ਵੱਲੋਂ ਉਸ ਬੀਬੀ ਨੂੰ ਬਿਨਾਂ ਕਿਸੇ ਜਾਂਚ ਦੇ ਆਦੇਸ਼ ਦੇਣ ਤੋਂ ਸਸਪੈਂਡ ਕਰਨ ਦੀ ਕਾਰਵਾਈ ਤਾਂ ਬਿਲਕੁਲ ਗੈਰ-ਕਾਨੂੰਨੀ ਤੇ ਗੈਰ-ਇਖਲਾਕੀ ਹੈ, ਜਦੋਂਕਿ ਕੇਸ ਤਾਂ ਉਸ ਬੀਬੀ ਕੰਗਣਾ ਤੇ ਕਰਨਾ ਬਣਦਾ ਹੈ, ਜਿਸ ਨੇ ਡਿਊਟੀ 'ਤੇ ਤਾਇਨਾਤ ਬੀਬਾ ਨੂੰ ਤਲਾਸ਼ੀ ਦੇਣ ਤੋਂ ਨਾਂਹ ਕਰਕੇ ਤੇ ਉਸ ਸਿੱਖ ਬੀਬੀ ਲਈ ਕੌਰ ਖ਼ਾਲਿਸਤਾਨੀ ਦਾ ਭੜਕਾਹਟ ਵਾਲਾ ਸ਼ਬਦ ਵਰਤਕੇ ਸਿੱਖ ਕੌਮ ਤੇ ਪੰਜਾਬੀਆਂ ਨੂੰ ਬਦਨਾਮ ਕਰਨ ਦੀ ਗੁਸਤਾਖੀ ਕੀਤੀ ਹੈ, ਜੋ ਕਿ ਉਸ ਦੀ ਲੰਮੇ ਸਮੇਂ ਤੋਂ ਭੱਦੀ ਸ਼ਬਦਾਵਲੀ ਵਾਲੀ ਬਿਆਨਬਾਜ਼ੀ ਦਾ ਨਤੀਜਾ ਵੀ ਹੈ।ਇਹ ਵਿਚਾਰ ਸ੍. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰਗਟ ਕਰਦੇ ਹੋਏ ਕਿਹਾ ਕਿ ਜੋ ਅਮਲ ਚੰਡੀਗੜ੍ਹ ਪੁਲਸ ਤੇ ਸੀ.ਆਈ.ਐੱਸ.ਐੱਫ. ਦੇ ਮੁਖੀ ਵੱਲੋਂ ਕੀਤਾ ਗਿਆ ਹੈ, ਉਹ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਮੁੱਚੇ ਪੰਜਾਬੀਆਂ ਤੇ ਸਿੱਖ ਕੌਮ ਲਈ ਅਸਹਿ ਹੈ, ਜਿਸ ਨੂੰ ਕਤਈ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਲਈ ਹੁਕਮਰਾਨਾਂ ਲਈ ਬਿਹਤਰ ਹੋਵੇਗਾ ਕਿ ਉਹ ਬੀਬਾ ਕੁਲਵਿੰਦਰ ਕੌਰ ਉਤੇ ਕੀਤੇ ਗਏ ਰਜਿਸਟਰਡ ਕੇਸ ਤੇ ਉਸ ਨੂੰ ਸਸਪੈਂਡ ਕਰਨ ਦੇ ਗੈਰ-ਕਾਨੂੰਨੀ ਹੁਕਮਾਂ ਉਤੇ ਪੰਜਾਬੀਆਂ ਤੇ ਸਿੱਖ ਕੌਮ ਵਿੱਚ ਉੱਠਣ ਵਾਲੇ ਰੋਹ ਤੋਂ ਪਹਿਲੇ ਹੀ ਉਸ ਨੂੰ ਸ਼ਾਂਤ ਕਰ ਲਿਆ ਜਾਵੇ, ਤਾਂ ਕਿ ਸਥਿਤੀ ਕਿਸੇ ਤਰ੍ਹਾਂ ਵਿਸਫੋਟਕ ਨਾ ਬਣ ਸਕੇ।

ਸ. ਮਾਨ ਨੇ ਬਾਹਰਲੇ ਮੁਲਕ ਦੇ ਜਿਨ੍ਹਾਂ ਸਿੱਖਾਂ ਵੱਲੋਂ ਬੀਬੀ ਕੁਲਵਿੰਦਰ ਕੌਰ ਨੂੰ 5 ਲੱਖ ਰੁਪਏ ਤੇ ਹੋਰ ਵੱਡੀਆਂ ਰਕਮਾਂ ਦੀ ਸਹਾਇਤਾ ਵਜੋਂ ਦੇਣ ਦੇ ਐਲਾਨ ਕੀਤੇ ਗਏ ਹਨ ਅਤੇ ਸਿੱਖੀ ਸੰਸਥਾਵਾਂ ਤੇ ਸਿੱਖਾਂ ਵੱਲੋਂ ਇਸ ਬੀਬੀ ਨੂੰ ਹਰ ਤਰ੍ਹਾਂ ਸਹਿਯੋਗ ਕਰਨ ਤੇ ਮੁਤੱਸਵੀ ਹੁਕਮਰਾਨਾਂ ਦੀ ਨੌਕਰੀ ਕਰਨ ਦੀ ਬਜਾਏ ਖਾਲਸਾ ਪੰਥ ਦੀ ਸੇਵਾ ਕਰਨ ਤਜਵੀਜ਼ ਭੇਜੀ ਗਈ ਹੈ ਅਤੇ ਇਸ ਬੀਬੀ ਨੂੰ ਸਨਮਾਨ ਕਰਦੇ ਹੋਏ ਸਿੱਖ ਕੌਮ ਵਿੱਚ ਅੱਗੇ ਲਿਆਉਣ ਦੀ ਗੱਲ ਕੀਤੀ ਗਈ ਹੈ, ਉਨ੍ਹਾਂ ਸਿੱਖਾਂ ਤੇ ਸਿੱਖੀ ਭਾਵਨਾਵਾ ਦੀ ਕਦਰ ਕਰਦੇ ਹੋਏ ਅਜਿਹੇ ਅਣਖੀ ਸਿੱਖਾਂ ਦਾ ਵੀ ਧੰਨਵਾਦ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇਸ ਬੀਬਾ ਦੇ ਨਾਲ ਡੱਟ ਕੇ ਖੜਨ ਦੀ ਵੀ ਗੱਲ ਕੀਤੀ ਹੈ।


**POLICE DAV PUBLIC SCHOOL**
PAP CAMPUS, JALANDHAR CANTT. PH:2241246, 7087956715
E-mail: papdavjl@yahoo.co.in www.policedavjal.in
(CO-EDUCATIONAL ENGLISH MEDIUM SCHOOL) MANAGED BY DAV COLLEGE MANAGING COMMITTEE, NEW DELHI
(AFFILIATED TO CBSE, NEW DELHI. VIDE NO. 1630154)

**TENDER FOR DISPOSE OFF**

Sealed tenders are invited for dispose off /Scrap under crash policy of Punjab Govt. for following Vehicles

| S.No. | Bus No. | Type | Model | Reserve Amount |
|---|---|---|---|---|
| 1 | HR-38-P-2783 | Swaraj Mazda Bus | 2008 | Rs. 3,12,500/- |
| 2 | HR-38-P-2785 | Swaraj Mazda Bus | 2008 | Rs. 3,12,500/- |
| 3 | PB-08-AL-5369 | TATA 709 Bus | 2003 | Rs. 1,43,849/- |
| 4 | PB-08-AZ-9311 | Innova | 2007 | Rs. 2,10,250/- |
| 5 | PB-08-AB-9625 | TATA 407 Bus | 1999 | Rs. 81,580/- |
| 6 | PB-08-DH-5759 | Motor Cycle | 2016 | Rs. 11,711/- |

Concerned parties can submit their tenders for the same. Last date for submission of tenders is 16.06.2024 by 5.00 P.M through post office only in favour of Principal, Police DAV Public School, Jalandhar. The tenders will be opened on 17.06.2024 at 12 o'clock in the school office. If no tender is received as per the requirement then the vehicles will be sold as scrap /crash policy in open market with a bid on same date at 1.00 p.m.

Principal
7087956715


## ਸਿਰਸਾ ਦੇ ਨੌਹਰੀਆ ਬਾਜ਼ਾਰ 'ਚ ਦੁਕਾਨ ਸੜ ਕੇ ਸੁਆਹ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਸਿਰਸਾ ਦੇ ਨੌਹਰੀਆ ਬਾਜ਼ਾਰ ਸਥਿਤ ਇੱਕ ਦੁਕਾਨ ਵਿੱਚ ਭਿਆਨਕ ਅੱਗ ਲੱਗਣ ਨਾਲ ਦੁਕਾਨ ਮਾਲਕ ਦਾ ਵੱਡਾ ਨੁਕਸਾਨ ਹੋ ਗਿਆ। ਮਿਲੀ ਜਾਣਕਾਰੀ ਮੁਤਾਬਕ ਸਿਰਸਾ ਨਿਵਾਸੀ ਸਤੀਸ਼ ਆਨੰਦ ਦੀ ਨੌਹਰੀਆ ਬਾਜ਼ਾਰ 'ਚ ਆਨੰਦ ਭਵਨ ਡੈਕੋਰੇਸ਼ਨ ਦੇ ਨਾਂਅ 'ਤੇ ਦੁਕਾਨ ਹੈ।

ਦੁਕਾਨ ਮਾਲਕ ਸਤੀਸ਼ ਆਨੰਦ ਦਾ ਕਹਿਣਾ ਹੈ ਕਿ ਉਹ ਸਵੇਰੇ ਦੁਕਾਨ ਖੋਲ੍ਹਣ ਤੋਂ ਬਾਅਦ ਉਸ ਨੇ ਅੰਦਰ ਬਣੇ ਲੱਕੜ ਦੇ ਮੰਦਰ ਵਿੱਚ ਦੀਵਾ ਜਗਾ ਕੇ ਪੱਖਾ ਚਲਾ ਕੇ ਕਿਸੇ ਕੰਮ ਘਰ ਚਲਾ ਗਿਆ।ਪਿੱਛੋ ਤੋਂ ਪੱਖੇ ਦੀ ਤੇਜ਼ ਹਵਾ ਕਾਰਨ ਅੱਗ ਦੀ ਲਪਟ ਮੰਦਰ ਦੇ ਕੱਪੜੇ ਨੂੰ ਲੱਗ ਗਈ ਤੇ ਕੁਝ ਹੀ ਸਮੇਂ ਵਿੱਚ ਅੱਗ ਪੂਰੀ ਦੁਕਾਨ ਵਿੱਚ ਫੈਲ ਗਈ।ਸੂਚਨਾ ਮਿਲਣ 'ਤੇ ਫਾਇਰ ਬ੍ਰਿਗੇਡ ਦੀ ਗੱਡੀ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ।

ਦੁਕਾਨ ਮਾਲਕ ਸਤੀਸ਼ ਆਨੰਦ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਦੁਕਾਨ 'ਚ ਸਜਾਵਟ ਦਾ ਸਾਮਾਨ ਮਿਲਦਾ ਹੈ, ਜੋ ਅੱਗ ਲੱਗਣ ਨਾਲ ਸਾਰਾ ਸੜ ਗਿਆ ਤੇ ਉਸ ਦਾ ਭਾਰੀ ਆਰਥਿਕ ਨੁਕਸਾਨ ਹੋ ਗਿਆ।

## 190 ਗ੍ਰਾਮ ਹੈਰੋਇਨ ਤੇ ਬੁਲਟ ਮੋਟਰਸਾਈਕਲ ਸਮੇਤ ਦੋ ਗ੍ਰਿਫ਼ਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਆਰਿਫ ਕੇ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਤਸਕਰਾਂ ਨੂੰ 190 ਗ੍ਰਾਮ ਹੈਰੋਇਨ ਤੇ ਇਕ ਬੁਲਟ ਮੋਟਰਸਾਈਕਲ ਬਿਨਾਂ ਨੰਬਰੀ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸਤਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਪੁਲ ਸਤਲੁੱਜ ਬੰਡਾਲਾ ਪਾਸ ਪੁੱਜੇ ਤਾਂ ਇਕ ਬੁਲਟ ਮੋਟਰਸਾਈਕਲ 'ਤੇ 2 ਨੌਜਵਾਨ ਜਸਕਰਨ ਸਿੰਘ ਉਰਫ ਕਰਨ ਪੁੱਤਰ ਧਰਮ ਸਿੰਘ ਵਾਸੀ ਕਲਸ ਥਾਣਾ ਖੇਮਕਰਨ ਜ਼ਿਲ੍ਹਾ ਤਰਨਤਾਰਨ ਤੇ ਹਰਪਾਲ ਸਿੰਘ ਭਾਲਾ ਪੁੱਤਰ ਗੁਰਦਿਆਲ ਸਿੰਘ ਵਾਸੀ ਭੂਰਾ ਕਰੀਮਪੁਰਾ ਥਾਣਾ ਖੇਮਕਰਨ ਜ਼ਿਲ੍ਹਾ ਤਰਨਤਾਰਨ ਆਉਂਦੇ ਵਿਖਾਈ ਦਿੱਤੇ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਏ ਤੇ ਮੋਟਰਸਾਈਕਲ ਪਿੱਛੇ ਮੋੜ ਕੇ ਭੱਜਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ 190 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਬਲੌਜ਼ਮਜ਼ ਕਾਨਵੈਂਟ ਸਕੂਲ ਵੱਲੋਂ ਮਾਤਾ ਸੁਖਦੇਵ ਕੌਰ ਨੂੰ ਨਿੱਘੀ ਸ਼ਰਧਾਂਜਲੀ

**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ ਦੇ ਮਾਤਾ ਸੁਖਦੇਵ ਕੌਰ ਆਪਣੇ ਸਵਾਸਾਂ ਦੀ ਪੂੰਜੀ ਦੇ ਸੌ ਵਰ੍ਹੇ ਪੂਰੇ ਕਰਕੇ ਅਕਾਲ ਪੁਰਖ ਦੀ ਗੋਦ ਵਿੱਚ ਜਾ ਬਿਰਾਜੇ ਹਨ।ਮਾਤਾ ਜੀ ਬਹੁਤ ਭਾਗਾਂ ਵਾਲੇ ਸਨ, ਜੋ ਕਿ ਪੋਤਰੇ, ਪੜਪੋਤੇ ਤੇ ਪੜਪੋਤੀ ਵਾਲੇ ਹੋ ਕੇ ਗਏ ਹਨ।ਬੇਸ਼ੱਕ ਉਨ੍ਹਾਂ ਨੇ ਵੱਡੇ ਪੁੱਤਰ ਸਵ. ਸ੍. ਮੇਜਰ ਸਿੰਘ ਜੌਹਲ ਬੀਤੇ ਸਾਲੀਂ ਇਸ ਸੰਸਾਰ ਨੂੰ ਛੱਡ ਗਏ ਸਨ।ਮਾਤਾ ਜੀ ਨੇ ਉਸ ਦੁੱਖ ਨੂੰ ਪ੍ਰਮਾਤਮਾ ਦਾ ਭਾਣਾ ਮੰਨਿਆ।ਇਸ ਘੜੀ ਵਿੱਚ ਸਕੂਲ ਦੇ ਪ੍ਰਿੰ. ਡਾ. ਅਮਰਜੀਤ ਕੌਰ ਨਾਜ਼ ਨੇ ਕਿਹਾ ਕਿ ਅਜਿਹੀਆਂ ਰੂਹਾਂ ਸੰਸਾਰ 'ਤੇ ਬਹੁਤ ਘੱਟ ਹਨ, ਜੋ ਇੰਨੀ ਵਡੇਰੀ ਉਮਰ ਬਤੀਤ ਕਰਦੀਆਂ ਹਨ।ਅਸੀਂ ਮਾਤਾ ਜੀ ਨੂੰ ਹਮੇਸ਼ਾ ਆਪਣੇ ਹਿਰਦੇ ਵਿੱਚ ਵਸਾ ਕੇ ਰੱਖਾਂਗੇ।ਉਨ੍ਹਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਦੀ ਕੋਸ਼ਿਸ਼ ਕਰਾਂਗੇ।ਸਮੁੱਚਾ ਬਲੌਜ਼ਮਜ਼ ਪਰਿਵਾਰ ਇਸ ਦੁੱਖ ਦੀ ਘੜੀ ਵਿੱਚ ਜੌਹਲ ਪਰਿਵਾਰ ਦੇ ਨਾਲ ਹਮੇਸ਼ਾ ਖੜੇਗਾ।ਇਸ ਦੇ ਨਾਲ ਹੀ ਸਕੂਲ ਦੇ ਪ੍ਰੈਜ਼ੀਡੈਂਟ ਸ੍. ਮਨਪ੍ਰੀਤ ਸਿੰਘ ਬਰਾੜ ਨੇ ਕਿਹਾ ਕਿ ਮਾਤਾ ਜੀ ਦੀਆਂ ਅਸੀਸਾਂ ਸਦਕਾ ਅਸੀਂ ਅੱਜ ਇਸ ਮੁਕਾਮ 'ਤੇ ਪਹੁੰਚੇ ਹਾਂ ਅਤੇ ਉਨ੍ਹਾਂ ਦੇ ਦਿਖਾਏ ਮਾਰਗ ਨੂੰ ਅਪਣਾਉਂਦੇ ਹੋਏ ਸਮਾਜ ਵਿੱਚ ਵਿਚਰਾਂਗੇ।ਇਸ ਮੌਕੇ ਰਛਪਾਲ ਸਿੰਘ, ਅਜਮੇਰ ਸਿੰਘ ਰੱਤੀਆਂ ਤੇ ਗੁਰਜਿੰਦਰ ਸਿੰਘ ਸੰਧਵਾਂ ਨੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ।ਮਾਤਾ ਜੀ ਦੇ ਭੋਗ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ ਪਿੰਡ ਸਲੀਣਾ ਵਿਖੇ 9 ਜੂਨ ਨੂੰ 11 ਤੋਂ 12 ਵਜੇ ਦੇ ਵਿਚਕਾਰ ਪਾਏ ਜਾਣਗੇ।



## ਹਨੀ ਫੱਤਣਵਾਲਾ ਨੇ ਸੁਖਬੀਰ ਨੂੰ ਦਿੱਤੀ ਵਧਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਪਿੰਡ ਬਾਦਲ ਵਿਖੇ ਜਾ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਬੀਤੇ ਦਿਨੀਂ ਲੋਕ ਸਭਾ ਹਲਕਾ ਬਠਿੰਡਾ ਤੋਂ ਪ੍ਰਾਪਤ ਕੀਤੀ ਵੱਡੀ ਸ਼ਾਨਦਾਰ ਜਿੱਤ ਦੀ ਵਧਾਈ ਦਿੱਤੀ।ਹਨੀ ਫੱਤਣਵਾਲਾ ਨੇ ਕਿਹਾ ਕਿ ਇਹ ਜਿੱਤ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਕੀਤੀ ਗਈ ਹਲਕੇ ਦੀ ਤਰੱਕੀ ਤੇ ਸੁਖਬੀਰ ਸਿੰਘ ਬਾਦਲ ਤੇ ਪਾਰਟੀ ਵਰਕਰਾਂ ਦੀ ਮਿਹਨਤ ਦਾ ਨਤੀਜਾ ਹੈ।

ਇਸ ਦੌਰਾਨ ਜਿੱਥੇ ਹਨੀ ਫੱਤਣਵਾਲਾ ਤੇ ਜੈਰਾਜ ਸਿੰਘ ਬਰਾੜ ਵਾਈਸ ਪ੍ਰਧਾਨ ਯੂਥ ਅਕਾਲੀ ਦਲ ਨੇ ਵਧਾਈ ਦਿੱਤੀ, ਉਥੇ ਹੀ ਰਾਜਸੀ ਵਿਚਾਰਾਂ ਵੀ ਕੀਤੀਆਂ ਤੇ ਆਉਣ ਵਾਲੇ ਸਮੇਂ ਵਿੱਚ ਅਕਾਲੀ ਦਲ ਦੀ ਚੜ੍ਹਦੀਕਲਾਂ ਲਈ ਵਿਚਾਰ ਵਟਾਂਦਰਾ ਕੀਤਾ ਗਿਆ।


**ਪੰਜਾਬ ਮੰਡੀ ਬੋਰਡ**

**ਸ਼ਾਰਟ ਟਰਮ ਈ-ਟੈਂਡਰਿੰਗ ਨੋਟਿਸ ਨੰ: 12 ਮਿਤੀ 7.06.2024**

ਦ.ਫ਼ਤਰ ਕਾਰਜਕਾਰੀ ਇੰਜੀਨੀਅਰ (ਸ) ਪੰਜਾਬ ਮੰਡੀ ਬੋਰਡ ਤਰਨ ਤਾਰਨ ਵੱਲੋਂ ਸਬ ਯਾਰਡ ਮਾੜੀ ਮੇਘਾ ਅਤੇ ਅਲਗੋ ਕਲਾਂ ਦੀਆਂ ਪਾਰਕਿੰਗ/ਆਕਸ਼ਨ ਪਲੇਟਫਾਰਮ ਉੱਪਰ ਇੱਟਾਂ ਦਾ ਖੜਵੰਜਾ ਆਦਿ ਲਗਾਉਣ ਦੇ ਕੰਮਾਂ ਲਈ ਪੰਜਾਬ ਮੰਡੀ ਬੋਰਡ ਪਾਸੋਂ ਪ੍ਰਵਾਨਿਤ ਰਜਿਸਟਰਡ ਯੋਗ ਠੇਕੇਦਾਰਾਂ/ਫਰਮਾਂ/ਸਹਿਕਾਰੀ ਸਭਾਵਾਂ ਪਾਸੋਂ ਪ੍ਰਤੀਸ਼ਤ ਦਰ ਉੱਤੇ ਈ-ਟੈਂਡਰਿੰਗ ਸਾਈਟ http://eproc.punjab.gov.in ਰਾਹੀਂ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।

ਇਸ ਟੈਂਡਰ ਨੋਟਿਸ ਦੇ ਨਿਯਮਾਂ ਅਤੇ ਸ਼ਰਤਾਂ ਸੰਬੰਧੀ ਹੋਰ ਜਾਣਕਾਰੀ ਲਈ ਪੰਜਾਬ ਸਰਕਾਰ ਦੀ ਈ-ਟੈਂਡਰਿੰਗ ਸਾਈਟ http://eproc.punjab.gov.in ਤੋਂ ਹਵਾਲਾ ਲਿਆ ਜਾ ਸਕਦਾ ਹੈ।

ਨੋਟ :-ਕੋਰੀਜੰਡਮ ਕੇਵਲ http://eproc.punjab.gov.in ਵੈੱਬਸਾਈਟ 'ਤੇ ਹੀ ਜਾਰੀ ਕੀਤਾ ਜਾਵੇਗਾ।

ਨੰ: 2564
ਮਿਤੀ : 7.6.2024

ਸਹੀ/-ਕਾਰਜਕਾਰੀ ਇੰਜੀਨੀਅਰ (ਸ),
ਪੰਜਾਬ ਮੰਡੀ ਬੋਰਡ, ਤਰਨ ਤਾਰਨ।



AXIS BANK LTD.

ਐਕਸਿਸ ਬੈਂਕ ਲਿਮਟਿਡ : ਰਿਟੇਲ ਐਸੇਟ ਸੈਂਟਰ, ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਰਜਿਸਟਰਡ ਦਫ਼ਤਰ : "ਤ੍ਰਿਸ਼ੁਲ" ਤੀਜੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਟੈਂਪਲ, ਨੇੜੇ ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

**ਹਵਾਲਾ ਰੂਲ 8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਉਰੀਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ਤਹਿਤ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੇ ਨਾਤੇ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ (1) ਮੈਸ: ਪੰਜਾਬ ਟ੍ਰੇਡਿੰਗ ਕੰਪਨੀ ਰਾਹੀਂ ਇਸ ਦੇ ਮਾਲਕ ਸ੍ਰੀ ਮਨੋਜ ਕੁਮਾਰ (2) ਸ੍ਰੀ ਮਨੋਜ ਕੁਮਾਰ (3) ਸ੍ਰੀ ਪੰਕਜ ਸ਼ਰਮਾ (4) ਸ੍ਰੀ ਪ੍ਰਮੋਦ ਸ਼ਰਮਾ ਨੂੰ ਖਾਤਾ ਨੰ. 914030034379146 'ਚ ਓਵਰ ਡਰਾਫਟ ਸਹੂਲਤ ਵਿਰੁੱਧ ਨੋਟਿਸ 'ਚ ਦਰਸਾਈ ਰਕਮ 29 ਅਗਸਤ 2023 ਨੂੰ ਰੁ. 4167470/- (ਇਕਤਾਲੀ ਲੱਖ ਸਤਾਹਠ ਹਜ਼ਾਰ ਚਾਰ ਸੌ ਸੱਤਰ ਰੁਪਏ ਕੇਵਲ) ਅਤੇ ਇਸ ਉਪਰ ਵਿਆਜ ਅਤੇ ਲਾਗਤ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ 31 ਅਗਸਤ 2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ /ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ 05 ਜੂਨ 2024 ਨੂੰ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਨ੍ਹਾਂ ਜਾਇਦਾਦਾਂ ਸੰਬੰਧੀ ਕਿਸੇ ਕਿਸਮ ਦੀ ਸੌਦੇਬਾਜ਼ੀ ਨਾ ਕਰਨ ਦੀ ਚਿਤਾਵਨੀ ਦਿੱਤੀ ਜਾਂਦੀ ਹੈ ਅਤੇ ਇਨ੍ਹਾਂ ਜਾਇਦਾਦਾਂ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਦੀ 29 ਅਗਸਤ 2023 ਨੂੰ ਬਕਾਇਆ ਰਕਮ ਰੁਪਏ 41,67470 (ਇਕਤਾਲੀ ਲੱਖ ਸਤਾਹਠ ਹਜ਼ਾਰ ਚਾਰ ਸੌ ਸੱਤਰ ਰੁਪਏ ਕੇਵਲ) ਤੇ ਅਦਾਇਗੀ ਦੀ ਮਿਤੀ ਤੱਕ ਇਸ ਉਪਰ ਇਕਰਾਰਨਾਮੇ ਅਨੁਸਾਰ ਵਿਆਜ ਦੀ ਦਰ ਨਾਲ ਭਵਿੱਖੀ ਵਿਆਜ ਅਤੇ ਲਾਗਤਾਂ ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ : 1. ਤਬਾਦਲਾ ਬੈਨਾਮਾ 366 ਮਿਤੀ 23.5.2018 ਰਾਹੀਂ ਸ੍ਰੀ ਮਨੋਜ ਕੁਮਾਰ ਨੂੰ ਰਜਿਸਟਰਡ ਜਾਇਦਾਦ/ਮਕਾਨ ਰਕਬਾ 0 ਕੇ-5 ਐੱਮ ਜੋ ਕਿ 150 ਵਰਗ ਗਜ਼, ਕੁਲ ਜ਼ਮੀਨ ਰਕਬਾ 0 ਕੇ-17.2/3 ਐੱਮ ਦਾ 15/53 ਹਿੱਸਾ ਹੈ, ਖੇਵਟ ਨੰ. 965/1268, ਖਸਰਾ ਨੰ. 27//18/2/9/2/0-17.2/3, ਕਿੱਤੇ 1, ਹਦਬਸਤ ਨੰ. 339, ਬਹਾਦਰਗੜ੍ਹ (ਅਹਿਮਦਗੜ੍ਹ), ਜ਼ਿਲ੍ਹਾ ਸੰਗਰੂਰ, ਜਮ੍ਹਾਂਬੰਦੀ ਸਾਲ 2012-2013 ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਸਾਧੂ ਸਿੰਘ 28'-6'', ਉੱਤਰ : ਸੁਰਜੀਤ ਸਿੰਘ 48'-0'', ਪੱਛਮ : ਗਲੀ, ਦੱਖਣ : ਰਾਏ ਸਿੰਘ 48'-0'',
2. ਤਬਾਦਲਾ ਬੈਨਾਮਾ 367 ਮਿਤੀ 23.5.2018 ਰਾਹੀਂ ਸ੍ਰੀ ਪ੍ਰਮੋਦ ਸ਼ਰਮਾ ਅਤੇ ਸ੍ਰੀ ਪੰਕਜ ਸ਼ਰਮਾ ਨੂੰ ਰਜਿਸਟਰਡ ਜਾਇਦਾਦ/ਮਕਾਨ ਰਕਬਾ 0 ਕੇ-4.1/2 ਐੱਮ ਜੋ ਕਿ 133.1/3 ਵਰਗ ਗਜ਼ ਹੈ, ਖੇਵਟ ਨੰ. 1261/1590, ਖਸਰਾ ਨੰ. 27/23/1/3/1/0-4.1/2 ਕਿੱਤੇ 1, ਹਦਬਸਤ ਨੰ. 339, ਜਮ੍ਹਾਂਬੰਦੀ ਸਾਲ 2012-2013 ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਦਿਦਾਰ ਸਿੰਘ 25'-0'', ਉੱਤਰ : ਗੁਰਚਰਨ ਕੌਰ 48'-0'', ਪੱਛਮ : ਗਲੀ, ਦੱਖਣ : ਬਲਜੀਤ ਸਿੰਘ ਤੇ ਲੌਟੇ-48'-0''

ਮਿਤੀ : 08 ਜੂਨ 2024
ਸਥਾਨ : ਅਹਿਮਦਗੜ੍ਹ

ਸਹੀ/- (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਜਾਇਦਾਦ ਵਿਕਰੀ ਨੋਟਿਸ**

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਭੌਤਿਕ ਕਬਜ਼ਾ ਲੈ ਲਿਆ ਹੈ। ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠਾਂ ਦਿੱਤੇ ਗਏ ਕੇਸ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ ਦੀ ਵਸੂਲੀ ਲਈ ਬੈਂਕ ਵੱਲੋਂ 17.7.2024 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | 1. ਮੈਸ : ਵੀ ਐੱਸ ਬੀ ਇੰਪੋਰਟ ਐਕਸਪੋਰਟ ਹਾਊਸ, ਰਾਹੀਂ ਇਸ ਦੇ ਮਾਲਕ ਗੁਰਸਾਜਨ ਬੇਦੀ (Gursajjan Bedi) ਪੁੱਤਰ ਸ੍ਰੀ ਇਕਬਾਲ ਸਿੰਘ ਬੇਦੀ, ਰਜਿ: ਦਫ਼ਤਰ : ਦੁਕਾਨ ਨੰ: 05, ਪਹਿਲੀ ਮੰਜ਼ਲ, ਸਾਹਮਣੇ ਰੇਲਵੇ ਵਰਕਸ਼ਾਪ, ਪੁਤਲੀਘਰ ਅੰਮ੍ਰਿਤਸਰ (2) ਮੈਸ: ਬੇਦੀ ਐਕਸਪੋਰਟਸ ਰਾਹੀਂ ਇਸ ਦੀ ਮਾਲਕ ਸ੍ਰੀਮਤੀ ਬਲਬੀਰ ਕੌਰ ਪਤਨੀ ਸ੍ਰੀ ਇਕਬਾਲ ਸਿੰਘ ਬੇਦੀ, ਵਾਸੀ ਦੁਕਾਨ ਨੰ: 05, ਪਹਿਲੀ ਮੰਜ਼ਲ, ਸਾਹਮਣੇ ਰੇਲਵੇ ਵਰਕਸ਼ਾਪ, ਜੀ ਟੀ ਰੋਡ, ਪੁਤਲੀਘਰ, ਅੰਮ੍ਰਿਤਸਰ। (3) ਸ੍ਰੀਮਤੀ ਪ੍ਰਿਯਾਦਰਸ਼ਨੀ ਪਤਨੀ ਸ੍ਰੀ ਗੁਰਸਾਜਨ ਬੇਦੀ (Gursajjan Bedi) ਵਾਸੀ ਵਲਿੰਗਟਨ ਹਾਈਟ, ਫਲੈਟ ਨੰ. ਈ-0702, 117-118 ਵਿਖੇ ਸਥਿਤ, ਐਸ ਏ ਐਸ ਨਗਰ (ਮੁਹਾਲੀ) (4) ਕਸ਼ਮੀਰ ਸਿੰਘ ਪੁੱਤਰ ਸ੍ਰੀ ਠਾਕੁਰ ਦਾਸ ਵਾਸੀ ਗੋਲਡਨ ਐਵੀਨਿਊ, ਹਰਗੋਬਿੰਦਪੁਰਾ, ਨੇੜੇ ਰੇਲਵੇ ਫਾਟਕ, ਛੇਹਰਟਾ, ਅੰਮ੍ਰਿਤਸਰ-1 ਕਾਲੋ, ਅੰਮ੍ਰਿਤਸਰ। (5) ਸ੍ਰੀ ਗੁਰਸਾਜਨ ਬੇਦੀ (Gursajjan Bedi) ਬੇਦੀ ਪੁੱਤਰ ਸ੍ਰੀ ਇਕਬਾਲ ਸਿੰਘ ਬੇਦੀ ਵਾਸੀ ਦੁਕਾਨ ਨੰ. 5, ਪਹਿਲੀ ਮੰਜ਼ਲ, ਸਾਹਮਣੇ ਰੇਲਵੇ ਵਰਕਸ਼ਾਪ, ਪੁਤਲੀਘਰ ਅੰਮ੍ਰਿਤਸਰ। (6) ਸ੍ਰੀਮਤੀ ਬਲਬੀਰ ਕੌਰ ਪਤਨੀ ਸ੍ਰੀ ਇਕਬਾਲ ਸਿੰਘ ਬੇਦੀ ਵਾਸੀ ਦੁਕਾਨ ਨੰ. 5, ਪਹਿਲੀ ਮੰਜ਼ਲ, ਸਾਹਮਣੇ ਰੇਲਵੇ ਵਰਕਸ਼ਾਪ, ਪੁਤਲੀਘਰ, ਅੰਮ੍ਰਿਤਸਰ |
| ਬਕਾਇਆ ਰਕਮ CC/31300000013 CC/31300000014 | 1. ਰੁਪਏ 11,37,76,754.41 2. ਰੁਪਏ 7,69,37,607.75 (ਅਤੇ 01.06.2024 ਤੋਂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਜਾਇਦਾਦ ਦਾ ਵੇਰਵਾ : ਬੈਨਾਮਾ ਨੰ. 787 ਮਿਤੀ 08-05-2015 ਅਨੁਸਾਰ ਗੁਰਸਾਜਨ ਬੇਦੀ (Gursajjan Bedi) ਪੁੱਤਰ ਇਕਬਾਲ ਸਿੰਘ ਬੇਦੀ ਦੇ ਨਾਂਅ ਅਚੱਲ ਜਾਇਦਾਦ/ਵਪਾਰਕ ਸਾਈਟ ਨੰ. 406, ਚੌਥੀ ਮੰਜ਼ਲ, ਛੱਤਿਆ ਖੇਤਰਫਲ 617.78 ਵਰਗ ਫੁੱਟ (ਦਫ਼ਤਰ ਸਾਈਟ ਦਾ ਹਿੱਸਾ 0.16 ਮਰਲਾ, ਖੇਵਟ/ਖਤੌਨੀ ਨੰ. 285/345, ਖਸਰਾ ਨੰ. 31//3(2-11), ਹਿੱਸਾ 16/5100 ਜੋ ਕਿ 0.16 ਮਰਲਾ) ਵਾਕਿਆ ਸੰਨੀ ਬਿਜਨੈਸ ਸੈਂਟਰ, ਸੰਨੀ ਇਨਕਲੇਵ, ਫਤਿਹਉਲਾਪੁਰ (ਖਰੜ) |
| ਰਾਖਵੀਂ ਕੀਮਤ : | 1. ਰੁਪਏ 40.00 ਲੱਖ (ਰੁਪਏ ਚਾਲੀ ਲੱਖ ਕੇਵਲ) |
| ਈ ਐਮ ਡੀ (ਰਕਮ ਬਿਆਨਾ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਸਫ਼ਲ ਬੋਲੀਕਾਰ ਵੱਲੋਂ ਮਿਤੀ 17/07/2024 ਨੂੰ ਕੈਪਟੀਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਪੱਖ 'ਚ ਜਲੰਧਰ ਵਿਖੇ ਡਿਮਾਂਡ ਡਰਾਫਟ ਰਾਹੀਂ ਜਮ੍ਹਾਂ ਕਰਵਾਈ ਜਾਵੇਗੀ। ਟੈਂਡਰ ਫਾਰਮਜ ਅਤੇ ਈ ਐੱਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ:, ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ "ਜਿਵੇਂ ਹੈ ਜਿੱਥੇ ਹੈ" ਦੇ ਅਧਾਰ 'ਤੇ ਵੇਚੀ ਜਾਵੇਗੀ। ਕੁੱਲ ਈ ਐੱਮ ਡੀ (ਬਿਆਨਾ ਰਕਮ) ਸਮੇਤ ਟੈਂਡਰ ਪ੍ਰਾਪਤ ਕਰਨ ਦੀ ਮਿਤੀ/ਸਮਾਂ ਜੋ ਕਿ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ, ਜਲੰਧਰ ਦੇ ਪੱਖ 'ਚ 25 ਫੀਸਦੀ 17/07/2024 ਨੂੰ ਸਵੇਰੇ 11.00 ਵਜੇ ਤੱਕ ਹੈ। ਟੈਂਡਰ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧਾਂ ਦੀ ਹਾਜ਼ਰੀ 'ਚ ਅਤੇ ਹੋਰ ਗੱਲਬਾਤ ਲਈ ਮੁੱਖ ਦਫ਼ਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਉਕਤ ਮਿਤੀ ਨੂੰ ਸਮਾਂ ਸਵੇਰੇ 11.00 ਵਜੇ ਖੋਲ੍ਹੇ ਜਾਣਗੇ। ਟੈਂਡਰ ਫਾਰਮ ਦੀ ਵਿਕਰੀ ਅਤੇ ਜਾਇਦਾਦ ਦੇ ਨਿਰੀਖਣ ਦੀਆਂ ਵਿਸਥਾਰਤ ਸ਼ਰਤਾਂ ਲਈ ਕ੍ਰਿਪਾ ਕਰਕੇ ਸ਼ਾਖਾ ਦਫ਼ਤਰ, 32 ਮਾਲ ਰੋਡ, ਅੰਮ੍ਰਿਤਸਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਵਿਕਰੀ ਸਕਿਉਰਿਟਾਈਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ਼ ਫਾਇਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ 2002 ਦੇ ਨਿਯਮਾਂ/ਸ਼ਰਤਾਂ ਮੁਤਾਬਕ ਹੋਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਹੋਣ ਤੋਂ ਪਹਿਲਾਂ ਕਿਸੇ ਸਮੇਂ ਵੀ ਬੋਲੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ, ਸ਼ਰਤਾਂ ਅਤੇ ਨਿਯਮ ਤਬਦੀਲ ਕਰਨ ਦਾ ਅਧਿਕਾਰ ਹੈ।

ਮਿਤੀ : 07.06.2024, ਸਥਾਨ : ਜਲੰਧਰ ਅਧਿਕਾਰਤ ਅਫਸਰ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸਰਕਾਰਾਂ ਨੂੰ ਪੈਨਸ਼ਨਰਜ਼/ਮੁਲਾਜ਼ਮਾਂ ਦੀ ਅਣਦੇਖੀ ਦਾ ਖਮਿਆਜ਼ਾ ਭੁਗਤਣਾ ਪਿਆ : ਫਤਿਹ ਚੱਕ



**ਪੱਟੀ (ਬਲਦੇਵ ਸਿੰਘ ਸੰਧੂ)**-ਪੈਨਸ਼ਨਰਜ਼ ਐਂਡ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਜ਼ਿਲਾ ਤਰਨਤਾਨ ਦੀ ਮਹੀਨਾਵਾਰ ਮੀਟਿੰਗ ਅਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਜ਼ਿਲਾ ਜਨਰਲ ਸਕੱਤਰ ਸੁਰਜੀਤ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਪੈਨਸ਼ਨਰਜ਼ ਵਿਰੋਧੀ ਨੀਤੀਆਂ ਦੀ ਜ਼ੋਰਦਾਰ ਨਖੇਧੀ ਕੀਤੀ। ਪੈਨਸ਼ਨਰਜ਼ ਅਤੇ ਮੁਲਾਜ਼ਮਾਂ ਨੇ ਆਮ ਚੋਣਾਂ ਵਿੱਚ ਆਪਣੇ ਗੁੱਸੇ ਦਾ ਵਿਖਾਵਾ ਕਰ ਦਿੱਤਾ ਹੈ ।ਪ੍ਰਧਾਨ ਅਜੀਤ ਸਿੰਘ ਨੇ ਕਿਹਾ ਕਿ ਪੈਨਸ਼ਨਰਜ਼ ਵਿਰੋਧੀ ਭਗਵੰਤ ਮਾਨ ਸਰਕਾਰ ਨੂੰ ਵੋਟਾਂ ਵਿੱਚ ਹਰਾ ਕੇ ਚੰਗਾ ਸਬਕ ਸਿਖਾਇਆ ਹੈ।ਜੇਕਰ ਫਿਰ ਵੀ ਪੰਜਾਬ ਸਰਕਾਰ ਨੇ ਪੈਨਸ਼ਨਰਜ਼ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਵਿੱਚ ਜ਼ੋਰਦਾਰ ਸੰਘਰਸ਼ ਕੀਤੇ ਜਾਣਗੇ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਵੀ ਪੈਨਸ਼ਨਰ ਅਤੇ ਮੁਲਾਜ਼ਮ ਇਸੇ ਤਰ੍ਹਾਂ ਸਬਕ ਦੇਣਗੇ।ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਸਤਪਾਲ ਪੱਟੀ ਅਤੇ ਬਲਦੇਵ ਸਿੰਘ ਕੱਲਾ ਨੇ ਦੇਸ਼ ਅਤੇ ਪੰਜਾਬ ਸਰਕਾਰ ਦਾ ਕੱਚਾ ਚਿੱਠਾ ਲੋਕਾਂ ਸਾਹਮਣੇ ਰੱਖਿਆ ਕਿਵੇਂ ਇਹ ਦੋਵੇਂ ਸਰਕਾਰਾਂ ਲੋਕ ਵਿਰੋਧੀ ਨੀਤੀਆਂ ਤੇ ਚੱਲ ਰਹੀਆਂ ਹਨ।ਪੈਨਸ਼ਨਰਜ਼ ਅਤੇ ਮੁਲਾਜ਼ਮ ਵਿਰੋਧੀ ਹਨ, ਮਨਜੀਤ ਸਿੰਘ ਖਡੂਰ ਸਾਹਿਬ ਅਤੇ ਸਵਰਨ ਸਿੰਘ ਰਸੂਲਪੁਰ ਨੇ ਕੋਰਟਾਂ ਦੇ ਫੈਸਲੇ ਲਾਗੂ ਕਰਨ ਦੀ ਮੰਗ ਕੀਤੀ।ਸਵਰਨ ਸਿੰਘ ਗੋਇੰਦਵਾਲ ਤੇ ਪ੍ਰਿੰਸੀਪਲ ਗੁਰਦੇਵ ਸਿੰਘ ਨੇ 2.59 ਦਾ ਗੁਣਾਂਕ ਜਾਰੀ ਕਰਨ ਕੈਸ਼ਲੈੱਸ ਸਕੀਮ ਜਾਰੀ ਕਰਨ ਦੀ ਮੰਗ ਕੀਤੀ।ਪੱਟੀ ਤਹਿਸੀਲ ਦੇ ਪ੍ਰਧਾਨ ਹਰਜਿੰਦਰ ਸਿੰਘ ਜੰਡ ਅਤੇ ਸਕੱਤਰ ਜਗਤਾਰ ਸਿੰਘ ਆਸਲ ਨੇ ਪੇ ਕਮਿਸ਼ਨ ਦਾ ਬਕਾਇਆ ਅਤੇ 12% ਡੀਏ ਦੀ ਜ਼ੋਰਦਾਰ ਮੰਗ ਰੱਖੀ। ਅਖੀਰ ਵਿੱਚ ਅਜੀਤ ਸਿੰਘ ਪ੍ਰਧਾਨ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਪੈਨਸ਼ਨਰਜ਼ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਜ਼ੋਰਦਾਰ ਸਾਂਝੇ ਸੰਘਰਸ਼ ਕੀਤੇ ਜਾਣਗੇ ਅਤੇ 2027 ਦੀਆਂ ਪੰਜਾਬ ਦੀਆਂ ਚੋਣਾਂ ਵਿੱਚ ਮਾਨ ਸਰਕਾਰ ਨੂੰ ਹੋਰ ਸਬਕ ਸਿਖਾਵਾਂਗੇ।ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਕੈਸ਼ੀਅਰ ਕੁਲਵੰਤ, ਸਿੰਘ ਚਰਨਜੀਤ ਸਿੰਘ ਤਰਨ ਤਰਨ ਧਰਮ ਸਿੰਘ, ਪ੍ਰਧਾਨ ਖਡੂਰ ਸਾਹਿਬ ਤੋਂ ਸਮੀਰ ਸਿੰਘ, ਲਾਲਪੁਰਾ, ਕਿਰਪਾਲ ਸਿੰਘ, ਮਨਜੀਤ ਕੁਮਾਰ, ਧਰਮ ਸਿੰਘ ਪੱਟੀ, ਬਿਕਰਮਜੀਤ ਸਿੰਘ, ਕਸ਼ਮੀਰ ਸਿੰਘ ਆਦਿ ਹਾਜ਼ਰ ਸਨ।

# ਘਰ-ਘਰ ਬੂਟੇ ਲਗਾ ਕੇ ਮਨਾਇਆ ਵਿਸ਼ਵ ਵਾਤਾਵਰਣ ਦਿਵਸ





**ਝਬਾਲ (ਹਰਜਿੰਦਰ ਸਿੰਘ ਸੋਨੀ)**-ਪੰਜਾਬ ਸਰਕਾਰ ਵੱਲੋਂ ਵਾਤਾਵਰਨ ਨੂੰ ਅਤੇ ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਕੀਤੇ ਜਾਂ ਰਹੇਂ ਸੁਹਿਰਦ ਉਪਰਾਲਿਆਂ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਂਦੇ ਹੋਏ ਰਾਹੁਲ ਕੁਮਾਰ ਸਿਸੋਦੀਆ ਵੈਟਰਨਰੀ ਇੰਸਪੈਕਟਰ ਸਿਵਲ ਵੈਟਰਨਰੀ ਡਿਸਪੈਂਸਰੀ ਪਲਾਸੌਰ ਵੱਲੋਂ ਪਲਾਸੌਰ ਖੁਰਦ ਵਿਖੇ ਘਰ:ਘਰ ਲਗਾਤਾਰ ਪਸ਼ੂਆਂ ਦਾ ਚੱਲ ਰਿਹਾ ਗਲਘੋਟੂ ਟੀਕਾਕਰਨ ਦੌਰਾਨ ਵਿਸ਼ਵ ਵਾਤਾਵਰਨ ਦਿਵਸ ਮੌਕੇ ਘਰ-ਘਰ ਬੂਟੇ ਲਗਾਏ ਗਏ।ਇਸ ਮੌਕੇ ਉਨਾਂ ਪਸ਼ੂ ਪਾਲਕਾਂ ਨੂੰ ਚੱਲ ਰਹੀ ਹੀਟ ਵੇਵ ਦੌਰਾਨ ਪਸ਼ੂਆਂ ਦੀ ਸਾਂਭ ਸੰਭਾਲ ਬਾਰੇ ਦੱਸਿਆ।ਪਸ਼ੂਆਂ ਨੂੰ ਹਰ ਵੇਲੇ ਛਾਂ ਅਤੇ ਪੀਣ ਲਈ ਠੰਡਾ ਪਾਣੀ ਉਪਲਬਧ ਰੱਖਣ ਦੀ ਸਲਾਹ ਦਿੱਤੀ। ਇਸ ਮੌਕੇ ਉਹਨਾਂ ਘਰ ਘਰ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਵਾਤਾਵਰਨ ਨੂੰ ਹਰਾ ਭਰਾ ਰੱਖਣ ਅਤੇ ਪ੍ਰਦੂਸ਼ਣ ਤੋਂ ਬਚਾਉਣ ਲਈ ਜਾਗਰੂਕ ਕੀਤਾ। ਇਸ ਮੌਕੇ ਪਸ਼ੂ ਪਾਲਕ ਪਿਆਰਾ ਸਿੰਘ,ਗੁਰਦੇਵ ਸਿੰਘ,ਸੁਖਦੇਵ ਸਿੰਘ,ਬਲਬੀਰ ਸਿੰਘ ਫੌਜੀ, ਸੋਨੂ ਆਦਿ ਮੌਜੂਦ ਸਨ।

# ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀ ਸਮਰ ਕੈਂਪ ਲਈ ਰਵਾਨਾ



**ਧਾਰੀਵਾਲ, ( ਮਨਦੀਪ ਸਿੰਘ ਵਿੱਕੀ)**- ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਨਾਉਣ ਵਾਸਤੇ ਸਟੇਟ ਪੱਧਰ ਤੇ ਪੂਰੇ ਪੰਜਾਬ ਦੇ 118 ਸਕੂਲ ਆਫ ਐਮੀਨੈਂਸ ਵਿਚੋਂ ਚੁਣੇ ਹੋਏ ਕੇਵਲ 750 ਵਿਦਿਆਰਥੀਆਂ ਲਈ ਸਮਰ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਤਹਿਤ ਜਿਲਾ ਸਿੱਖਿਆ ਅਫਸਰ (ਸੈ:ਸਿ) ਗੁਰਦਾਸਪੁਰ ਰਜੇਸ਼ ਕੁਮਾਰ ਸ਼ਰਮਾ (ਸਟੇਟ ਐਵਾਰਡੀ) ਦੀ ਯੋਗ ਅਗਵਾਈ ਹੇਠ ਜਿਲੇ ਦੇ 03 ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨੂੰ ਮੈਰੀਟੋਰੀਅਸ ਸਕੂਲ ਲੁਧਿਆਣਾ ਲਈ ਸਮਰ ਕੈਂਪ ਵਾਸਤੇ ਰਵਾਨਾ ਕੀਤਾ ਗਿਆ, ਜਿਸ ਨੂੰ ਜ਼ਿਲਾ ਨੋਡਲ ਅਫਸਰ ਅਮਰਜੀਤ ਸਿੰਘ ਪੁਰੇਵਾਲ ਅਤੇ ਸਕੂਲ ਇੰਚਾਰਜ ਸੰਜੀਵ ਢੀਂਗਰਾ ਵਲੋਂ ਸਾਂਝੇ ਤੌਰ 'ਤੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ । ਜਿਲਾ ਨੋਡਲ ਅਫਸਰ ਸ: ਪੁਰੇਵਾਲ ਨੇ ਦੱਸਿਆ ਕਿ ਇਸ ਸਮਰ ਕੈਂਪ ਵਿੱਚ ਸਕੂਲ ਆਫ ਐਮੀਨੈਂਸ ਬਟਾਲਾ ਦੇ 11, ਸਕੂਲ ਆਫ ਐਮੀਨੈਂਸ ਗੁਰਦਾਸਪੁਰ ਦੇ 06, ਸਕੂਲ ਆਫ ਐਮੀਨੈਂਸ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ 05 ਅਤੇ ਮੈਰੀਟੋਰੀਅਸ ਸਕੂਲ ਗੁਰਦਾਸਪੁਰ ਦੇ 04 ਵਿਦਿਆਰਥੀਆਂ ਸਮੇਤ ਕੁੱਲ 26 ਵਿਦਿਆਰਥੀ ਹਿੱਸਾ ਲੈਣਗੇ ਅਤੇ ਇਹ ਕੈਂਪ ਰੈਜੀਡੈਂਸ਼ੀਅਲ ਹੋਵੇਗਾ ਜੋ ਮਿਤੀ 06 ਜੂਨ ਤੋਂ 28 ਜੂਨ ਤੱਕ ਚੱਲੇਗਾ।ਇਸ ਵਿੱਚ ਵਿਦਿਆਰਥੀਆਂ ਨੂੰ ਜੇਈਈ, ਨੀਟ ਅਤੇ ਕਲੈਟ ਆਦਿ ਮੁਕਾਬਲੇ ਦੀਆਂ ਪ੍ਰੀਖਿਆਵਾਂ ਸੰਬੰਧੀ ਮੁਫਤ ਕੋਚਿੰਗ ਦਿੱਤੀ ਜਾਵੇਗੀ ਤਾਂ ਜੋ ਭਵਿੱਖ ਵਿੱਚ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਟੈਸਟ ਪਾਸ ਕਰਕੇ ਡਾਕਟਰੀ, ਇੰਜੀਨਿਅਰਿੰਗ ਅਤੇ ਕਾਮਰਸ ਫੀਲਡ ਨਾਲ ਸੰਬੰਧਿਤ ਨਾਮਵਰ ਕਾਲਜਾਂ ਵਿੱਚ ਦਾਖਲਾ ਲੈ ਸਕਣ । ਇਸ 20 ਰੋਜ਼ਾ ਸਮਰ ਕੈਂਪ ਵਿੱਚ ਰਹਿਣ, ਖਾਣ ਪੀਣ ਅਤੇ ਆਉਣ ਜਾਣ ਦਾ ਸਾਰਾ ਖਰਚਾ ਸਿੱਖਿਆ ਵਿਭਾਗ ਵਲੋਂ ਕੀਤਾ ਜਾਵੇਗਾ ।

ਕੈਂਪ ਤੇ ਜਾ ਰਹੇ ਵਿਦਿਆਰਥੀਆਂ ਦੇ ਮਾਪਿਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸਾਲਾਘਾ ਕੀਤੀ।ਇਸ ਮੌਕੇ ਸੰਜੀਵ ਢੀਂਗਰਾ, ਮੈਡਮ ਜਸਬੀਰ ਕੌਰ, ਕੈਂਪਸ ਮੈਨੇਜਰ, ਹਰਵਿੰਦਰ ਸਿੰਘ ਤੋਂ ਇਲਾਵਾ ਹਰਭਜਨ ਸਿੰਘ ਵੀ ਹਾਜ਼ਰ ਸਨ ।

# ਪੀੜਤ ਜਸਵੰਤ ਸਿੰਘ ਦੇ ਹੱਕ 'ਚ ਕਿਸਾਨਾਂ ਨੇ ਈ ਐੱਸ ਆਈ ਡਿਸਪੈਂਸਰੀ 'ਚ ਦਿੱਤਾ ਰੋਸ ਧਰਨਾ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬੁਰਜ ਸਾਹਿਬ ਧਾਰੀਵਾਲ ਵੱਲੋਂ ਜਥੇਬੰਦੀ ਦੇ ਸੂਬਾ ਆਗੂ ਹਰਵਿੰਦਰ ਸਿੰਘ ਮਸਾਣੀਆਂ ਅਤੇ ਜ਼ਿਲ੍ਹਾ ਪ੍ਰਧਾਨ ਪ੍ਰਧਾਨ ਹਰਦੀਪ ਸਿੰਘ ਤਲਵਾੜਾ ਦੀ ਅਗਵਾਈ ਵਿੱਚ ਇਥੇ ਈਐੱਸਆਈ ਡਿਸਪੈਂਸਰੀ ਧਾਰੀਵਾਲ ਵਿਖੇ ਰੋਸ ਧਰਨਾ ਦਿੱਤਾ ਗਿਆ। ਧਰਨਾਕਾਰੀਆਂ ਦੱਸਿਆ ਈਐੱਸਆਈ ਡਿਸਪੈਂਸਰੀ ਧਾਰੀਵਾਲ ਵਿੱਚ ਡਿਊਟੀ ਕਰਦੇ ਜਸਵੰਤ ਸਿੰਘ (ਐੱਮਐੱਲਟੀ ਗਰੇਡ-2) ਵਾਸੀ ਕਾਲੇ ਨੰਗਲ ਦਾ ਫਰਵਰੀ 2022 ਵਿੱਚ ਪਲਸ ਪੋਲੀਓ ਡਿਊਟੀ ਸਮੇਂ ਸੜਕ ਹਾਦਸਾ ਹੋ ਗਿਆ ਸੀ, ਹਾਦਸੇ 'ਚ ਉਸਦੀ ਰੀੜ੍ਹ ਦੀ ਹੱਡੀ ਤੇ ਸੱਟ ਲੱਗਣ ਕਾਰਨ ਉਸਦੀਆਂ ਦੋਵੇਂ ਲੱਤਾਂ ਨਕਾਰਾ ਹੋਣ ਕਰਕੇ ਉਹ ਮੰਜੀ 'ਤੇ ਹੈ। ਪੀੜਤ ਜਸਵੰਤ ਸਿੰਘ ਦੀ ਪਤਨੀ ਸੁਖਦੇਵ ਕੌਰ ਪਿਛਲੇ ਕਾਫੀ ਸਮੇਂ ਤੋਂ ਈਐੱਸਆਈ ਡਿਸਪੈਂਸਰੀ ਧਾਰੀਵਾਲ ਦੇ ਕਲਰਕਾਂ ਤੇ ਸਬੰਧਿਤ ਅਧਿਕਾਰੀਆਂ ਦੇ ਗੇੜੇ ਮਾਰ ਰਹੀ ਹੈ। ਧਰਨਾਕਾਰੀ ਕਿਸਾਨ ਆਗੂਆਂ ਕਿਹਾ ਕਿ ਜਸਵੰਤ ਸਿੰਘ ਨੂੰ ਡਿਊਟੀ ਦੌਰਾਨ ਸੱਟ ਲੱਗੀ ਹੈ ਅਤੇ ਉਸ ਦਿਨ ਤੋਂ ਹੁਣ ਤੱਕ ਡਿਊਟੀ ਵਾਲੇ ਸਾਰੇ ਲਾਭ ਦਿੱਤੇ ਜਾਣ। ਈਐੱਸਆਈ ਡਿਸਪੈਂਸਰੀ ਧਾਰੀਵਾਲ ਦੇ ਮੈਡੀਕਲ ਅਫਸਰ ਡਾਕਟਰ ਮੁਨੀਸ਼ ਕੁਮਾਰ ਕਪੂਰ ਨੇ ਦੱਸਿਆ ਵਿਭਾਗ ਨੇ ਜਸਵੰਤ ਸਿੰਘ ਨੂੰ ਇਕ ਸਾਲ ਦੀ ਮੈਡੀਕਲ ਛੁੱਟੀ ਮਨਜ਼ੂਰ ਕਰਕੇ ਇਕ ਸਾਲ ਦੇ ਲਾਭ ਦਿੱਤੇ ਹਨ। ਅਗਲੇ ਲਾਭ ਵਿਭਾਗ ਵੱਲੋਂ ਪ੍ਰੋਸੈਸ ਅਧੀਨ ਹਨ, ਜੋ ਜਲਦ ਮਿਲ ਜਾਣਗੇ। ਜਾਣਕਾਰੀ ਅਨੁਸਾਰ ਐੱਮਐੱਲਟੀ ਜਸਵੰਤ ਸਿੰਘ ਅਗਸਤ ਮਹੀਨੇ ਸੇਵਾ ਮੁਕਤ ਹੋਣ ਵਾਲਾ ਹੈ। ਧਰਨਕਾਰੀਆਂ ਵਿੱਚ ਕਿਸਾਨ ਮਜਦੂਰ ਸੰਘਰਸ ਕਮੇਟੀ ਪੰਜਾਬ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ, ਸਕੱਤਰ ਸਤਨਾਮ ਸਿੰਘ ਖਾਨਮਲੱਕ, ਗੁਰਦੀਪ ਸਿੰਘ, ਦਵਿੰਦਰ ਸਿੰਘ, ਗੁਰਨਾਮ ਸਿੰਘ, ਅਮਰੀਕ ਸਿੰਘ, ਹੇਮ ਸਿੰਘ, ਸਰੂਪ ਸਿੰਘ, ਰਜਿੰਦਰ ਸਿੰਘ, ਹਰਵਿੰਦਰ ਸਿੰਘ, ਹਰਪਾਲ ਸਿੰਘ, ਗੁਰਪਿੰਦਰ ਸਿੰਘ, ਸਰਬਜੀਤ ਕੌਰ, ਹਰਜੀਤ ਕੌਰ, ਪਿੰਕੀ, ਸਰਬਜੀਤ ਕੌਰ, ਗੁਰਮੀਤ ਸਿੰਘ ਆਦਿ ਕਿਸਾਨ ਸ਼ਾਮਲ ਸਨ।

# ਪੀਰ ਬਾਬਾ ਬੌਧੇ ਸ਼ਾਹ ਦਾ ਸਾਲਾਨਾ ਜੋੜ ਮੇਲਾ 18 ਨੂੰ : ਦਵਿੰਦਰ ਪੁਰੀ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**-ਸਥਾਨਕ ਸ਼ਹਿਰ ਅਜਨਾਲਾ ਵਿੱਚ ਸਥਿਤ ਪੀਰ ਬਾਬਾ ਬੌਧੇ ਸ਼ਾਹ ਜੀ ਦੇ ਦਰਬਾਰ ਨਜ਼ਦੀਕ ਕਲਗੀਧਰ ਗੁਰਦੁਆਰਾ ਸਾਹਿਬ ਵਿਖੇ 18 ਜੂਨ ਦਿਨ ਮੰਗਲਵਾਰ ਨੂੰ ਸਾਲਾਨਾ ਜੋੜ ਮੇਲਾ ਸ਼ਰਧਾ ਭਾਵਨਾ ਤੇ ਧੂਮ ਧਾਮ ਨਾਲ ਮਨਾਇਆ ਜਾਵੇਗਾ।ਇਸ ਮੌਕੇ ਦਰਬਾਰ ਦੇ ਮੁੱਖ ਸੇਵਾਦਾਰ ਦਵਿੰਦਰ ਕੁਮਾਰ ਪੁਰੀ ਉਰਫ ਮੰਮ ਸ਼ਾਹ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ 17 ਜੂਨ ਦਿਨ ਸੋਮਵਾਰ ਨੂੰ ਮਹਿੰਦੀ ਡੋਰੀ ਦੀ ਰਸਮ ਰਾਤ 8 ਵਜੇ ਹੋਵੇਗੀ ਅਤੇ 18 ਜੂਨ ਦਿਨ ਮੰਗਲਵਾਰ ਨੂੰ ਮਹਿਫ਼ਲ ਸ਼ੁਰੂ ਹੋਣ ਦਾ ਸਮਾਂ ਰਾਤ 8 ਤੋਂ 2 ਵਜੇ ਤੱਕ ਹੋਵੇਗਾ।ਦਰਬਾਰ 'ਤੇ ਚਾਦਰ ਅਤੇ ਝੰਡਾ ਚੜ੍ਹਾਉਣ ਦੀ ਰਸਮ 4 ਵਜੇ ਹੋਵੇਗੀ।ਉਨ੍ਹਾਂ ਦੱਸਿਆ ਕਿ ਪੰਜਾਬ ਦੇ ਮਸ਼ਹੂਰ ਕਲਾਕਾਰ ਗਾਇਕ ਮਾਸਟਰ ਸਲੀਮ ਜਲੰਧਰ ਵਾਲੇ ਅਤੇ ਕੇ. ਪੀ. ਸਿੰਘ ਸਿੰਗਰ ਸੈਨ ਬ੍ਰਦਰਜ਼ ਅੰਮ੍ਰਿਤਸਰ ਵਾਲੇ ਬਾਬਾ ਜੀ ਦੇ ਮੇਲੇ 'ਤੇ ਆਈਆਂ ਹੋਈਆਂ ਸੰਗਤਾਂ ਨੂੰ ਕੱਵਾਲੀਆਂ ਗਾ ਕੇ ਨਿਹਾਲ ਕਰਨਗੇ।ਸਭ ਸੰਗਤ ਨੂੰ ਮੇਲੇ ਵਿੱਚ ਆਉਣ ਦਾ ਖੁੱਲ੍ਹਾ ਸੱਦਾ ਪੱਤਰ ਦਿੱਤਾ ਜਾਂਦਾ ਹੈ।ਮੇਲੇ ਵਿੱਚ ਪਹੁੰਚ ਕੇ ਆਪਣਾ ਜੀਵਨ ਸਫ਼ਲ ਬਣਾਓ ਤੇ ਅਸ਼ੀਰਵਾਦ ਖੁਸ਼ੀਆ ਪ੍ਰਾਪਤ ਕਰੋ।ਬਾਬਾ ਜੀ ਦਾ ਲੰਗਰ ਭੰਡਾਰਾ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਂਗਾ।ਇਸ ਮੌਕੇ ਪੀਰ ਬਾਬਾ ਬੌਧੇ ਸ਼ਾਹ ਕਮੇਟੀ ਦੇ ਵਾਇਸ ਪ੍ਰਧਾਨ ਅਸ਼ੀਸ਼ ਕੁਮਾਰ ਮਰਵਾਹਾ ਭਗਵਾਨ ਜਨਰਲ ਸਟੋਰ ਅਜਨਾਲਾ ਵਾਲੇ, ਖਜ਼ਾਨਚੀ ਤਰੁਣ ਕੁਮਾਰ ਹੈਪੀ, ਮੁਕੇਸ਼ ਕੁਮਾਰ ਸ਼ਾਸਤਰੀ ਆਰੀਆਂ ਸਮਾਜ ਮੰਦਰ ਵਾਲੇ, ਜਨਰਲ ਸਕੱਤਰ ਜੈਪਾਲ ਸ਼ਰਮਾ, ਆਸ਼ੂ ਅਜਨਾਲਾ, ਪ੍ਰੈੱਸ ਸੈਕਟਰੀ ਮਨੀਸ਼ ਕੁਮਾਰ ਉਪਲ ਅਜਨਾਲਾ, ਮੋਨੂੰ ਕੁਮਾਰ, ਆਸਦੀਪ ਕੁਮਾਰ, ਰਿਤਿਕ ਕੁਮਾਰ ਸ਼ਰਮਾ, ਵਿਕਰਾਂਤ ਅਜਨਾਲਾ, ਰਾਜੀਵ ਕੁਮਾਰ, ਸੰਦੀਪ ਕੁਮਾਰ, ਲੱਕੀ ਕੁਮਾਰ ਚਾਵਲਾ, ਬਬਲੂ ਸ਼ਾਹ ਅਜਨਾਲਾ, ਪ੍ਰੇਮ ਕੁਮਾਰ ਅਨੰਦ, ਅਰੁਣ ਕੁਮਾਰ ਕਟਾਰੀਆ, ਰਕਸ਼ਿਤ ਕੁਮਾਰ, ਕੁਲਦੀਪ ਕੁਮਾਰ ਰਾਜੂ ਤ੍ਰੇਹਨ ਆਦਿ ਸੇਵਾਦਾਰ ਹਾਜ਼ਰ ਸਨ।

# ਕੰਗਣਾ ਰਣੌਤ ਵੱਲੋਂ ਪੰਜਾਬ ਤੇ ਪੰਜਾਬੀਆਂ ਪ੍ਰਤੀ ਕੀਤੀ ਨਫਰਤੀ ਟਿੱਪਣੀ ਦੇਸ਼ ਦੇ ਹਿੱਤ 'ਚ ਨਹੀਂ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕੰਗਣਾ ਰਣੌਤ ਵੱਲੋਂ ਲਗਾਤਾਰ ਪੰਜਾਬ ਅਤੇ ਪੰਜਾਬੀਆਂ ਨੂੰ ਨਿਸ਼ਾਨੇ ਉੱਤੇ ਲੈ ਕੇ ਨਫ਼ਰਤੀ ਸੋਚ ਦਾ ਪ੍ਰਗਟਾਵਾ ਕਰਨਾ ਬੇਹੱਦ ਮੰਦਭਾਗਾ ਅਤੇ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਦੇ ਹਵਾਈ ਅੱਡੇ 'ਤੇ ਇੱਕ ਪੰਜਾਬੀ ਸੁਰੱਖਿਆ ਕਰਮੀ ਨਾਲ ਹੋਈ ਬਹਿਸਬਾਜ਼ੀ ਤੋਂ ਬਾਅਦ ਇਸ ਮਾਮਲੇ ਨੂੰ ਲੈ ਕੇ ਕੰਗਣਾ ਰਣੌਤ ਵੱਲੋਂ ਪੰਜਾਬੀਆਂ ਵਿਰੁੱਧ ਨਫ਼ਰਤੀ ਟਿੱਪਣੀ ਕਰਨਾ ਉਸਦੀ ਪੰਜਾਬ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਹੈ।

ਉਨ੍ਹਾਂ ਕਿਹਾ ਕਿ ਕੰਗਣਾ ਰਣੌਤ ਦਾ ਇਹ ਕਹਿਣਾ ਕਿ ਪੰਜਾਬ ਵਿੱਚ ਅਤਿਵਾਦ ਵਧ ਰਿਹਾ ਹੈ, ਇਹ ਉਸਦੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਹੈ, ਜਦਕਿ ਸੱਚ ਇਹ ਹੈ ਕਿ ਉਸ ਦੀ ਆਪਣੀ ਜ਼ੁਬਾਨ ਰਾਹੀਂ ਫੈਲਾਇਆ ਜਾ ਰਿਹਾ ਅੱਤਵਾਦ ਦੇਸ਼ ਦੇ ਮਹੌਲ ਨੂੰ ਦੂਸ਼ਿਤ ਕਰ ਰਿਹਾ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਕੰਗਣਾ ਰਣੌਤ ਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਜੇਕਰ ਅੱਜ ਦੇਸ਼ ਦਾ ਬਹੁ-ਕੌਮੀ ਤੇ ਬਹੁ-ਭਾਸ਼ਾਈ ਸੱਭਿਆਚਾਰ ਜਿੰਦਾ ਹੈ ਤਾਂ ਉਸ ਪਿੱਛੇ ਪੰਜਾਬੀਆਂ ਦੀਆਂ ਦੇਸ਼ ਲਈ ਕੀਤੀਆਂ ਕੁਰਬਾਨੀਆਂ ਹਨ। ਇਤਿਹਾਸ ਨੂੰ ਭੁੱਲ ਕੇ ਕੇਵਲ ਚਰਚਿਤ ਹੋਣ ਲਈ ਦੇਸ਼ ਵਿੱਚ ਲੋਕਾਂ ਦੀ ਆਪਸੀ ਸਦਭਾਵਨਾ ਅਤੇ ਪਰਸਪਰ ਸਮਾਜਿਕ ਰਿਸ਼ਤਿਆਂ ਦੀ ਅਣਦੇਖੀ ਕਰਨਾ ਦੇਸ਼ ਲਈ ਚੰਗਾ ਨਹੀਂ ਹੈ। ਪਰੰਤੂ ਕੰਗਣਾ ਰਣੌਤ ਜਾਣਬੁੱਝ ਕੇ ਇਸ ਰਸਤੇ ਉੱਤੇ ਤੁਰ ਰਹੀ ਹੈ।

ਐਡਵੋਕੇਟ ਧਾਮੀ ਨੇ ਭਾਰਤੀ ਜਨਤਾ ਪਾਰਟੀ ਦੇ ਪ੍ਰਮੁੱਖ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਕੰਗਣਾ ਰਣੌਤ ਨੂੰ ਜ਼ਾਬਤੇ ਵਿੱਚ ਰਹਿਣ ਦਾ ਪਾਠ ਪੜ੍ਹਾਉਣ ਅਤੇ ਨੈਤਿਕ ਕਦਰਾਂ ਕੀਮਤਾਂ ਵੀ ਸਿਖਾਉਣ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਚੰਡੀਗੜ੍ਹ ਦੇ ਹਵਾਈ ਅੱਡੇ ਉੱਤੇ ਵਾਪਰੀ ਘਟਨਾ ਦੇ ਕਾਰਨਾਂ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ ਕਿ ਕਿਤੇ ਇਸ ਵਿੱਚ ਵੀ ਕੰਗਣਾ ਰਣੌਤ ਵੱਲੋਂ ਪੰਜਾਬ ਵਿਰੁੱਧ ਨਫ਼ਰਤੀ ਮਹੌਲ ਸਿਰਜਣ ਲਈ ਕੋਈ ਸ਼ਰਾਰਤੀ ਬਹਿਸਬਾਜ਼ੀ ਤਾਂ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਕੇਂਦਰੀ ਸਰੁੱਖਿਆ ਬਲ ਵੱਲੋਂ ਕੀਤੀ ਜਾਣ ਵਾਲੀ ਜਾਂਚ ਬਿਨਾਂ ਕਿਸੇ ਦੇ ਸਿਆਸੀ ਤੇ ਸਖ਼ਸ਼ੀ ਪ੍ਰਭਾਵ ਤੋਂ ਹੋਣੀ ਚਾਹੀਦੀ ਹੈ ਤਾਂ ਜੋ ਕਿਸੇ ਨਾਲ ਅਨਿਆਂ ਨਾ ਹੋਵੇ।

# 5000 ਰੁਪਏ ਰਿਸ਼ਵਤ ਲੈਂਦਾ ਲਾਈਨਮੈਨ ਰੰਗੇ ਹੱਥੀਂ ਕਾਬੂ



**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਵੀਰਵਾਰ ਨੂੰ ਪੀਐੱਸਪੀਸੀਐੱਲ ਦਫ਼ਤਰ ਫੋਕਲ ਪੁਆਇੰਟ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਤਾਇਨਾਤ ਲਾਈਨਮੈਨ ਸੁਖਵਿੰਦਰ ਸਿੰਘ ਨੂੰ 5000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਲਾਈਨਮੈਨ ਨੂੰ ਬਲਕਾਰ ਸਿੰਘ ਵਾਸੀ ਫੈਜ਼ਪੁਰਾ ਤਹਿਸੀਲ ਬਟਾਲਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਪਰੋਕਤ ਲਾਈਨਮੈਨ ਨੇ ਉਸਦੇ ਨਵੇਂ ਲੱਗਣ ਵਾਲੇ ਘਰੇਲੂ ਬਿਜਲੀ ਕੁਨੈਕਸ਼ਨ ਬਾਰੇ ਠੀਕ ਰਿਪੋਰਟ ਭੇਜਣ ਬਦਲੇ 5000 ਰੁਪਏ ਦੀ ਮੰਗ ਕੀਤੀ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਵੱਲੋਂ ਜਾਲ ਵਿਛਾਇਆ ਗਿਆ ਅਤੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 5000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਮੁਲਜ਼ਮ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਹੋਰ ਪੁੱਛਗਿੱਛ ਜਾਰੀ ਹੈ।

# ਲੋਕਾਂ ਦਾ ਫਤਵਾ ਸਿਰ ਮੱਥੇ; ਵਿਕਾਸ ਦੀ ਹਨੇਰੀ ਜਾਰੀ ਰਹੇਗੀ : ਈਟੀਓ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਸਭਾ ਚੋਣਾਂ ਵਿੱਚ ਲੋਕਾਂ ਵੱਲੋਂ ਦਿੱਤਾ ਗਿਆ ਫਤਵਾ ਸਾਨੂੰ ਸਿਰ ਮੱਥੇ ਪ੍ਰਵਾਨ ਹੈ ਅਤੇ ਸਾਡੀ ਸਰਕਾਰ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਕਾਸ ਦੇ ਕੰਮਾਂ ਨੂੰ ਜਾਰੀ ਰੱਖੇਗੀ ਅਤੇ ਵਿਕਾਸ ਦੇ ਕੰਮਾਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਵੀ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਟ ਮੰਤਰੀ ਸਰਦਾਰ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਗੁਰੂ ਦੇ ਪਿੰਡ ਨਵਾਂ ਕੋਟ ਵਿਖੇ 100 ਸਟਰੀਟ ਲਾਈਟਾਂ ਦੇਣ ਉਪਰੰਤ ਕੀਤਾ। ਉਹਨਾਂ ਕਿਹਾ ਕਿ ਸਾਡੀ ਸਰਕਾਰ ਵੱਲੋਂ ਜੋ ਕਮੀਆਂ ਪੇਸ਼ੀਆਂ ਰਹਿ ਗਈਆਂ ਹਨ ਉਹਨਾਂ ਨੂੰ ਜਲਦ ਹੀ ਦੂਰ ਕਰਕੇ ਵਿਕਾਸ ਕਾਰਜਾਂ ਤੋਂ ਹੋਰ ਤੇਜ਼ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਮੁਹਈਆ ਕਰਵਾਈਆਂ ਜਾਣਗੀਆਂ। ਸਰਦਾਰ ਈਟੀਓ ਨੇ ਕਿਹਾ ਕਿ ਸਾਡੀ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹਈਆ ਕਰਵਾਉਣਾ ਹੈ ਅਤੇ ਇਸ ਕੰਮ ਲਈ ਅਸੀਂ ਦਿਨ ਰਾਤ ਇੱਕ ਕਰਾਂਗੇ। ਕੈਬਨਟ ਮੰਤਰੀ ਈਟੀਓ ਨੇ ਪਿੰਡ ਨਵਾਂਕੋਟ ਵਿਖੇ 100 ਸਟਰੀਟ ਲਾਈਟਾਂ ਦਿਨ ਉਪਰੰਤ ਕਿਹਾ ਕਿ ਇਹਨਾਂ ਲਾਈਟਾਂ ਦੇ ਲੱਗਣ ਨਾਲ ਰਾਹਗੀਰਾਂ ਨੂੰ ਕਾਫੀ ਸਹੂਲਤ ਮਿਲੇਗੀ।ਕੈਬਨਿਟ ਮੰਤਰੀ ਸਰਦਾਰ ਈਟੀਓ ਨੇ ਵੋਟ ਦੇ ਜਮਹੂਰੀ ਹੱਕ ਦੀ ਵਰਤੋਂ ਲਈ ਚੋਣਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਹਲਕੇ ਦੇ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਗਰਮੀ ਦੇ ਬਾਵਜੂਦ ਵੋਟਰਾਂ ਵੱਲੋਂ ਵੋਟਿੰਗ ਪ੍ਰਕਿਰਿਆ 'ਚ ਦਿਖਾਇਆ ਗਿਆ ਉਤਸ਼ਾਹ ਸ਼ਲਾਘਾਯੋਗ ਹੈ।ਉਨ੍ਹਾਂ ਕਿਹਾ ਕਿ ਵੋਟਰਾਂ ਨੇ ਚੋਣ ਪ੍ਰਕਿਰਿਆ 'ਚ ਵੱਡੀ ਗਿਣਤੀ ਵਿੱਚ ਹਿੱਸਾ ਲੈ ਕੇ ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ ਵੱਲੋਂ ਉਨ੍ਹਾਂ ਵਿੱਚ ਜਤਾਏ ਗਏ ਭਰੋਸੇ ਦਾ ਮਾਣ ਰੱਖਿਆ ਹੈ।ਇਸ ਮੌਕੇ ਹਰਭਜਨ ਸਿੰਘ,ਜਗਤਾਰ ਸਿੰਘ ਬਲਵਿੰਦਰ ਸਿੰਘ ਇੰਸਪੈਕਟਰ ਅਤੇ ਪਿੰਡ ਦੇ ਮੋਹਤਬਰ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪੰਧੇਰ ਨਰਸਿੰਗ ਕਾਲਜ 'ਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ



**ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)**-ਸ੍ਰੀ ਗੁਰੂ ਰਾਮਦਾਸ ਨਰਸਿੰਗ ਇੰਸਟੀਚਿਊਟ ਪੰਧੇਰ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ।ਇਸ ਮੌਕੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਅਤੇ ਸਮੂਹ ਸਟਾਫ਼ ਤੇ ਵਿਦਿਆਰਥੀਆਂ ਵਲੋਂ ਕਾਲਜ ਕੈਂਪਸ ਅੰਦਰ ਪੌਦੇ ਲਗਾਏ ਗਏ।ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਨੇ ਕਿਹਾ ਕਿ ਸਾਨੂੰ ਨਵੇਂ ਪੌਦੇ ਲਗਾਉਣ ਦੇ ਨਾਲ ਨਾਲ ਪੁਰਾਣੇ ਪੌਦਿਆਂ ਦੀ ਸਾਂਭ ਸੰਭਾਲ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਪੌਦਿਆਂ ਦੀ ਸੰਭਾਲ ਕਰਦੇ ਹਨ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਾਨੂੰ ਇਸ ਗੱਲ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਹਰ ਸਾਲ ਤਾਪਮਾਨ ਵਿੱਚ ਹੋ ਰਿਹਾ ਵਾਧਾ ਰੁੱਖ ਦੀ ਵੱਡੇ ਪੱਧਰ ਤੇ ਕਟਾਈ ਕਰਨ ਕਰਕੇ ਹੋ ਰਿਹਾ ਹੈ। ਜੇਕਰ ਸਾਡੇ ਵਲੋ ਰੁੱਖ ਨਾ ਲਗਾਏ ਗਏ ਤਾਂ ਪੰਜਾਬ ਜਲਦ ਹੀ ਮਾਰੂਥਲ ਵਿਚ ਤਬਦੀਲ ਹੋ ਜਾਵੇਗਾ।ਇਸ ਮੌਕੇ ਨਰਸਿੰਗ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਜ਼ਾਰ ਸਨ ਜਿਨਾ ਵਲੋ ਪੌਦੇ ਲਗਾਉਣ ਦੇ ਨਾਲ ਓਹਨਾਂ ਦੀ ਸਾਂਭ ਸੰਭਾਲ ਕਰਨ ਦਾ ਪ੍ਰਣ ਕੀਤਾ ਗਿਆ।

# ਕਈ ਪਿੰਡਾਂ ਦੀ ਬਿਜਲੀ ਦੋ ਦਿਨਾਂ ਤੋਂ ਗੁਲ, ਬੱਚੇ ਤੇ ਬਜ਼ੁਰਗ ਹਾਲੋਂ ਬੇਹਾਲ

**ਗੁਰਦਾਸਪੁਰ (ਜਨਕ ਮਹਾਜਨ)**- ਬੀਤੇ ਦੋ ਦਿਨ ਚੱਲੀ ਤੇਜ਼ ਹਨੇਰੀ ਨਾਲ ਗੁਰਦਾਸਪੁਰ ਦੇ ਨੇੜਲੇ ਕਈ ਪਿੰਡਾਂ ਦੀ ਬਿਜਲੀ ਦੋ ਦਿਨਾਂ ਤੋਂ ਬੰਦ ਹੋਣ ਕਾਰਨ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ੇਰ ਸਿੰਘ, ਬਖਸ਼ੀਸ਼ ਸਿੰਘ ਵਾਸੀ ਡਾਲਾ ਨੇ ਦੱਸਿਆ ਕਿ ਪਿਛਲੇ ਦੋ ਦਿਨ ਤੇਜ਼ ਹਨੇਰੀ ਦੇ ਚੱਲਣ ਨਾਲ ਬਿਜਲੀ ਨਹੀਂ ਆ ਰਹੀ ਜਿਸ ਕਾਰਨ ਪਿੰਡ ਵਾਸੀਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬਿਜਲੀ ਨਾ ਆਉਣ ਕਾਰਨ ਪਾਣੀ ਦੀ ਸਮੱਸਿਆ ਦੇ ਨਾਲ-ਨਾਲ ਪੱਖੇ ਆਦਿ ਵੀ ਨਹੀਂ ਚੱਲ ਰਹੇ ਅਤੇ ਇਨਵਰਟਰ ਵੀ ਜਵਾਬ ਦੇ ਚੁੱਕੇ ਹਨ। ਲੋਕਾਂ ਨੂੰ ਪਾਣੀ ਦੀਆਂ ਮੋਟਰਾਂ ਨਾ ਚੱਲਣ ਕਾਰਨ ਪੀਣ ਵਾਸਤੇ ਅਤੇ ਪਸ਼ੂਆਂ ਦੇ ਚਾਰੇ ਨੂੰ ਕੱਟਣ ਲਈ ਕਈ ਦਿੱਕਤਾਂ ਪੇਸ਼ ਆ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜੇਕਰ ਬਿਜਲੀ ਆਉਂਦੀ ਹੈ ਤਾਂ ਕੁਝ ਹੀ ਸਮੇਂ ਬਾਅਦ ਚਲੀ ਜਾਂਦੀ ਹੈ ਜਿਸ ਨਾਲ ਪਰੇਸ਼ਾਨੀ ਲਗਾਤਾਰ ਜਾਰੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਇਲਾਵਾ ਨੇੜਲੇ ਪਿੰਡ ਭੋਲਾ, ਖੁਦਾਦਪੁਰ ਤੇ ਕਸਬਾ ਬਹਿਰਾਮਪੁਰ ਆਦਿ ਦਾ ਵੀ ਇਹੀ ਹਾਲ ਹੈ। ਬੱਚੇ ਤੇ ਬਜ਼ੁਰਗਾਂ ਦਾ ਬਿਜਲੀ ਨਾ ਆਉਣ ਕਾਰਨ ਬੁਰਾ ਹਾਲ ਹੋਇਆ ਪਿਆ ਹੈ। ਉਨ੍ਹਾਂ ਨੇ ਬਿਜਲੀ ਵਿਭਾਗ ਪਾਸੋਂ ਮੰਗ ਕੀਤੀ ਕਿ ਇਨ੍ਹਾਂ ਪਿੰਡਾਂ ਦੀ ਬਿਜਲੀ ਤੁਰੰਤ ਠੀਕ ਕਰਕੇ ਲੋਕਾਂ ਨੂੰ ਰਾਹਤ ਪਹੁੰਚਾਈ ਜਾਵੇ।

# ਡਿਪਟੀ ਡਾਇਰੈਕਟਰ ਬਾਗਬਾਨੀ ਤਜਿੰਦਰ ਸਿੰਘ ਸੰਧੂ ਨੇ ਅਹੁਦਾ ਸੰਭਾਲਿਆ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਤਜਿੰਦਰ ਸਿੰਘ ਸੰਧੂ ਡਿਪਟੀ ਡਾਇਰੈਕਟਰ ਬਾਗਬਾਨੀ ਵਲੋਂ ਜਿਲਾ ਅੰਮ੍ਰਿਤਸਰ ਦੇ ਡਿਪਟੀ ਡਾਇਰੈਕਟਰ ਬਾਗਬਾਨੀ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਸਮੂਹ ਸਟਾਫ ਬਾਗਬਾਨੀ ਵਿਭਾਗ ਅੰਮ੍ਰਿਤਸਰ ਅਤੇ ਮੌਜੂਦਾ ਕਾਰਜਭਾਰ ਨਿਭਾ ਰਹੇ ਡਿਪਟੀ ਡਾਇਰੈਕਟਰ ਬਾਗਬਾਨੀ ਅੰਮ੍ਰਿਤਸਰ ਸ੍ਰੀ ਸੁਖਦੀਪ ਸਿੰਘ ਹੁੰਦਲ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਅਤੇ ਅਹੁਦਾ ਸੰਭਾਲਣ ਤੇ ਵਧਾਈ ਦਿੱਤੀ।ਇਸ ਮੌਕੇ ਜ਼ਿਲੇ ਦੇ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਬਲਜਿੰਦਰ ਸਿੰਘ ਭੁੱਲਰ ਅਤੇ ਰਮਨ ਕੁਮਾਰ ਖੇਤੀਬਾੜੀ ਅਫਸਰ ਨੇ ਵੀ ਉਨ੍ਹਾਂ ਦਾ ਸਵਾਗਤ ਕੀਤਾ।ਇਸ ਮੌਕੇ ਬਾਗਬਾਨ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਪਰਗਟ ਸਿੰਘ, ਹਰਭਜਨ ਸਿੰਘ ਭੁੱਲਰ, ਜਤਿੰਦਰ ਸਿੰਘ ਸਹਾਇਕ ਡਾਇਰੈਕਟਰ ਬਾਗਬਾਨੀ, ਸੁਖਪਾਲ ਸਿੰਘ , ਹਰਵਿੰਦਰ ਸਿੰਘ, ਕਿਰਨਬੀਰ ਕੌਰ, ਹਰਪ੍ਰੀਤ ਕੌਰ, ਸਾਰੇ ਬਾਗਬਾਨੀ ਵਿਕਾਸ ਅਫਸਰ ਕਵਲਜੀਤ ਸਿੰਘ ਅਤੇ ਫੀਲਡ ਕੰਸਲਟੈਂਟ ਵੀ ਹਾਜ਼ਰ ਸਨ ।

# ਸ਼ਾਹਪੁਰ ਡਰੇਨ 'ਤੇ ਬਣੇ ਪੁਲ ਦੀ ਰੇਲਿੰਗ ਨਾ ਹੋਣ ਕਾਰਨ ਹਾਦਸੇ ਵਾਪਰਨ ਦਾ ਡਰ



**ਗੁਰਦਾਸਪੁਰ (ਜਨਕ ਮਹਾਜਨ)**- ਸ਼ਾਹਪੁਰ ਡਰੇਨ 'ਤੇ ਬਣੇ ਪੁਲ ਦੀ ਰੇਲਿੰਗ ਨਾ ਹੋਣ ਕਾਰਨ ਹਰ ਵੇਲੇ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ। ਜਾਣਕਾਰੀ ਅਨੁਸਾਰ ਇਹ ਡਰੇਨ ਦੋਰਾਂਗਲਾ-ਗਾਹਲੜੀ ਰੋਡ 'ਤੇ ਚੌਂਕ ਪਿੰਡ ਨੌਸ਼ਹਿਰਾ ਵਿਖੇ ਸਥਿਤ ਹੈ। ਇਹ ਡਰੇਨ ਕਾਫੀ ਚੌੜੀ ਅਤੇ ਡੂੰਘੀ ਹੈ। ਇਹ ਨਾਲਾ ਗਾਹਲੜੀ ਹਾਈਡਲ ਤੋਂ ਆਉਂਦਾ ਹੋਇਆ ਪਿੰਡ ਦੋਸਤਪੁਰ ਵੱਲ ਜਾਂਦਾ ਹੈ। ਵਰਖਾ ਦੇ ਦਿਨਾਂ ਵਿੱਚ ਇਸ ਡਰੇਨ ਵਿੱਚ ਪਾਣੀ ਵਿੱਚ ਕਾਫੀ ਮਾਤਰਾ ਆ ਜਾਂਦਾ ਹੈ ਜਿਸ ਨਾਲ ਡਰੇਨ 'ਤੇ ਬਣੇ ਪੁਲ ਤੋਂ ਲੰਘਣਾ ਵੇਲੇ ਇਸ ਦੀ ਰੇਲਿੰਗ ਦਾ ਮਜ਼ਬੂਤ ਹੋਣਾ ਅਤਿ ਜ਼ਰੂਰੀ ਹੈ। ਰੇਲਿੰਗ ਟੁੱਟੀ ਹੋਣ ਕਾਰਨ ਉਸ ਸਮੇਂ ਇਥੋਂ ਲੰਘਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਇਸ ਵਿੱਚ ਡਿੱਗਣ ਦਾ ਖਤਰਾ ਬਣ ਜਾਂਦਾ ਹੈ ਜਿਸ ਨਾਲ ਜਾਨੀ ਮਾਲੀ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਲਾਕਾ ਵਾਸੀਆਂ ਦੀ ਪੰਜਾਬ ਸਰਕਾਰ ਤੇ ਡਰੇਨੇਜ ਵਿਭਾਗ ਪਾਸੋਂ ਮੰਗ ਹੈ ਕੀ ਇਸ ਡਰੇਨ 'ਤੇ ਪੁੱਲ ਉਪਰ ਬਣੀ ਟੁੱਟੀ ਰੇਲਿੰਗ ਨੂੰ ਜਲਦੀ ਤੋਂ ਜਲਦੀ ਬਣਵਾਇਆ ਜਾਵੇ ਤਾਂ ਜੋ ਕਿਸੇ ਵੇਲੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਇੱਥੇ ਜਿਕਰਯੋਗ ਹੈ ਇਸ ਡਰੇਨ 'ਤੇ ਇਸ ਪੁਲੀ ਤੋਂ ਇਲਾਵਾ ਬਾਕੀ ਪੁਲੀਆਂ ਵੀ ਰੇਲਿੰਗ ਦੀ ਵੀ ਮੁਰੰਮਤ ਕਰਵਾ ਦਿੱਤੀ ਜਾਵੇ ਤਾਂ ਆਉਣ ਵਾਲੇ ਬਰਸਾਤਾਂ ਦੇ ਦਿਨਾਂ ਵਿਚ ਕੋਈ ਵੀ ਨੁਕਸਾਨ ਨਾ ਹੋ ਸਕੇ।

# ਸੇਂਟ ਕਬੀਰ ਸਕੂਲ 'ਚ ਸਮਰੱਥਾ ਨਿਰਮਾਣ ਪ੍ਰੋਗਰਾਮ ਤਹਿਤ ਅਧਿਆਪਕਾਂ ਦਾ ਸੈਮੀਨਾਰ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਵਿਖੇ ਸੀ.ਬੀ.ਐਸ.ਈ. ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਕੂਲੀ ਸਿੱਖਿਆ ਗ੍ਰਹਿਣ ਕਰਦੇ ਸਮੇਂ ਬੱਚਿਆਂ ਦੀ ਜ਼ਿੰਦਗੀ ਵਿੱਚ ਆਉਂਦੀਆਂ ਮੁਸ਼ਕਲਾਂ ਦੇ ਸਹੀ ਹੱਲ ਕਰਨ ਲਈ ਅਤੇ ਵਿਦਿਆਰਥੀਆਂ ਨੂੰ ਸਹੀ ਦਿਸ਼ਾ ਦਿਖਾਉਣ ਦੇ ਮੱਦੇਨਜ਼ਰ ਅਧਿਆਪਕਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਵਿਸ਼ੇਸ਼ ਸੈਮੀਨਾਰ ਕਰਵਾਇਆ। ਸਕੂਲ ਦੇ ਪ੍ਰਿੰਸੀਪਲ ਐਸ ਬੀ ਨਾਯਰ ਦੀ ਅਗਵਾਈ ਹੇਠ ਅਤੇ ਪ੍ਰਬੰਧਕ ਨਵਦੀਪ ਕੌਰ ਅਤੇ ਕੁਲਦੀਪ ਕੌਰ ਦੇ ਪ੍ਰਬੰਧਾਂ ਵਿੱਚ ਕਰਵਾਏ ਇਸ ਸੈਮੀਨਾਰ ਦੌਰਾਨ ਸ਼ਰੋਤ ਅਧਿਕਾਰੀਆਂ ਪ੍ਰਿੰਸੀਪਲ ਹਰਵੰਤ ਸਿੰਘ ਅਤੇ ਮੈਡਮ ਰੁਚੀ ਭਾਰਗਵ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਸ਼ਰੋਤ ਅਧਿਕਾਰੀਆਂ ਦੁਆਰਾ ਅਧਿਆਪਕਾਂ ਦੀ ਸਮਰੱਥਾ ਨਿਰਮਾਣ ਪ੍ਰੋਗਰਾਮ ਅਧੀਨ ਸੈਮੀਨਾਰ ਦੌਰਾਨ ਅਧਿਆਪਕਾਂ ਨੂੰ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਸੰਬੰਧਿਤ ਸਮੱਸਿਆਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨਾਂ ਨੇ ਸਮੂਹ ਸਟਾਫ ਨੂੰ ਵੱਖ-ਵੱਖ ਗਤੀਵਿਧੀਆਂ ਰਾਹੀਂ ਬੱਚਿਆਂ ਵਿੱਚ ਰਚਨਾਤਮਕ ਭਾਵਨਾ ਲਿਆਉਣ ਲਈ ਪ੍ਰੇਰਿਤ ਕਰਦਿਆਂ ਬੱਚਿਆਂ ਦੀ ਕਾਬਲੀਅਤ ਨੂੰ ਪਰਖਣ ਦੇ ਨੁਕਤੇ ਸਾਂਝੇ ਕੀਤੇ ਤੇ ਅਧਿਆਪਕ ਦੀਆਂ ਜ਼ਿੰਮੇਵਾਰੀਆਂ ਤੋਂ ਵੀ ਜਾਣੂ ਕਰਵਾਇਆ। ਸੈਮੀਨਾਰ ਦੌਰਾਨ ਸਮੁੱਚੇ ਤੌਰ ਤੇ ਸੀਬੀਐੱਸਈ ਬੋਰਡ ਅਧੀਨ ਕਰਵਾਏ ਗਏ ਇਸ ਪ੍ਰੋਗਰਾਮ ਦਾ ਸਾਰੇ ਅਧਿਆਪਕਾਂ ਨੇ ਸੁਚੱਜੇ ਰੂਪ ਵਿੱਚ ਫਾਇਦਾ ਉਠਾਇਆ ਅਤੇ ਆਪਣੇ ਵਿਦਿਆਰਥੀਆਂ ਲਈ ਇਨ੍ਹਾਂ ਅਧਿਆਪਨ ਤਰੀਕਿਆਂ ਨੂੰ ਅਪਨਾਉਣ ਦਾ ਵਾਅਦਾ ਕੀਤਾ। ਇਸ ਸਫਲ ਸੈਮੀਨਾਰ ਦੇ ਅੰਤਿਮ ਪੜਾਅ 'ਤੇ ਮੈਨੇਜਮੈਂਟ ਪ੍ਰਬੰਧਕ ਮੈਂਬਰਾਂ ਮੈਡਮ ਨਵਦੀਪ ਕੌਰ ਅਤੇ ਕੁਲਦੀਪ ਕੌਰ ਵਲੋਂ ਆਏ ਹੋਏ ਰਿਸੋਰਸ ਅਧਿਕਾਰੀਆਂ ਦਾ ਤਹਿ-ਦਿਲੋਂ ਧੰਨਵਾਦ ਕੀਤਾ ਗਿਆ ਅਤੇ ਅਧਿਆਪਕ-ਵਿਦਿਆਰਥੀ ਦੇ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਨ ਦਾ ਪ੍ਰਣ ਲੈਂਦੇ ਹੋਏ ਅਧਿਆਪਕਾਂ ਨੂੰ ਹਮੇਸ਼ਾ ਸਿੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕੋਆਰਡੀਨੇਟਰ ਅਮਨਦੀਪ ਕੌਰ, ਵਿਸ਼ਾਲ ਸ਼ਰਮਾ ਸਮੇਤ ਸਕੂਲ ਦੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਅਣਥੱਕ ਮਿਹਨਤ ਲਈ ਵੋਟਰਾਂ-ਸਪੋਰਟਰਾਂ ਦਾ ਹਮੇਸ਼ਾ ਰਿਣੀ ਰਹਾਂਗਾ : ਰੰਧਾਵਾ



**ਕਲਾਨੌਰ, (ਮਨਦੀਪ ਕੋਹਲੀ)**-ਗੁਰਦਾਸਪੁਰ ਦੀ ਲੋਕ ਸਭਾ ਸੀਟ ਤੋਂ ਭਾਵੇਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਜਿੱਤ ਪ੍ਰਾਪਤ ਕਰਨ ਵਿੱਚ ਕਾਮਯਾਬ ਨਹੀਂ ਹੋ ਸਕੇ, ਪਰ ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਦੀ ਮਿਹਨਤ ਸਦਕਾ ਕਲਾਨੌਰ ਵਿੱਚੋਂ ਆਮ ਆਦਮੀ ਪਾਰਟੀ ਨੂੰ ਜਿੱਤ ਪ੍ਰਾਪਤ ਹੋਈ ਹੈ।ਇਸ ਸੰਬੰਧ ਵਿੱਚ ਕਲਾਨੌਰ ਆਪਣੇ ਵੋਟਰਾਂ ਸਪੋਰਟਰਾਂ ਦਾ ਧੰਨਵਾਦ ਕਰਨ ਲਈ ਪਹੁੰਚੇ ਸਰਦਾਰ ਗੁਰਦੀਪ ਸਿੰਘ ਰੰਧਾਵਾ ਨੇ ਹਰਦੀਪ ਸਿੰਘ ਮਠਾਰੂ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਤੇ ਕਰਦਿਆਂ ਉਨ੍ਹਾਂ ਨੇ ਆਪਣੇ ਵੋਟਰਾਂ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੀ ਜਿਮਨੀ ਚੋਣ ਵਿੱਚ ਜਿਹੜੀ ਰਹਿੰਦੀ ਕਸਰ ਹੈ ਉਸ ਨੂੰ ਕੱਢਣ ਲਈ ਆਪਣੇ ਵੋਟਰਾਂ ਨੂੰ ਥਾਪੜਾ ਦਿੱਤਾ। ਰੰਧਾਵਾ ਨੇ ਕਲਾਨੌਰ ਦੇ ਨਾਲ ਨਾਲ ਆਪਣੇ ਕਲਾਨੌਰ ਇਲਾਕੇ ਦੇ ਪਿੰਡਾਂ ਵਿੱਚ ਪੰਚਾਂ, ਸਰਪੰਚਾਂ ਅਤੇ ਮੋਹਤਬਰ ਵਿਅਕਤੀਆਂ ਜਿਨਾਂ ਨੇ ਆਮ ਆਦਮੀ ਪਾਰਟੀ ਲਈ ਕਮਰ ਕੱਸੇ ਕੀਤੇ ਸਨ ਅਤੇ ਆਪਣੇ ਆਪਣੇ ਬੂਥ ਤੋਂ ਸ਼ੈਰੀ ਕਲਸੀ ਨੂੰ ਜਿਤਾ ਕੇ ਭੇਜਿਆ ਸੀ।ਉਨ੍ਹਾਂ ਦਾ ਵੀ ਧੰਨਵਾਦ ਕੀਤਾ, ਜੇਕਰ ਗੱਲ ਪਿੰਡ ਲੱਖਣ ਕਲਾਂ ਦੇ ਬੂਥ ਦੀ ਕੀਤੀ ਜਾਵੇ ਤਾਂ ਉਸ ਬੂਥ ਤੋਂ ਵੀ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੂੰ ਕਰੀਬ 175 ਵੋਟਾਂ ਦੀ ਲੀਡ ਪ੍ਰਾਪਤ ਹੋਈ ਸੀ।ਇਸ ਮੌਕੇ ਮਠਾਰੂ ਪਰਿਵਾਰ, ਸਰਦਾਰ ਸਵਰਨ ਸਿੰਘ ਮਠਾਰੂ, ਹਰਦੀਪ ਸਿੰਘ ਮਠਾਰੂ ਵੱਲੋਂ ਗੁਰਦੀਪ ਸਿੰਘ ਰੰਧਾਵਾ ਨੂੰ ਸਿਰੋਪਾਓ ਅਤੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਦਰਜੀਤ ਭਾਰਲ, ਚੰਚਲ ਕੁਮਾਰ, ਸੰਦੀਪ ਕੁਮਾਰ, ਮੁਕੇਸ਼ ਕੁਮਾਰ, ਮਨੀਸ਼ ਕੁਮਾਰ, ਜਰਨੈਲ ਸਿੰਘ, ਜਗਜੀਤ ਸਿੰਘ ਕਾਹਲੋਂ ਆਦਿ ਵੀ ਹਾਜ਼ਰ ਸਨ।

# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲਗਾਈ ਠੰਡੇ-ਮਿੱਠੇ ਜਲ ਦੀ ਛਬੀਲ




**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ ਤੋਂ ਤਿੰਨ ਕਿਲੋਮੀਟਰ ਦੂਰੀ 'ਤੇ ਪਿੰਡ ਬਰਨਾਲਾ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਾਬਕਾ ਸਰਪੰਚ ਗੁਰਭੇਜ ਸਿੰਘ ਦੇ ਪਰਿਵਾਰ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾ ਕੇ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਠੰਢਾ-ਮਿੱਠਾ ਜਲ ਛਕਾਇਆ ਗਿਆ। ਇਸ ਮੌਕੇ ਸੇਵਾ ਕਰਨ ਵਾਲੀਆਂ ਸੰਗਤਾਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਹਰ ਸਾਲ ਹੀ ਆਪਣੇ ਪਿੰਡ ਦੀ ਸੜਕ 'ਤੇ ਠੰਡੇ ਜਲ ਦੀ ਛਬੀਲ ਲਗਾਈ ਜਾਂਦੀ ਹੈ। ਉਨ੍ਹਾਂ ਕਿਹਾ ਗੁਰੂਆਂ ਦੁਆਰਾ ਦਰਸਾਏ ਮਾਰਗ 'ਤੇ ਚਲਦਿਆਂ ਉਨ੍ਹਾਂ ਵਲੋਂ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਇਹ ਸੇਵਾ ਕੀਤੀ ਜਾਂਦੀ ਹੈ। ਉਨ੍ਹਾਂ ਅੱਤ ਦੀ ਗਰਮੀ ਵਿਚ ਵੱਡੀ ਗਿਣਤੀ ਵਿਚ ਆਉਣ-ਜਾਣ ਵਾਲੇ ਰਾਹਗੀਰ ਇਥੇ ਖੜ ਕੇ ਛਬੀਲ ਦਾ ਜਲ ਛੱਕਦੇ ਹਨ। ਇਸ ਮੌਕੇ ਗੁਰਮੁੱਖ ਸਿੰਘ, ਅਮਨਪ੍ਰੀਤ ਸਿੰਘ, ਸਹਿਜਪਾਲ ਸਿੰਘ, ਲਖਵਿੰਦਰ ਸਿੰਘ, ਦਰਸ਼ਨ ਸਿੰਘ ਹਾਜ਼ਰ ਸਨ।

ਨਵਾਂ ਜ਼ਮਾਨਾ
ਸ਼ਨੀਵਾਰ, 8 ਜੂਨ 2024

# ਬੇਟੀ-ਬਾਪ ਦਾ ਸੰਦੇਸ਼

*ਵੱਡੇ ਇਮਤਿਹਾਨਾਂ ਵਿਚ ਸਫਲਤਾ ਹਾਸਲ ਨਾ ਕਰ ਸਕਣ ਕਾਰਨ ਸਮਝਦਾਰ ਹੋਣ ਦੇ ਬਾਵਜੂਦ ਕਈ ਪ੍ਰੀਖਿਆਰਥੀ ਖੁਦਕੁਸ਼ੀਆਂ ਕਰ ਲੈਂਦੇ ਹਨ। ਉਹ ਸੋਚਦੇ ਹਨ ਕਿ ਆਪਣੇ ਮਾਂ-ਬਾਪ ਦੀ ਇੱਛਾ ਪੂਰੀ ਨਹੀਂ ਕਰ ਸਕੇ, ਜਿਨ੍ਹਾਂ ਨੇ ਕਰਜ਼ੇ ਚੁੱਕ ਕੇ ਤੇ ਆਪਣਾ ਸਾਰਾ ਕੁਝ ਦਾਅ 'ਤੇ ਲਾ ਕੇ ਉਨ੍ਹਾਂ ਦੀਆਂ ਫੀਸਾਂ ਭਰੀਆਂ। ਮਨੋਵਿਗਿਆਨੀ ਲਗਾਤਾਰ ਕਹਿੰਦੇ ਆ ਰਹੇ ਹਨ ਕਿ ਮਾਂ-ਬਾਪ ਬੱਚਿਆਂ ਤੋਂ ਉਹ ਆਸ ਨਾ ਰੱਖਣ, ਜੋ ਉਹ ਪੂਰੀ ਨਹੀਂ ਕਰ ਸਕਦੇ। ਉਨ੍ਹਾਂ ਨੂੰ ਧੱਕੇ ਨਾਲ ਡਾਕਟਰ, ਇੰਜੀਨੀਅਰ, ਆਈ ਏ ਐੱਸ ਤੇ ਆਈ ਪੀ ਐੱਸ ਬਣਨ ਲਈ ਮਜਬੂਰ ਨਾ ਕਰਨ। ਫਿਰ ਵੀ ਖੁਦਕੁਸ਼ੀਆਂ ਦਾ ਵਰਤਾਰਾ ਜਾਰੀ ਹੈ। ਇਸ ਦਰਮਿਆਨ ਮੱਧ ਪ੍ਰਦੇਸ਼ ਦੇ ਗ੍ਰਹਿ ਸਕੱਤਰ ਓਮ ਪ੍ਰਕਾਸ਼ ਸ੍ਰੀਵਾਸਤਵ ਅਤੇ ਉਨ੍ਹਾ ਦੀ ਬੇਟੀ ਸ਼ਰੂਤੀ, ਜੋ ਆਈ ਏ ਐੱਸ ਦੀ ਪ੍ਰੀਖਿਆ ਪਾਸ ਨਹੀਂ ਕਰ ਸਕੀ, ਵਿਚਾਲੇ ਪੋਸਟ-ਵਿਹਾਰ ਨੇ ਇਸ ਵਰਤਾਰੇ ਨੂੰ ਰੋਕਣ ਦਾ ਇਕ ਅਹਿਮ ਸੰਦੇਸ਼ ਦਿੱਤਾ ਹੈ। ਸ਼ਰੂਤੀ ਨੇ ਆਪਣੀ ਇੰਟਰਵਿਊ ਦੌਰਾਨ ਯੂ ਪੀ ਐੱਸ ਸੀ ਧੌਲਪੁਰ ਹਾਊਸ ਅੱਗੇ ਖੜ੍ਹੇ ਹੋ ਕੇ ਕੁਝ ਤਸਵੀਰਾਂ ਖਿੱਚੀਆਂ ਤੇ ਚੋਣ ਨਾ ਹੋਣ 'ਤੇ ਉਨ੍ਹਾਂ ਨੂੰ ਆਪਣੇ ਵਰਗੇ ਪ੍ਰੀਖਿਆਰਥੀਆਂ ਨਾਲ ਸ਼ੇਅਰ ਕਰਕੇ ਲਿਖਿਆ ਕਿ ਮੇਰੀ ਚੋਣ ਨਹੀਂ ਹੋਈ। ਫਿਰ ਵੀ ਤਸਵੀਰਾਂ ਪੋਸਟ ਕਰ ਰਹੀ ਹਾਂ। ਮੈਂ ਆਪਣੀ ਅਸਫਲਤਾ ਲੁਕੋਣੀ ਨਹੀਂ ਚਾਹੁੰਦੀ। ਪਰ ਅੱਗੇ ਵਧਣ ਦੀ ਇੱਛਾ ਅਜੇ ਵੀ ਹੈ ਤੇ ਤੁਸੀਂ ਵੀ ਅੱਗੇ ਵਧੋ।*

*ਇਸ ਦਾ ਆਈ ਏ ਐੱਸ ਪਿਤਾ ਓਮ ਪ੍ਰਕਾਸ਼ ਸ੍ਰੀਵਾਸਤਵ ਨੇ ਸੋਸ਼ਲ ਮੀਡੀਆ 'ਤੇ ਜਵਾਬ ਇਹ ਦਿੱਤਾ—ਤੂੰ ਫੇਲ੍ਹ ਨਹੀਂ ਹੋਈ। ਤੂੰ ਇਕ ਉੱਚਾ ਟੀਚਾ ਮਿੱਥਿਆ ਸੀ ਤੇ ਦੇਸ਼ ਭਰ ਦੇ ਸਭ ਤੋਂ ਪ੍ਰਤਿਭਾਸ਼ਾਲੀ ਤੇ ਮਿਹਨਤੀ ਵਰਗ ਦੇ ਉਨ੍ਹਾਂ ਇਕ ਹਜ਼ਾਰ ਨੌਜਵਾਨਾਂ ਵਿਚ ਆਪਣੀ ਥਾਂ ਬਣਾਈ, ਜਿਹੜੇ ਕਠਿਨ ਪ੍ਰੀਖਿਆ ਦੇ ਆਖਰੀ ਦੌਰ ਵਿਚ ਪੁੱਜੇ ਸਨ। ਆਖਰੀ ਸਫਲਤਾ ਕਈ ਕਾਰਨਾਂ 'ਤੇ ਨਿਰਭਰ ਕਰਦੀ ਹੈ, ਜੋ ਸਾਡੇ ਕੰਟਰੋਲ ਤੋਂ ਬਾਹਰ ਹੁੰਦੇ ਹਨ। ਇਸ ਨੂੰ ਹੀ ਕਿਸਮਤ ਕਹਿੰਦੇ ਹਨ। ਤੇਰੀ ਮਿਹਨਤ ਤੇ ਸ਼ਖਸੀਅਤ ਦਾ ਮੁਲੰਕਣ ਤਾਂ ਇੰਟਰਵਿਊ ਬੋਰਡ ਨੇ ਕੀਤਾ ਹੈ, ਜਿਸ ਨੇ ਤੈਨੂੰ 64 ਫੀਸਦੀ ਅੰਕ ਦਿੱਤੇ ਹਨ ਜਦਕਿ ਆਈ ਏ ਐੱਸ ਵਿਚ 49-50 ਫੀਸਦੀ 'ਤੇ ਵੀ ਆਖਰੀ ਚੋਣ ਹੋ ਜਾਂਦੀ ਹੈ। ਤੂੰ 6 ਸਾਲ ਤੱਕ ਦਿਨ-ਰਾਤ ਮਿਹਨਤ ਕਰਕੇ ਜੋ ਚਾਹਿਆ ਸੀ ਤੇ ਜਿਸ ਦੇ ਮਿਲਣ ਦੀ ਪੂਰੀ ਸੰਭਾਵਨਾ ਸੀ, ਉਹ ਇਕ ਝਟਕੇ ਵਿਚ ਸਮਾਪਤ ਹੋ ਗਿਆ ਪਰ ਨਤੀਜਾ ਆਉਣ ਦੇ ਦੋ ਦਿਨ ਬਾਅਦ ਜਿਸ ਜਜ਼ਬੇ ਨਾਲ ਤੂੰ ਪਰਵਾਰਕ ਵਿਆਹ ਸਮਾਰੋਹ ਵਿਚ ਹਿੱਸਾ ਲਿਆ, ਡਾਂਸ ਕੀਤਾ ਤੇ ਕਿਸੇ ਨੂੰ ਮਹਿਸੂਸ ਨਹੀਂ ਹੋਣ ਦਿੱਤਾ ਕਿ ਦੋ ਦਿਨ ਪਹਿਲਾਂ ਤੈਨੂੰ ਕਿੰਨਾ ਵੱਡਾ ਧੱਕਾ ਲੱਗਾ, ਉਹ ਅਦਭੁਤ ਹੈ। ਹੁਣ ਵੀ, ਤੂੰ ਆਪਣਾ ਕੈਰੀਅਰ ਚੁਣ ਲਿਆ ਹੈ, ਮਹਿਲਾਵਾਂ ਤੇ ਬੱਚਿਆਂ ਦੇ ਸਸ਼ਕਤੀਕਰਨ ਨੂੰ ਲੈ ਕੇ ਸਮਾਜ ਵਿਚ ਕੰਮ ਕਰਨ ਦਾ। ਇਹ ਜਜ਼ਬਾ ਤੈਨੂੰ ਸਮਾਜ ਵਿਚ ਥਾਂ ਦਿਵਾਏਗਾ ਤੇ ਇਹ ਕੰਮ ਤੈਨੂੰ ਸੰਤੁਸ਼ਟੀ ਦੇਵੇਗਾ। ਇਹ ਠੀਕ ਹੈ ਕਿ ਸਿਵਲ ਸੇਵਾ ਆਰਥਕ ਹਾਲਤ ਠੀਕ ਕਰ ਦਿੰਦੀ ਹੈ ਅਤੇ ਸਮਾਜ ਵਿਚ ਪਛਾਣ ਤੇ ਸਨਮਾਨ ਦਿਵਾਉਂਦੀ ਹੈ, ਪਰ ਇਹੀ ਸਭ ਕੁਝ ਨਹੀਂ। ਭਾਰਤ ਦੇ ਕੈਬਨਿਟ ਸੈਕਟਰੀ ਨੂੰ ਕਿੰਨੇ ਕੁ ਲੋਕ ਜਾਣਦੇ ਹਨ? ਪਰ ਬਾਬਾ ਆਮਟੇ ਤੇ ਵਿਨੋਬਾ ਭਾਵੇ ਜੀ ਵਰਗੇ ਲੋਕ ਅਮਰ ਹੋ ਜਾਂਦੇ ਹਨ। ਤੂੰ ਇਮਤਿਹਾਨਾਂ ਦੀ ਤਿਆਰੀ ਦੌਰਾਨ ਜੋ ਗਿਆਨ ਹਾਸਲ ਕੀਤਾ, ਮਿਹਨਤ ਤੇ ਸੰਸਕਾਰ ਪੈਦਾ ਕੀਤੇ ਅਤੇ ਇਨ੍ਹਾਂ ਦੇ ਨਤੀਜੇ ਵਜੋਂ ਜੋ ਸ਼ਖਸੀਅਤ ਵਿਕਸਤ ਕੀਤੀ, ਉਸ ਵਿਚ ਸਮਾਜ ਦੇ ਹੇਠਲੇ ਤਬਕੇ ਦੀਆਂ ਮਹਿਲਾਵਾਂ ਤੇ ਬੱਚਿਆਂ ਪ੍ਰਤੀ ਕਰੁਣਾ ਦਾ ਮੇਲ ਹੋ ਜਾਣ ਨਾਲ ਤੇਰੀ ਸ਼ਖਸੀਅਤ ਹੋਰ ਵੱਡੀ ਹੋਣ ਵਾਲੀ ਹੈ। ਅਸੀਂ ਸਭ ਇਸ ਦੀ ਉਡੀਕ ਕਰ ਰਹੇ ਹਾਂ। ਸ਼ੁੱਭਕਾਮਨਾਵਾਂ ਤੇ ਆਸ਼ੀਰਵਾਦ!*

# ਪੂੰਜੀਵਾਦ ਸਮੁੱਚੇ ਸਮਾਜ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦੈ



ਪਵਨ ਕੁਮਾਰ ਕੌਸ਼ਲ

ਪੂੰਜੀਵਾਦ ਇੱਕ ਅਜਿਹੀ ਆਰਥਿਕ ਪ੍ਰਣਾਲੀ ਹੈ, ਜਿਸ ਵਿੱਚ ਉਤਪਾਦਨ ਦੇ ਜ਼ਿਆਦਾਤਰ ਸਾਧਨਾਂ ਦੀ ਵਿਅਕਤੀਗਤ ਮਾਲਕੀਅਤ ਅਤੇ ਨਿਯੰਤਰਣ ਹੁੰਦਾ ਹੈ। ਵਿਅਕਤੀ ਜ਼ਿਆਦਾਤਰ ਕੰਪਨੀਆਂ ਦੇ ਮਾਲਕ ਵੀ ਹੁੰਦੇ ਹਨ, ਜੋ ਕਾਰੋਬਾਰ ਲਈ ਦੂਜੀਆਂ ਕੰਪਨੀਆਂ ਨਾਲ ਮੁਕਾਬਲਾ ਕਰਦੀਆਂ ਹਨ।

ਸਰਮਾਏਦਾਰੀ ਕਾਰੋਬਾਰ (ਪੂੰਜੀਵਾਦ) ਅਸਮਾਨਤਾਵਾਂ ਵੱਲ ਲੈ ਜਾਂਦਾ ਹੈ। ਪੂੰਜੀਵਾਦ ਵਿੱਚ ਕਾਰਪੋਰੇਟ ਫਰਮਾਂ ਮਜ਼ਦੂਰਾਂ ਅਤੇ ਖਪਤਕਾਰਾਂ ਉੱਤੇ ਏਕਾਧਿਕਾਰ ਪ੍ਰਾਪਤ ਕਰ ਸਕਦੀਆਂ ਹਨ। ਇੱਕ ਪੂੰਜੀਵਾਦੀ ਆਰਥਿਕਤਾ ਦਾ ਵੱਧ ਤੋਂ ਵੱਧ ਮੁਨਾਫਾ ਕਮਾਉਣ ਦਾ ਮਨੋਰਥ ਹੁੰਦਾ ਹੈ। ਕਾਰੋਬਾਰੀ ਸਰੋਤਾਂ ਨੂੰ ਇਸ ਤਰੀਕੇ ਨਾਲ ਵਰਤਦਾ ਹੈ ਕਿ ਇਹ ਕੁਦਰਤੀ ਸੰਤੁਲਨ ਨੂੰ ਤਬਾਹ ਕਰਕੇ ਵਾਤਾਵਰਣ ਦੀਆਂ ਸਮੱਸਿਆਵਾਂ ਖੜੀਆਂ ਕਰ ਦਿੰਦਾ ਹੈ। ਪੂੰਜੀਵਾਦੀ ਆਰਥਕ-ਸਮਾਜਕ ਪ੍ਰਬੰਧ ਅਧੀਨ ਆਰਥਕ ਅਸਮਾਨਤਾ ਖਤਮ ਨਹੀ ਹੋ ਸਕਦੀ, ਸਗੋਂ ਇਹ ਵਧਦੀ ਜਾਂਦੀ ਹੈ। ਵਿਸ਼ਵ ਦੀ ਬਹੁਤ ਘੱਟ ਗਿਣਤੀ ਕੋਈ 1 ਫੀਸਦੀ ਅਮੀਰ ਲੋਕ ਸਭ ਤੋਂ ਘੱਟ ਟੈਕਸ ਅਦਾ ਕਰਦੇ ਹਨ ਅਤੇ ਸੱਭ ਤੋਂ ਵੱਧ ਮੁਨਾਫਾ ਕਮਾਉਂਦੇ ਹਨ।

ਲਗਾਤਾਰ ਵਧ ਰਹੀ ਗਰੀਬੀ ਦੂਰ ਕਰਨ ਲਈ ਬਹੁਤ ਘੱਟ ਜਾਂ ਕੋਈ ਹੱਲ ਪੇਸ਼ ਨਹੀ ਕਰਦਾ, ਸਗੋਂ ਆਮਦਨੀ ਵਿੱਚ ਅਸਮਾਨਤਾ ਦਾ ਵਧ ਰਿਹਾ ਪੱਧਰ ਪੈਦਾ ਕਰਦਾ ਹੈ। ਕਰੋੜਾਂ ਮਜ਼ਦੂਰਾਂ ਨੂੰ ਗੁਜ਼ਾਰੇ ਯੋਗੀ ਮਜ਼ਦੂਰੀ ਦੇਣ ਵਿੱਚ ਅਸਫਲ ਰਹਿੰਦਾ ਹੈ। ਵਧ ਰਹੇ ਆਟੋਮੇਸ਼ਨ (ਸਵੈ-ਚਾਲਕ) ਦੇ ਮੱਦੇਨਜ਼ਰ ਲੋੜੀਂਦੀਆਂ ਮਨੁੱਖੀ ਨੌਕਰੀਆਂ ਉਪਲੱਬਧ ਨਹੀ ਹੁੰਦੀਆਂ। ਕਾਰੋਬਾਰਾਂ ਨੂੰ ਉਹਨਾਂ ਦੀਆਂ ਗਤੀਵਿਧੀਆਂ ਦੇ ਪੂਰੇ ਸਮਾਜਿਕ ਖਰਚਿਆਂ ਨਾਲ ਪੂਰਤੀ ਨਹੀਂ ਕਰਦਾ ਹੈ।

ਅਜਿਹੀ ਸੀਥਤੀ ਦੇ ਹੁੰਦਿਆਂ ਦੁਨੀਆਂ ਭਰ ਦੇ ਨੌਜਵਾਨ ਪੂੰਜੀਵਾਦ ਦੇ ਸੰਕਟ ਦਾ ਸ਼ਿਕਾਰ ਹੋ ਰਹੇ ਹਨ। ਨਾਜ਼ੁਕ ਕੰਮ, ਘੱਟ ਤਨਖਾਹ ਅਤੇ ਅਸਫ਼ਲ ਰਿਹਾਇਸ਼ ਤੋਂ ਲੈ ਕੇ ਮੌਸਮੀ ਤਬਾਹੀ ਤੱਕ ਪੂੰਜੀਵਾਦ ਨੌਜਵਾਨਾਂ ਲਈ ਕੋਈ ਉਮੀਦ ਨਹੀਂ ਬਣਦੀ। ਜੇ ਬਣਦੀ ਹੈ ਤਾਂ ਸਾਨੂੰ ਸਮਾਜਵਾਦੀ ਭਵਿੱਖ ਲਈ ਲੜਨ ਦੀ ਲੋੜ ਹੈ।

'ਫਾਈਨੈਂਸ਼ੀਅਲ ਟਾਈਮਜ਼' ਦੁਆਰਾ ਦਰਸਾਏ ਗਏ ਨੌਜਵਾਨਾਂ ਦੀਆਂ ਕੁਝ ਸਭ ਤੋਂ ਵੱਧ ਦਬਾਉਣ ਵਾਲੀਆਂ ਚਿੰਤਾਵਾਂ ਵਿੱਚ ਸ਼ਾਮਲ ਹਨ; ਵੱਡੇ ਕਰਜ਼ੇ, ਰਿਹਾਇਸ਼ ਦੀ ਬਹੁਤ ਜ਼ਿਆਦਾ ਲਾਗਤ, ਨੌਕਰੀਆਂ ਦੀ ਘਾਟ ਅਤੇ ਪ੍ਰਤੀਯੋਗਤਾ (ਜ਼ਿਆਦਾ ਘੰਟੇ ਅਤੇ ਅਸਥਾਈ ਠੇਕੇ ਆਮ ਹੋਣ ਦੇ ਨਾਲ), ਚੱਲ ਰਹੇ ਜਲਵਾਯੂ ਸੰਕਟ ਅਤੇ ਸਮੁੱਚੀ ਭਾਵਨਾ ਕਿ ਉਹਨਾਂ ਅਤੇ ਉਹਨਾਂ ਦੇ ਬੱਚਿਆਂ ਲਈ ਉਹਨਾਂ ਦੇ ਮਾਪਿਆਂ ਦੇ ਮੁਕਾਬਲੇ ਜ਼ਿੰਦਗੀ ਬਦਤਰ ਹੋਵੇਗੀ। ਅਮਰੀਕਾ ਵਿੱਚ ਇਹ ਆਮ ਗੱਲ ਹੈ ਕਿ ਜਿਹੜਾ ਕੋਈ ਵੀ ਗਰੈਜੂਏਸ਼ਨ (ਬੀ ਏ) ਕਰਕੇ ਨਿਕਲਦਾ ਹੈ ਤਾਂ 30,000 ਡਾਲਰ ਦਾ ਕਰਜ਼ਾਈ ਹੁੰਦਾ ਹੈ।

ਉਦਾਹਰਨ ਲਈ ਬ੍ਰਿਟੇਨ ਵਿੱਚ 35 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੇ ਪਿਛਲੇ ਸਾਲ ਵਿੱਚ ਲਗਭਗ 80 ਪ੍ਰਤੀਸ਼ਤ ਨੌਕਰੀਆਂ ਗੁਆ ਦਿੱਤੀਆਂ ਹਨ । ਹੁਣ ਨੌਜਵਾਨਾਂ ਲਈ ਬੇਰੁਜ਼ਗਾਰੀ ਦੀ ਦਰ ਪਿਛਲੀ ਤਿਮਾਹੀ (14.2 ਪ੍ਰਤੀਸ਼ਤ ਦੇ ਮੁਕਾਬਲੇ 14.3 ਪ੍ਰਤੀਸ਼ਤ) ਦੇ ਮੁਕਾਬਲੇ ਮੂਲ ਰੂਪ ਵਿੱਚ ਸਥਿਰ ਹੈ। ਇਹ 2016 ਤੋਂ ਬਾਅਦ ਸਭ ਤੋਂ ਉੱਚੇ ਬਿੰਦੂ 'ਤੇ ਆਰਥਕਤਾ ਦੀ ਤਬਾਹੀ ਨੂੰ ਦਰਸਾਉਂਦਾ ਹੈ॥ ਕੋਵਿਡ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਲਗਭਗ 3,00,000 ਨੌਕਰੀਆਂ ਚਲੀਆਂ ਗਈਆਂ। ਇਹ ਕਹਿਣ ਦੀ ਜ਼ਰੂਰਤ ਨਹੀਂ, ਗਰੀਬ ਦੇਸ਼ਾਂ ਵਿੱਚ ਸਥਿਤੀ ਬਹੁਤ ਮਾੜੀ ਹੈ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਕੋਰੋਨਾ ਵਾਇਰਸ ਦੀਆਂ ਨਵੀਆਂ ਲਹਿਰਾਂ ਦਾ ਸਾਹਮਣਾ ਕਰ ਰਹੇ ਹਨ। ਉਦਾਹਰਨ ਲਈ 2020 ਵਿੱਚ ਦੱਖਣੀ ਅਫ਼ਰੀਕਾ ਦੀ ਨੌਜਵਾਨ ਬੇਰੁਜ਼ਗਾਰੀ ਦੀ ਦਰ ਔਸਤਨ 56 ਪ੍ਰਤੀਸ਼ਤ ਸੀ ਅਤੇ ਫਰਵਰੀ 2021 ਵਿੱਚ ਇਹ 15-24 ਸਾਲ ਦੇ ਬੱਚਿਆਂ ਲਈ 63 ਪ੍ਰਤੀਸ਼ਤ ਅਤੇ 24-34 ਸਾਲ ਦੇ ਨੌਜਵਾਨਾਂ ਲਈ 41 ਪ੍ਰਤੀਸ਼ਤ ਸੀ।

ਇਸ ਨੌਜਵਾਨ ਬੇਰੁਜ਼ਗਾਰੀ ਦਾ ਅਸਰ ਕਿਤੇ ਹੋਰ ਵੀ ਸਾਫ਼ ਦੇਖਿਆ ਜਾ ਸਕਦਾ ਹੈ। ਵਧਦੀ ਗਰੀਬੀ ਅਤੇ ਭੋਜਨ ਦੀ ਅਸੁਰੱਖਿਆ (ਖਾਸ ਕਰਕੇ ਅਮਰੀਕਾ, ਭਾਰਤੀ ਉਪ ਮਹਾਂਦੀਪ ਅਤੇ ਅਫ਼ਰੀਕਾ ਵਿੱਚ) ਤੋਂ ਇਲਾਵਾ ਨੌਜਵਾਨ ਆਪਣੇ ਆਪ ਨੂੰ ਸਮਰਥਨ ਦੇਣ ਲਈ ਹਤਾਸ਼ ਅਤੇ ਘਟੀਆ ਸਾਧਨਾਂ ਵੱਲ ਮੁੜ ਰਹੇ ਹਨ। ਨੌਜਵਾਨਾਂ ਦਾ ਆਪਣਾ ਸਰੀਰ ਵੇਚਣ ਦਾ ਉਸ ਦਾ ਰੁਝਾਨ ਮਹਾਂਮਾਰੀ ਤੋਂ ਪਹਿਲਾਂ ਸੀ। 2017-19 ਦੇ ਵਿਚਕਾਰ ਯੂਕੇ ਵਿੱਚ ਵੇਸਵਾਗਮਨੀ, ਸਟ੍ਰਿਪਿੰਗ ਅਤੇ ਪੋਰਨੋਗ੍ਰਾਫੀ ਵੱਲ ਮੁੜਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ।

ਮਾਰਕਸ ਨੇ ਕਿਹਾ ਹੈ, 'ਸਰਮਾਏਦਾਰ ਦੀ ਮਰਜ਼ੀ ਜ਼ਰੂਰਤ ਤੋਂ ਵੱਧ ਲਾਭ ਲੈਣ ਦੀ ਹੈ। ਸਾਨੂੰ ਕੀ ਕਰਨਾ ਹੈ, ਉਸ ਦੀ ਇੱਛਾ ਬਾਰੇ ਗੱਲ ਨਹੀਂ ਕਰਨੀ, ਬਲਕਿ ਉਸ ਦੀ ਸ਼ਕਤੀ, ਉਸ ਸ਼ਕਤੀ ਦੀਆਂ ਸੀਮਾਵਾਂ ਅਤੇ ਉਨ੍ਹਾਂ ਸੀਮਾਵਾਂ ਦੇ ਚਰਿੱਤਰ ਬਾਰੇ ਪੁੱਛਣਾ ਹੈ।'

ਇਹ ਤੱਥ ਕਿ ਲੱਖਾਂ ਨੌਜਵਾਨ ਇਸ ਕਿਸਮ ਦੀ ਖ਼ਤਰਨਾਕ ਅਤੇ ਅਮਾਨਵੀ ਗਤੀਵਿਧੀ ਦੀ ਚੋਣ ਕਰ ਰਹੇ ਹਨ, ਇਹ ਪੂੰਜੀਵਾਦ ਅਤੇ ਲੋਕਾਂ ਨੂੰ ਪ੍ਰਦਾਨ ਕਰਨ ਦੀ ਇਸ ਦੀ ਯੋਗਤਾ ਦਾ ਇੱਕ ਘਿਨਾਉਣਾ ਕਾਰਜ ਹੈ।

2008 ਦੇ ਵਿੱਤੀ ਸੰਕਟ ਤੋਂ ਬਾਅਦ ਦੇ ਸਾਲਾਂ ਵਿੱਚ ਇਸ ਤਰ੍ਹਾਂ ਦੇ ਠੇਕੇ ਆਮ ਬਣ ਗਏ ਹਨ। ਉਹ ਆਖਰਕਾਰ ਮੁੱਖ ਤੌਰ 'ਤੇ ਨੌਜਵਾਨ ਮਜ਼ਦੂਰਾਂ ਦੀ ਕੀਮਤ 'ਤੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਲਈ ਸਰਮਾਏਦਾਰਾਂ ਦੀ ਕੋਸ਼ਿਸ਼ ਨੂੰ ਦਰਸਾਉਂਦੇ ਹਨ। ਫੁੱਲ-ਟਾਈਮ ਕੰਮ ਕਰਨ ਵਾਲਿਆਂ ਲਈ ਪੂਰੀ ਦੁਨੀਆ ਵਿੱਚ ਰਹਿਣ-ਸਹਿਣ ਦੀਆਂ ਕੀਮਤਾਂ ਅਸਮਾਨੀ ਛੂਹਣ ਕਾਰਨ ਸਥਿਤੀ ਬਹੁਤ ਗੰਭੀਰ ਹੁੰਦੀ ਜਾ ਰਹੀਂ ਹੈ।

ਸ਼ੋਸ਼ਣਕਾਰੀ ਕੰਮ ਦੀਆਂ ਸਥਿਤੀਆਂ ਅਤੇ ਜੀਵਨ ਦੀ ਉੱਚ ਕੀਮਤ ਦੇ ਨਤੀਜੇ ਵਜੋਂ ਨੌਜਵਾਨਾਂ ਦੀ ਬੇਵਕਤੀ ਮੌਤ ਵੀ ਹੋ ਰਹੀ ਹੈ, ਭੁੱਖਮਰੀ ਕਾਰਨ ਇਸ ਸਾਲ ਦੇ ਸ਼ੁਰੂ ਵਿੱਚ ਸੋਗ ਅਤੇ ਗੁੱਸੇ ਦੀ ਲਹਿਰ ਫੈਲ ਗਈ ਸੀ। ਸੰਕਟਗ੍ਰਸਤ ਸਰਮਾਏਦਾਰਾ ਪ੍ਰਬੰਧ ਅਧੀਨ ਨੌਜਵਾਨਾਂ ਦੀਆਂ ਮੁਸ਼ਕਲਾਂ ਸਾਰੇ ਸੰਸਾਰ ਵਿੱਚ ਪੂੰਜੀਵਾਦ ਦੇ ਤਰਕ ਅਤੇ ਇਸ ਦੇ ਮੁਨਾਫੇ ਨੂੰ ਸਭ ਤੋਂ ਵੱਧ ਤਰਜੀਹ ਦੇਣਗੇ, ਨੌਜਵਾਨ ਮਜ਼ਦੂਰਾਂ ਦੀ ਨਵੀਂ ਪੀੜ੍ਹੀ ਨੂੰ ਬੇਚੈਨੀ ਵਿੱਚ ਸੁੱਟ ਦਿੱਤਾ ਹੈ।

ਇਸ ਸੰਕਟ ਨੂੰ ਬੁਨਿਆਦੀ ਤੌਰ 'ਤੇ ਹੱਲ ਕਰਨ ਦਾ ਇੱਕੋ-ਇੱਕ ਤਰੀਕਾ ਹੈ ਪੂੰਜੀਵਾਦੀ ਪ੍ਰਣਾਲੀ ਉਖਾੜ ਸੁੱਟਣਾ ਅਤੇ ਇਸ ਨੂੰ ਇੱਕ ਤਰਕਸੰਗਤ ਯੋਜਨਾਬੱਧ ਆਰਥਿਕਤਾ ਨਾਲ ਬਦਲਣਾ, ਜਿਸ ਨੂੰ ਮਜ਼ਦੂਰ ਜਮਾਤ ਦੁਆਰਾ ਲੋਕਤੰਤਰੀ ਢੰਗ ਨਾਲ ਪੂਰੀ ਮਨੁੱਖਤਾ ਦੇ ਭਲੇ ਲਈ ਚਲਾਇਆ ਜਾਵੇ, ਨਾ ਕਿ ਮੁਨਾਫੇ ਲਈ।

ਪੂੰਜੀਵਾਦੀ ਸੰਕਟ ਵਿੱਚ ਘਿਰੀ ਇੱਕ ਪੀੜ੍ਹੀ ਇਸ ਜ਼ਰੂਰਤ ਲਈ ਜਾਗ ਰਹੀ ਹੈ, ਜਿਵੇਂ ਪਹਿਲਾਂ ਕਦੇ ਨਹੀਂ ਸੀ ਅਤੇ ਇੱਕ ਬਿਹਤਰ ਭਵਿੱਖ ਲਈ ਲੜਨ ਲਈ ਬਾਕੀ ਮਜ਼ਦੂਰ ਜਮਾਤ ਦੇ ਨਾਲ ਇਤਿਹਾਸ ਦੇ ਪੜਾਅ ਵਿੱਚ ਲਾਜ਼ਮੀ ਤੌਰ 'ਤੇ ਪ੍ਰਵੇਸ਼ ਕਰੇਗੀ। ਨੌਜਵਾਨ ਪੂੰਜੀਵਾਦ ਦੇ ਸੰਕਟ ਦਾ ਸ਼ਿਕਾਰ ਹਨ। ਨੌਜਵਾਨ ਆਰਥਿਕ ਮੰਦਹਾਲੀ ਦੀ ਮਾਰ ਝੱਲ ਰਹੇ ਹਨ, ਜਿਸ ਦਾ ਅਸਰ ਸਮਾਜ ਦੀਆਂ ਉਪਰਲੀਆਂ ਤਹਿਆਂ ਨੂੰ ਛੱਡ ਕੇ ਸਭ ਨੂੰ ਪੈ ਰਿਹਾ।

ਪਹਿਲਾਂ ਨਾਲੋਂ ਕਿਤੇ ਵੱਧ ਕਿਰਤੀ-ਸ਼੍ਰੇਣੀ ਦੇ ਨੌਜਵਾਨਾਂ ਕੋਲ ਸਿੱਖਿਆ ਛੱਡਣ ਨਾਲੋਂ ਬਿਹਤਰ ਜੀਵਨ ਦੀ ਕੋਈ ਸੰਭਾਵਨਾ ਨਹੀਂ। ਇੱਥੋਂ ਤੱਕ ਕਿ ਉੱਚ ਪੜ੍ਹੇ-ਲਿਖੇ ਮੱਧ ਪਰਤਾਂ ਵੀ ਉਸੇ ਦਿਸ਼ਾ ਵੱਲ ਜਾ ਰਹੀਆਂ ਹਨ। ਦਰਅਸਲ ਸਭ ਤੋਂ ਵੱਧ ਸੰਭਾਵਿਤ ਸੰਭਾਵਨਾ ਪਿਛਲੀਆਂ ਪੀੜ੍ਹੀਆਂ ਨਾਲੋਂ ਭੈੜੀ ਜ਼ਿੰਦਗੀ ਹੈ। ਇੱਕ ਸਮਾਜਵਾਦੀ ਪ੍ਰੋਗਰਾਮ ਸਾਨੂੰ ਲਾਭ ਦੀ ਬਜਾਏ ਲੋੜ ਅਨੁਸਾਰ ਦੌਲਤ ਵੰਡਣ ਦੀ ਇਜਾਜ਼ਤ ਦੇਵੇਗਾ। ਕੇਵਲ ਇਹ ਯਕੀਨੀ ਬਣਾਏਗਾ ਕਿ ਅੱਜ ਦੇ ਨੌਜਵਾਨਾਂ ਦਾ ਜੀਵਨ ਪੱਧਰ ਪਹਿਲਾਂ ਦੇ ਨੌਜਵਾਨਾਂ ਨਾਲੋਂ ਬਿਹਤਰ ਹੋ ਸਕਦਾ ਹੈ।

ਵਿਸ਼ਵ ਪੱਧਰ 'ਤੇ 2022 ਵਿੱਚ 5 ਸਾਲ ਤੋਂ ਘੱਟ ਉਮਰ ਦੇ 14.9 ਕਰੋੜ ਬੱਚਿਆਂ ਦੇ ਸਟੰਟ ਹੋਣ ਦਾ ਅਨੁਮਾਨ ਲਗਾਇਆ ਗਿਆ ਸੀ, 4.5 ਕਰੋੜ ਦੇ ਬਰਬਾਦ ਹੋਣ ਦਾ ਅਨੁਮਾਨ ਲਗਾਇਆ ਗਿਆ ਸੀ ਅਤੇ 3.7 ਕਰੋੜ ਜ਼ਿਆਦਾ ਭਾਰ ਜਾਂ ਮੋਟੇ ਸਨ। 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਲਗਭਗ ਅੱਧੀਆਂ ਮੌਤਾਂ ਕੁਪੋਸ਼ਣ ਨਾਲ ਜੁੜੀਆਂ ਹੋਈਆਂ ਹਨ। ਭਾਰਤ ਵਿੱਚ ਵਿਸ਼ਵ ਵਿੱਚ ਬਾਲ ਕੁਪੋਸ਼ਣ ਦੀਆਂ ਸਭ ਤੋਂ ਭੈੜੀਆਂ ਦਰਾਂ ਵਿੱਚੋਂ ਇੱਕ ਹੈ। ਵਿਸ਼ਵ ਪੱਧਰ 'ਤੇ ਕੁਪੋਸ਼ਿਤ ਬੱਚਿਆਂ ਵਿੱਚੋਂ ਇੱਕ ਤਿਹਾਈ ਭਾਰਤੀ ਹਨ। ਲਗਭਗ 82.8 ਕਰੋੜ ਲੋਕ, ਵਿਸ਼ਵ ਆਬਾਦੀ ਦਾ ਲਗਭਗ 10 ਫੀਸਦੀ ਨਿਯਮਤ ਤੌਰ 'ਤੇ ਭੁੱਖੇ ਸੌਂਦੇ ਹਨ।

ਕੁਪੋਸ਼ਣ ਤੋਂ ਭਾਵ ਪੌਸ਼ਟਿਕ ਤੱਤਾਂ ਦੀ ਮਾਤਰਾ ਵਿੱਚ ਕਮੀਆਂ ਜਾਂ ਜ਼ਿਆਦਾ ਹੋਣਾ, ਜ਼ਰੂਰੀ ਪੌਸ਼ਟਿਕ ਤੱਤਾਂ ਦਾ ਅਸੰਤੁਲਨ ਜਾਂ ਪੌਸ਼ਟਿਕ ਤੱਤਾਂ ਦੀ ਨਾ-ਮਾਤਰ ਵਰਤੋਂ। ਕੁਪੋਸ਼ਣ ਦੇ ਦੋਹਰੇ ਬੋਝ ਵਿੱਚ ਕੁਪੋਸ਼ਣ ਅਤੇ ਜ਼ਿਆਦਾ ਭਾਰ ਅਤੇ ਮੋਟਾਪਾ ਅਤੇ ਨਾਲ ਹੀ ਖੁਰਾਕ ਨਾਲ ਸੰਬੰਧਤ ਗੈਰ-ਸੰਚਾਰੀ ਬਿਮਾਰੀਆਂ ਸ਼ਾਮਲ ਹਨ।

ਸੰਯੁਕਤ ਰਾਜ ਅਮਰੀਕਾ ਵਿੱਚ 2022 ਵਿੱਚ 16 ਤੋਂ 24 ਸਾਲ ਦੀ ਉਮਰ ਦੇ ਜਵਾਨਾਂ ਲਈ ਬੇਰੁਜ਼ਗਾਰੀ ਦਰ 9.4 ਪ੍ਰਤੀਸ਼ਤ ਸੀ। ਹਾਲਾਂਕਿ ਇਹ ਦਰ 45 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ 2.6 ਪ੍ਰਤੀਸ਼ਤ ਤੋਂ ਘੱਟ ਸੀ। ਕੋਈ 40 ਫੀਸਦੀ ਮਨੋਰੋਗੀ, 12 ਲੱਖ 50,000 ਦੇ ਕਰੀਬ ਐੱਚ ਆਈ ਵੀ ਪਾਜ਼ੇਟਿਵ ਹਨ।

ਨੌਜਵਾਨ ਆਰਥਿਕ ਮੰਦਹਾਲੀ ਦੀ ਮਾਰ ਝੱਲ ਰਹੇ ਹਨ, ਜਿਸ ਦਾ ਅਸਰ ਸਮਾਜ ਦੀਆਂ ਉਪਰਲੀਆਂ ਤਹਿਆਂ ਨੂੰ ਛੱਡ ਕੇ ਸਭ ਨੂੰ ਪੈ ਰਿਹਾ। ਇੱਕ ਚੰਗੇ ਜੀਵਨ ਲਈ ਪੂੰਜੀਵਾਦ ਨੌਜਵਾਨਾਂ ਲਈ ਕੋਈ ਉਮੀਦ ਨਹੀਂ ਦਿੰਦਾ। ਸਾਨੂੰ ਸਮਾਜਵਾਦੀ ਭਵਿੱਖ ਲਈ ਲੜਨ ਦੀ ਲੋੜ ਹੈ। ਆਮ ਤੌਰ 'ਤੇ ਚੰਗੀ ਸਿਹਤ ਵਾਲੇ ਬਜ਼ੁਰਗਾਂ ਨੂੰ ਆਦਰ ਨਾਲ ਦੇਖਿਆ ਜਾਂਦਾ ਹੈ, ਜਦੋਂ ਕਿ ਮਾੜੀ ਸਿਹਤ ਵਾਲੇ ਬਜ਼ੁਰਗਾਂ ਨੂੰ ਨਫ਼ਰਤ ਨਾਲ ਦੇਖਿਆ ਜਾਂਦਾ ਹੈ।

ਬੁਢਾਪੇ ਨੂੰ ਨਕਾਰਾਤਮਕ ਅਤੇ ਗਲਤ ਧਾਰਨਾਵਾਂ ਦੇ ਕਾਰਨ ਬਜ਼ੁਰਗ ਲੋਕਾਂ ਨਾਲ ਵਿਤਕਰੇ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਇਹ ਸਾਡੇ ਸੱਭਿਆਚਾਰ ਵਿੱਚ ਏਨਾ ਸ਼ਾਮਲ ਹੈ ਕਿ ਅਸੀਂ ਅਕਸਰ ਧਿਆਨ ਹੀ ਨਹੀਂ ਦਿੰਦੇ।

ਬਜ਼ੁਰਗਾਂ ਨੂੰ ਅਕਸਰ ਕਮਜ਼ੋਰ, ਨਿਰਬਲ ਅਤੇ ਬੁੱਢੇ ਵਜੋਂ ਦਰਸਾਇਆ ਜਾਂਦਾ ਹੈ। ਮੀਡੀਆ ਵਿੱਚ ਅਕਸਰ ਵੇਖੀਆਂ ਜਾਂਦੀਆਂ ਹੋਰ ਸੱਭਿਆਚਾਰਕ ਧਾਰਨਾਵਾਂ ਬਜ਼ੁਰਗਾਂ ਨੂੰ ਕਮਜ਼ੋਰ, ਆਰਥਿਕ ਤੌਰ 'ਤੇ ਦੁਖੀ ਅਤੇ ਸਮਾਜ ਵਿੱਚ ਯੋਗਦਾਨ ਨਾ ਦੇਣ ਵਾਲੇ ਵਜੋਂ ਦਰਸਾਉਂਦੀਆਂ ਹਨ। ਬਿਹਤਰ ਭਵਿੱਖ ਲਈ ਸਾਨੂੰ ਪੂੰਜੀਵਾਦ ਨੂੰ ਖਤਮ ਕਰਕੇ ਸਮਾਜਵਾਦ ਸਥਾਪਤ ਕਰਨਾ ਹੋਵੇਗਾ

**# ਸੰਪਰਕ : 98550-04500**

# ਚੋਣ ਪ੍ਰਬੰਧਾਂ ਦਾ ਵਿਆਹ ਵਾਲੇ ਘਰ ਦੀ ਤਰ੍ਹਾਂ ਕਾਰਜ

**ਅਵਨੀਸ਼ ਲੌਂਗੋਵਾਲ**

ਇਸ ਵਾਰ ਪਾਰਲੀਮੈਂਟ ਚੋਣ 2024 ਵਿੱਚ 104 ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ ਵਿੱਚ ਚੋਣਾਂ ਦਾ ਪ੍ਰਬੰਧ ਕਿਸੇ ਵਿਆਹ ਤੋਂ ਘੱਟ ਨਹੀਂ ਸੀ, ਮੇਰੀ 13 ਸਾਲ ਦੀ ਸਰਵਿਸ ਦੌਰਾਨ ਅਨੇਕਾਂ ਚੋਣ ਡਿਊਟੀਆਂ ਦੌਰਾਨ ਕਿਸੇ ਵੀ ਸਮੇਂ ਅਜਿਹਾ ਦ੍ਰਿਸ਼ ਦੇਖਣ ਨੂੰ ਨਹੀਂ ਮਿਲਿਆ, ਮੇਰੇ ਨਾਲ ਦੇ ਮੁਲਾਜ਼ਮ ਵੀ ਅਜਿਹੀ ਹੀ ਸਮਝ ਰੱਖਦੇ ਹਨ।

ਸਹਾਇਕ ਰਿਟਰਨਿੰਗ ਅਫਸਰ ਲੋਕ ਸਭਾ ਹਲਕਾ-12 ਸੰਗਰੂਰ (ਵਿ.ਸ. 104) ਕਮ-ਉਪ ਮੰਡਲ ਮੈਜਿਸਟ੍ਰੇਟ, ਮਹਿਲ ਕਲਾਂ ਸਤਵੰਤ ਸਿੰਘ ਨੇ ਆਪਣੀ ਕਾਰਗੁਜ਼ਾਰੀ ਨਾਲ ਸਭ ਦਾ ਦਿਲ ਜਿੱਤ ਲਿਆ ਹੈ, ਕਿਉਂਕਿ ਚੋਣਾਂ ਦਾ ਸਮੁੱਚਾ ਪ੍ਰਬੰਧ ਕਿਸੇ ਵਿਆਹ ਵਾਲੇ ਘਰ ਦੀ ਤਰ੍ਹਾਂ ਲੱਗ ਰਿਹਾ ਸੀ, ਆਪਣੀਆਂ ਰਿਹਰਸਲਾਂ ਦੌਰਾਨ ਉਹਨਾਂ ਸਮੂਹ ਸਟਾਫ ਨੂੰ ਆਪਣਾ ਪਰਵਾਰ ਕਿਹਾ, ਸਾਰੇ ਚੋਣ ਅਮਲੇ ਨੂੰ ਜਾਣਕਾਰੀ ਦਿੰਦੇ ਆਪਣੇਪਣ ਵਿੱਚ ਆਪਣੀ ਸਾਕੇਦਾਰੀ ਦਾ ਅਨੁਭਵ ਕਰਵਾਇਆ, ਬਹੁਤ ਹੀ ਜ਼ਿੰਮੇਵਾਰੀ ਸਮਝ ਨਾਲ, ਹਾਸੇ-ਵਿਨੋਦ ਰਾਹੀਂ ਹਰ ਗੱਲ ਨੂੰ ਸਮਝਾਇਆ, ਚੋਣ ਗਰੁੱਪਾਂ ਵਿੱਚ ਹਰ ਕਿਸੇ ਦੀ ਸਮੱਸਿਆ ਤੇ ਖੁਦ ਨਿੱਜੀ ਤੌਰ 'ਤੇ ਜਾਣਕਾਰੀ ਅਗਵਾਈ ਦਿੱਤੀ।

ਪਹਿਲੀ ਰੀਹਰਸਲ ਦੌਰਾਨ ਸ਼ਾਨਦਾਰ ਏ.ਸੀ. ਹਾਲ ਵਿੱਚ ਟ੍ਰੇਨਿੰਗ ਚਾਹ-ਪਾਣੀ ਦਾ ਪ੍ਰਬੰਧ, ਸਭ ਨਾਲ ਰਾਬਤਾ, ਹਰ ਮੁਲਾਜ਼ਮ ਨਾਲ ਭਾਈ, ਦੋਸਤ, ਚਾਚਾ, ਤਾਇਆ, ਮਾਮਾ, ਪੁੱਤਰ, ਪਿਓ ਆਦਿ ਰਿਸ਼ਤਿਆਂ ਦੀ ਸਾਂਝ ਪਾਈ।

ਦੂਜੀ ਰਿਹਰਸਲ ਦੌਰਾਨ ਫਿਰ ਤੋਂ ਵਧੀਆ ਏ.ਸੀ. ਹਾਲ ਵਿੱਚ ਟ੍ਰੇਨਿੰਗ, ਚਾਹ-ਪਾਣੀ ਦਾ ਵਧੀਆ ਪ੍ਰਬੰਧ । ਆਈ. ਕਾਰਡ ਪ੍ਰਦਾਨ ਕਰਨਾ ਆਦਿ ਬਹੁਤ ਵਧੀਆ ਸੀ। ਸਤਵੰਤ ਸਿੰਘ ਵਰਗੇ ਅਫਸਰ ਵਿਰਲੇ ਹੀ ਮਿਲਦੇ ਹਨ, ਜੋ ਆਮ ਲੋਕਾਂ ਵਿੱਚ ਆਪਣੀ ਕਾਰਗੁਜ਼ਾਰੀ ਨਾਲ ਉਹਨਾਂ ਨੂੰ ਆਪਣੇ ਲੱਗਣ ਲੱਗ ਜਾਂਦੇ ਹਨ, ਹਰ ਕੋਈ ਬਹੁਤ ਹੀ ਦਲੇਰੀ ਨਾਲ ਆਪਣੇਪਣ ਨਾਲ ਆਪਣੀ ਗੱਲਬਾਤ ਕਰ ਸਕਦਾ ਹੈ।




ਚੋਣਾਂ ਦੇ ਦਿਨ ਤੋਂ ਇੱਕ ਦਿਨ ਪਹਿਲਾਂ ਸਮੁੱਚਾ ਪ੍ਰਬੰਧ ਬਹੁਤ ਵਧੀਆ ਸੀ। ਅੱਤ ਦੀ ਗਰਮੀ ਹੋਣ ਦੇ ਬਾਵਜੂਦ ਬਹੁਤ ਹੀ ਤਿਆਰੀ ਨਾਲ ਸਾਮਾਨ ਮੁਹੱਈਆ ਕਰਵਾਉਣਾ ਵੱਡੀ ਸਫਲਤਾ ਸੀ।

ਸਾਮਾਨ ਦੀ ਪ੍ਰਾਪਤੀ ਮਿੰਟਾਂ ਵਿੱਚ ਹੋ ਗਈ। ਕਿਸੇ ਪ੍ਰਕਾਰ ਦੀ ਕਾਗਜ਼ੀ ਕਾਰਵਾਈ, ਸਮਾਨ ਪ੍ਰਾਪਤੀ ਰਸੀਦ ਆਦਿ ਨਹੀਂ ਪ੍ਰਾਪਤ ਕੀਤੀ।

ਵਧੀਆ ਵਿਆਹ ਵਾਲਾ ਖਾਣਾ, ਗੁਲਾਬ ਜਾਮੁਨ ਦਾ ਪ੍ਰਬੰਧ ਆਦਿ ਚੋਣ ਅਮਲੇ ਲਈ ਰੱਖੀ ਗਈ ਸੀ । ਬਹੁਤ ਹੀ ਖੁਸ਼ਨੁਮਾ ਮਾਹੌਲ ਤੋਂ ਬਾਅਦ ਚੋਣਾਂ ਲਈ ਬੂਥਾਂ ਵੱਲ ਖੁਦ ਨਿੱਜੀ ਤੌਰ 'ਤੇ ਰਵਾਨਗੀ ਕਰਵਾਈ। ਹਰ ਸਮੇਂ ਆਪਣੀ ਭਾਗੀਦਾਰੀ ਚੋਣ ਅਮਲੇ ਦੇ ਨਾਲ ਰੱਖੀ।

ਚੋਣ ਬੂਥਾਂ 'ਤੇ ਪਹੁੰਚ ਕੇ ਵੇਖਿਆ ਕਿ ਪ੍ਰਬੰਧ ਬਹੁਤ ਹੀ ਵਧੀਆ ਸੀ। ਆਪਣੇ ਵਾਅਦੇ ਮੁਤਾਬਕ ਵੱਡੇ ਕੂਲਰ, ਸ਼ਰਬਤ, ਰੋਟੀ ਆਦਿ ਦਾ ਪ੍ਰਬੰਧ ਬਹੁਤ ਵਧੀਆ ਸੀ, ਚੋਣ ਅਫਸਰ ਸਤਵੰਤ ਸਿੰਘ ਰਾਤ 12 ਵਜੇ ਤੱਕ ਚੋਣ ਗਰੁੱਪ ਵਿੱਚ ਹਰ ਕਿਸੇ ਦੀ ਸਮੱਸਿਆ 'ਤੇ ਜਵਾਬ ਦਿੰਦੇ ਨਜ਼ਰ ਆਏ, ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਪੂਰਾ ਕੰਮ ਸਮਾਪਤ ਕੀਤਾ। ਚੋਣਾਂ ਦੀ ਸਮਾਪਤੀ ਤੋਂ ਬਾਅਦ ਸਾਮਾਨ ਜਮ੍ਹਾਂ ਕਰਵਾਉਣ ਪਹੁੰਚੇ ਤਾਂ ਲੱਗਿਆ ਕਿ ਕਿਸੇ ਵਿਆਹ ਵਾਲੇ ਘਰੇ ਪਹੁੰਚ ਗਏ ਹਾਂ, ਪੂਰਾ ਸੰਘੇੜਾ ਕਾਲਜ, ਮੈਰਿਜ ਪੈਲੇਸ ਲੱਗ ਰਿਹਾ ਸੀ। ਗੇਟ ਪਾਸ, ਅੰਦਰ ਜਾਣ ਤੇ ਪਾਣੀ ਸ਼ਰਬਤ ਜਗ੍ਹਾ-ਜਗ੍ਹਾ ਸਮਾਨ ਜਮ੍ਹਾਂ ਕਰਵਾਉਣ ਵਾਲੀਆਂ ਟੀਮਾਂ, ਪਾਣੀ ਵਾਲੇ ਪੱਖੇ, ਕੁਰਸੀਆਂ, ਟੈਂਟ, ਸੈਲਫੀ ਦ੍ਰਿਸ਼, ਡੀ.ਜੇ. ਆਦਿ ਬਹੁਤ ਹੀ ਵਧੀਆ ਦ੍ਰਿਸ਼ ਪੇਸ਼ ਕਰ ਰਹੇ ਸਨ, ਕਰੀਬ ਪੰਦਰਾਂ ਮਿੰਟਾਂ ਵਿੱਚ ਸਾਮਾਨ ਜਮ੍ਹਾਂ ਹੋ ਗਿਆ।

ਸਾਮਾਨ ਜਮ੍ਹਾਂ ਕਰਵਾਉਣ ਤੋਂ ਬਾਅਦ ਵਿਆਹ ਵਰਗੀਆਂ ਸਟਾਲਾਂ ਖਾਣੇ ਲਈ ਤਿਆਰ ਸਨ, ਵਧੀਆ ਸ਼ਾਨਦਾਰ ਖਾਣਾ ਵੱਖ-ਵੱਖ ਸਵੀਟ ਡਿਸ਼ਾਂ ਆਦਿ ਸਮੁੱਚਾ ਕਾਰਜ ਸ਼ਲਾਘਾਯੋਗ ਸੀ।

ਚੋਣ ਅਮਲਾ ਡੀ.ਜੇ. 'ਤੇ ਨੱਚ ਕੇ ਆਪਣੀ ਖੁਸ਼ੀ ਦਾ ਇਜਹਾਰ ਕਰ ਰਿਹਾ ਸੀ । ਕੁੱਲ ਚੋਣ ਅਮਲੇ ਵੱਲੋਂ ਕਿਹਾ ਜਾ ਰਿਹਾ ਸੀ, ਐੱਸ.ਡੀ.ਐੱਮ. ਸਾਹਿਬ ਜੀ ਸਤਿ ਸ੍ਰੀ ਅਕਾਲ ਜੀ। ਸਰ ਜੀ ਡਿਊਟੀ ਤਾਂ ਪਹਿਲਾਂ ਵੀ ਕਰਦੇ ਰਹੇ ਹਾਂ, ਪਰ ਤੁਹਾਡੇ ਨਾਲ ਡਿਊਟੀ ਦਾ ਇਹ ਸਮਾਂ ਜ਼ਿੰਦਗੀ ਵਿੱਚ ਹਮੇਸ਼ਾ ਲਈ ਯਾਦ ਕੀਤਾ ਜਾਵੇਗਾ । ਬਹੁਤ-ਬਹੁਤ ਧੰਨਵਾਦ ਜੀ ।

ਬਿਹਤਰੀਨ ਪ੍ਰਬੰਧਾਂ ਲਈ ਮਾਣਯੋਗ ਐੱਸ.ਡੀ.ਐੱਮ. ਸਾਹਿਬ ਵਧਾਈ ਦਾ ਪਾਤਰ ਹੈ। ਆਪਣੀ ਸਰਵਿਸ ਦੌਰਾਨ ਪਹਿਲਾਂ ਚੋਣਾਂ ਦੌਰਾਨ ਕਦੇ ਵੀ ਏਨਾ ਸੁਖਾਵਾਂ ਮਾਹੌਲ ਨਹੀਂ ਦੇਖਿਆ ਸੀ । ਇਹ ਵਧੀਆ ਪ੍ਰਬੰਧਕ ਦੀ ਨਿਸ਼ਾਨੀ ਹੈ ਕਿ ਆਪਣੇ ਮੁਲਾਜ਼ਮਾਂ ਬਾਰੇ ਚੰਗਾ ਸੋਚਦਾ ਹੈ। ਸ਼ੁਕਰੀਆ ਸਰ ਇੱਕ ਵਾਰ ਫੇਰ।

ਇਸ ਤਰ੍ਹਾਂ ਦੇ ਅਨੇਕਾਂ ਵਿਚਾਰ ਚੋਣ ਅਮਲੇ ਵੱਲੋਂ 104 ਮਹਿਲ ਕਲਾਂ ਦੇ ਪ੍ਰਬੰਧਕ ਲਈ ਪੇਸ਼ ਕੀਤੇ ਗਏ। ਮੈਂ ਖੁਦ ਇਸ ਵਿਆਹ ਦਾ ਹਿੱਸਾ ਬਣ ਕੇ ਰਿਹਾ ਅਤੇ ਖੁਦ ਵਿਆਹ ਵਿੱਚ ਚੋਣਾਂ ਦੇ ਵਿਆਹ ਵਿੱਚ ਪ੍ਰਬੰਧ ਦਾ ਹਿੱਸਾ ਪਾ ਕੇ ਪੂਰੀ ਬਰਾਤ ਨਾਲ ਭੰਗੜੇ ਪਾਏ। ਰਸਮਾਂ ਪੂਰੀਆਂ ਕੀਤੀਆਂ। ਮਿਠਾਈ ਖਾਧੀ, ਲੋਕਤੰਤਰ ਦੀਆਂ ਚੋਣਾਂ ਰੂਪੀ ਵਿਆਹ ਦਾ ਆਨੰਦ ਲਿਆ । ਇਹ ਸਭ ਕੁੱਝ ਕੁਸ਼ਲ ਪ੍ਰਬੰਧਕ ਐੱਸ.ਡੀ.ਐੱਮ. ਸਤਵੰਤ ਸਿੰਘ ਦੀ ਅਗਵਾਈ ਹੇਠ ਸੰਭਵ ਹੋ ਸਕਿਆ । ਵਾਹਿਗੁਰੂ ਇਸ ਨੇਕ ਦਿਲ ਅਫਸਰ ਨੂੰ ਹੋਰ ਤਰੱਕੀ ਦੇਵੇ ਤਾਂ ਜੋ ਸਮਾਜ ਦੀ ਸੇਵਾ ਹੋਰ ਤਨਦੇਹੀ ਨਾਲ ਕਰ ਸਕੇ। ਅੰਤ ਸੁਰਜੀਤ ਪਾਤਰ ਦੇ ਸ਼ੇਅਰ ਦੀਆਂ ਸਤਰਾਂ :

ਮੈਂ ਰਾਹਾਂ 'ਤੇ ਨਹੀਂ ਤੁਰਦਾ,
ਮੈਂ ਤੁਰਦਾ ਹਾਂ ਤਾਂ ਰਾਹ ਬਣਦੇ
ਇਹਨਾਂ ਦੇ ਕਾਰਜਾਂ 'ਤੇ ਵਿਸ਼ੇਸ਼ ਹਨ ।

**# ਸੰਪਰਕ : 78883-46465**

# ਕਿਸਾਨਾਂ ਦੇ ਕੁਝ ਭਖਦੇ ਮਸਲੇ-1



ਰਣਜੀਤ ਸਿੰਘ ਗੱਦਾਂ ਡੋਬ

ਅੱਜ ਕਿਸਾਨ ਅਨੇਕਾਂ ਅਣ-ਸੁਲਝੇ ਮਸਲਿਆਂ ਵਿੱਚ ਘਿਰੇ ਹੋਏ ਹਨ, ਜਿਨ੍ਹਾਂ ਵਿੱਚੋਂ ਜਿਸ ਅਹਿਮ ਮਸਲੇ ਦੀ ਪੜਚੋਲ ਕਰਨੀ ਜ਼ਰੂਰੀ ਹੈ, ਉਹ ਹੈ ਕੁਦਰਤੀ ਆਫਤਾਂ ਕਾਰਨ ਕਿਸਾਨਾਂ ਦੀਆਂ ਤਬਾਹ ਹੁੰਦੀਆਂ ਫਸਲਾਂ ਦੀ ਤਬਾਹੀ ਦਾ ਮੁਆਵਜ਼ਾ ਅਤੇ ਤਬਾਹੀ ਦੀ ਰੋਕਥਾਮ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਬਾਰੇ ਵਿਚਾਰ ਕਰਨਾ।

ਫਸਲਾਂ ਦੀ ਅਜਿਹੀ ਤਬਾਹੀ ਅਤੇ ਮੁਆਵਜ਼ੇ ਦਾ ਮਤਲਬ ਅਤੇ ਮਕਸਦ ਸਮਝਣ ਲਈ, ਕਿਸਾਨਾਂ ਦਾ ਪੱਖ ਪੂਰੀ ਤਰ੍ਹਾਂ ਸਮਝਣ ਲਈ ਇੱਕ ਕਲਪਿਤ ਉਦਾਹਰਣ ਸਹਾਈ ਹੋਵੇਗੀ। ਮੰਨ ਲਓ ਕਣਕ ਦਾ ਸਮਰਥਨ ਮੁੱਲ 2200 ਰੁਪਏ ਪ੍ਰਤੀ ਕੁਇੰਟਲ ਹੋਵੇ, ਇਕ ਏਕੜ ਫਸਲ ਬੀਜਣ ਤੋਂ ਕਟਾਈ ਤੱਕ ਸਾਰੀਆਂ ਖੇਤੀ ਲਾਗਤਾਂ ਸਮੇਤ ਇੱਕ ਫਸਲ ਦਾ 6 ਮਹੀਨੇ ਲਈ ਜ਼ਮੀਨ ਦਾ ਠੇਕਾ ਕੁੱਲ ਲਾਗਤ 42000 ਰੁਪਏ ਹੋਵੇ, ਕਣਕ ਦੀ ਪੈਦਾਵਾਰ 24 ਕੁਇੰਟਲ ਹੋਵੇ ਤਾਂ ਫਸਲ ਦੀ ਕੁਲ ਵੱਟਤ 52800 ਰੁਪਏ ਅਤੇ ਪ੍ਰਤੀ ਕੁਇੰਟਲ ਲਾਗਤ 1750 ਰੁਪਏ ਹੋਵੇਗੀ, ਜਦੋਂ ਕਿ ਕਿਸਾਨ ਦੀ ਖਾਲਸ ਆਮਦਨ 10800 ਰੁਪਏ ਹੋਵੇਗੀ। ਇਹ ਵੀ ਮੰਨ ਲਵੋ ਕਿ ਫਸਲ ਦਾ ਖਰਾਬਾ ਹੋਣ ਤੱਕ ਖੇਤੀ ਲਾਗਤਾਂ ਵਜੋਂ ਕਿਸਾਨ ਦੇ 42000 ਰੁਪਏ ਦੇ ਕੁੱਲ ਖਰਚੇ ਹੋ ਚੁੱਕੇ ਹੋਣਗੇ, ਜਦੋਂਕਿ ਫਸਲ ਦਾ ਖਰਾਬਾ ਭਾਵੇਂ 50 ਫੀਸਦੀ, 75 ਫੀਸਦੀ ਜਾਂ 100 ਫੀਸਦੀ ਹੋਇਆ ਹੋਵੇ। ਹੁਣ ਸਵਾਲ ਇਹ ਹੈ ਕਿ ਕਿਸਾਨ ਨੂੰ ਅਦਾ ਕਰਨ ਵਾਲੀ ਮੁਆਵਜ਼ੇ ਦੀ ਰਾਸ਼ੀ ਕਿੰਨੀ ਹੋਣੀ ਚਾਹੀਦੀ ਹੈ। ਇੱਥੇ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ 100% ਤਬਾਹੀ ਦੀ ਸੂਰਤ ਵਿੱਚ ਕਿਸਾਨ ਦਾ ਕੁੱਲ ਨੁਕਸਾਨ 52800 ਰੁਪਏ ਹੋਇਆ ਹੋਵੇ, ਪਰ ਉਸ ਦੀ ਜੇਬ ਵਿੱਚੋਂ ਖੇਤੀ ਲਾਗਤਾਂ ਵਜੋਂ ਖਰਚ ਕੀਤੀ ਜਾ ਚੁੱਕੀ 42000 ਰੁਪਏ ਦੀ ਰਕਮ ਦੀ ਹਰ ਹਾਲਤ ਵਿੱਚ ਵਸੂਲੀ ਹੋਣੀ ਜ਼ਰੂਰੀ ਹੈ, ਨਹੀਂ ਤਾਂ ਕਿਸਾਨ ਅਤੇ ਕਿਸਾਨੀ ਦੀ ਹੋਂਦ ਨੂੰ ਲੰਬੇ ਸਮੇਂ ਲਈ ਬਚਾਉਣਾ ਅਸੰਭਵ ਹੋਵੇਗਾ, ਕਿਉਂਕਿ ਫਸਲਾਂ ਦਾ ਸਮਰਥਨ ਮੁੱਲ਼ ਅਤੇ ਮੁਆਵਜ਼ੇ ਦੀ ਰਕਮ ਤਹਿ ਕਰਨ ਲਈ ਅਧਾਰ ਖੇਤੀ ਲਾਗਤਾਂ ਹੀ ਹਨ। ਉਦਾਹਰਣ ਅਨੁਸਾਰ ਤਬਾਹੀ 50 ਫੀਸਦੀ ਹੋਣ ਦੀ ਸੂਰਤ ਵਿੱਚ ਤਬਾਹੀ ਤੋਂ ਬਚੀ 50 ਫੀਸਦੀ ਫਸਲ ਦੇ 12 ਕੁਇੰਟਲ ਕਣਕ ਵੇਚ ਕੇ ਕਿਸਾਨ ਦੀ 26400 ਰੁਪਏ ਦੀ ਹੋਈ ਲਾਗਤ ਦੀ ਵਸੂਲੀ ਹੋ ਜਾਵੇਗੀ ਅਤੇ 42000 ਵਿੱਚੋਂ 15600 ਰੁਪਏ ਦੀ ਲਾਗਤ ਬਕਾਇਆ ਰਹਿ ਜਾਵੇਗੀ, ਜਿਸ ਦੀ ਭਰਪਾਈ ਲਈ 15600 ਰੁਪਏ ਦਾ ਮੁਆਵਜ਼ਾ ਅਦਾ ਕਰਨਾ ਜ਼ਰੂਰੀ ਹੋਵੇਗਾ। ਇਸੇ ਤਰ੍ਹਾਂ 75 ਫੀਸਦੀ ਤਬਾਹੀ ਦੀ ਸੂਰਤ ਵਿੱਚ ਕਿਸਾਨ ਵੱਲੋਂ 6 ਕੁਇੰਟਲ ਬਚੀ ਕਣਕ ਵੇਚ ਕੇ 13200 ਰੁਪਏ ਦੀ ਲਾਗਤ ਦੀ ਵਸੂਲੀ ਹੋ ਜਾਵੇਗੀ ਅਤੇ ਕੁੱਲ ਲਾਗਤ ਵਿੱਚੋਂ ਬਕਾਇਆ 28800 ਰੁਪਏ ਦੀ ਲਾਗਤ ਰਹਿ ਜਾਵੇਗੀ, ਜਿਸ ਦੀ ਭਰਪਾਈ ਲਈ ਸਰਕਾਰ ਵੱਲੋਂ 28800 ਰੁਪਏ ਦੇ ਮੁਆਵਜ਼ੇ ਦੀ ਅਦਾਇਗੀ ਜ਼ਰੂਰੀ ਹੋਵੇਗੀ, ਜਦੋਂਕਿ ਅਸਲ ਵਿੱਚ ਸਰਕਾਰ ਵੱਲੋਂ ਸਾਲ 2023 ਦੌਰਾਨ 5400 ਰੁਪਏ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਗਿਆ, ਹਾਲਾਂਕਿ ਮੁਆਵਜ਼ੇ ਦੀਆਂ 5400 ਰੁਪਏ ਅਤੇ 1200 ਰੁਪਏ ਪ੍ਰਤੀ ਏਕੜ ਤੱਕ ਦੀਆਂ ਦਰਾਂ ਤਾਂ ਬੀਤੀ 20ਵੀਂ ਸਦੀ ਦੌਰਾਨ ਵੀ ਦਿੱਤੀਆਂ ਜਾਂਦੀਆਂ ਰਹੀਆਂ ਸਨ, ਜੋ ਅੱਜ ਦੀਆਂ ਵਧੀਆਂ ਹੋਈਆਂ ਲਾਗਤਾਂ ਦੇ ਮੁਤਾਬਕ ਬਹੁਤ ਘੱਟ ਹਨ। ਇਸ ਤੋਂ ਇਲਾਵਾ ਪਿਛਲੇ ਕੁਝ ਸਾਲਾਂ ਤੋਂ ਵੱਖ-ਵੱਖ ਸਰਕਾਰਾਂ ਵੱਲੋਂ ਇੱਕ ਹੋਰ ਸਿਧਾਂਤ-ਹੀਣ ਪਿਰਤ ਪਾਈ ਜਾ ਰਹੀ ਹੈ ਕਿ ਕਿਸੇ ਵੀ ਕਿਸਾਨ ਨੂੰ ਵੱਧ ਤੋਂ ਵੱਧ 5 ਏਕੜ ਤੱਕ ਹੀ ਮੁਆਵਜ਼ਾ ਦਿੱਤਾ ਜਾਏਗਾ, ਜਦੋਂ ਕਿ ਸਿਧਾਂਤਕ ਤੌਰ 'ਤੇ ਹਰ ਕਿਸਾਨ ਬਗੈਰ ਕਿਸੇ ਸੀਮਾ ਦੇ ਖਰਾਬ ਹੋਈ ਸਾਰੀ ਫਸਲ ਦਾ ਮੁਆਵਜ਼ਾ ਲੈਣ ਦਾ ਹੱਕਦਾਰ ਹੈ। ਇੱਥੇ ਇਹ ਯਾਦ ਕਰਾਉਣਾ ਜ਼ਰੂਰੀ ਹੈ ਕਿ ਉਪਰੋਕਤ ਅੰਕੜੇ ਕਲਪਿਤ ਹਨ ਅਤੇ ਅਸਲੀ ਅੰਕੜੇ ਖੇਤੀ ਮਾਹਰਾਂ ਅਤੇ ਕਿਸਾਨਾਂ ਦੀ ਕਮੇਟੀ ਵੱਲੋਂ ਪਰਵਾਨ ਕਰਨੇ ਜ਼ਰੂਰੀ ਹਨ।

ਇੱਥੇ ਇੱਕ ਹੋਰ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਨੀ ਵੀ ਜ਼ਰੂਰੀ ਹੈ ਕਿ ਆਮ ਹਾਲਤਾਂ ਅਧੀਨ ਕਿਸਾਨ ਦੀ ਇੱਕ ਕੁਇੰਟਲ ਕਣਕ ਦੀ ਲਾਗਤ 1750 ਰੁਪਏ ਹੋਵੇਗੀ, ਪਰ ਮੁਆਵਜੇ ਦੀ ਅਦਾਇਗੀ ਨਾ ਕਰਨ 'ਤੇ ਫਸਲ ਦੀ 50 ਫੀਸਦੀ ਤਬਾਹੀ ਹੋਣ ਦੀ ਸੂਰਤ ਵਿੱਚ ਪੈਦਾਵਾਰ ਘਟਣ ਨਾਲ ਲਾਗਤ 1750 ਰੁਪਏ ਤੋਂ ਵਧ ਕੇ 3500 ਰੁਪਏ ਕੁਇੰਟਲ ਅਤੇ 75 ਫੀਸਦੀ ਤਬਾਹੀ ਦੀ ਸੂਰਤ ਵਿੱਚ ਲਾਗਤ ਵਧ ਕੇ 7000 ਰੁਪਏ ਹੋ ਜਾਵੇਗੀ, ਜਦੋਂਕਿ ਕਿਸਾਨ ਨੂੰ 7000 ਰੁਪਏ ਪ੍ਰਤੀ ਕੁਇੰਟਲ ਦੀ ਲਾਗਤ ਵਾਲੀ ਕਣਕ ਦਾ ਭਾਅ ਵੀ 2200 ਰੁਪਏ ਹੀ ਮਿਲੇਗਾ ਅਤੇ ਕਿਸਾਨ ਨੂੰ 4800 ਰੁਪਏ ਕੁਇੰਟਲ ਦੇ ਹਿਸਾਬ ਨਾਲ ਚੱਟੀ ਭਰਨੀ ਪਵੇਗੀ ਅਤੇ ਇਸ ਚੱਟੀ ਦੀ ਦਰ ਇੰਨੀ ਜ਼ਿਆਦਾ ਹੋਵੇਗੀ ਕਿ ਕਿਸੇ ਵੱਡੇ ਧਨਾਢ ਨੂੰ ਵੀ ਇਸ ਦਰ 'ਤੇ ਕਦੇ ਟੈਕਸ ਅਦਾ ਕਰਨ ਦੀ ਲੋੜ ਨਹੀਂ ਪਈ ਹੋਵੇਗੀ।

ਭਾਰਤ ਦੇ ਸੰਵਿਧਾਨ ਅਨੁਸਾਰ ਖੇਤੀ ਦਾ ਵਿਸ਼ਾ ਰਾਜਾਂ ਦੀ ਸੂਚੀ ਵਿੱਚ ਸ਼ਾਮਲ ਹੈ ਅਤੇ ਫਸਲਾਂ ਦੀ ਹੁੰਦੀ ਤਬਾਹੀ ਬਾਰੇ ਮੁਆਵਜ਼ਾ ਵੀ ਪੰਜਾਬ ਸਰਕਾਰ ਵੱਲੋਂ ਹੀ ਅਦਾ ਕੀਤਾ ਜਾਂਦਾ ਰਿਹਾ ਹੈ। ਸਰਕਾਰ ਵੱਲੋਂ ਮੁਆਵਜ਼ੇ ਦੀ ਰਕਮ ਅਤੇ ਮੁਆਵਜ਼ਾ ਅਦਾ ਕਰਨ ਦੀਆਂ ਸ਼ਰਤਾਂ ਫਸਲਾਂ ਦੀਆਂ ਲਾਗਤਾਂ ਨਾਲ ਸੰਬੰਧਤ ਮਾਪਦੰਡਾਂ ਅਨੁਸਾਰ ਨਾ ਹੋਣ ਕਾਰਨ ਅਰਥ ਸ਼ਾਸਤਰ ਦੇ ਮੂਲ ਸਿਧਾਂਤਾਂ ਦੀ ਉਲੰਘਣਾ ਹੈ। ਇਸ ਦੇ ਇਲਾਵਾ ਕੇਂਦਰ ਸਰਕਾਰ ਦੀ ਖੇਤੀ ਨੀਤੀ ਅਧੀਨ ਖੇਤੀ ਵਸਤਾਂ ਦੇ ਸਮਰਥਨ ਮੁੱਲ ਤਹਿ ਕਰਨ ਸਮੇਤ ਹੋਰ ਮਹੱਤਵਪੂਰਨ ਵਿਸ਼ਿਆਂ ਬਾਰੇ ਕੇਂਦਰ ਸਰਕਾਰ ਦੀ ਭੂਮਿਕਾ ਨੂੰ ਲੈ ਕੇ ਕਿਸਾਨ ਸੰਗਠਨਾਂ ਨੂੰ ਇਹ ਹਮੇਸ਼ਾ ਸ਼ਿਕਾਇਤ ਰਹੀ ਕਿ ਕੇਂਦਰ ਸਰਕਾਰ ਹਮੇਸ਼ਾ ਅਜਿਹੇ ਫੈਸਲੇ ਲੈਂਦੀ ਆ ਰਹੀ ਹੈ, ਜਿਨ੍ਹਾਂ ਨਾਲ ਖੇਤੀ ਜਿਨਸਾਂ ਦੀ ਕੀਮਤ ਕਦੇ ਵੀ ਖੇਤੀ ਲਾਗਤਾਂ ਦੇ ਮੁਕਾਬਲੇ ਲਾਹੇਵੰਦ ਤਹਿ ਨਹੀਂ ਕੀਤੀ ਜਾਂਦੀ। ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਫਸਲਾਂ ਦਾ ਸਮਰਥਨ ਮੁੱਲ ਤਹਿ ਕਰਨ ਸਮੇਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਨਾ ਕਰਨਾ, ਖੇਤੀ ਵਸਤਾਂ ਦੇ ਭਾਅ ਕੀਮਤ ਸੂਚਕ ਅੰਕ ਨਾਲ ਨਾ ਜੋੜਨਾ, ਬਰਾਮਦ-ਦਰਾਮਦ 'ਤੇ ਕੰਟਰੋਲ ਕਰਨਾ ਅਤੇ ਅੰਨ ਸੰਕਟ ਸਮੇਂ ਖੁੱਲ੍ਹੀ ਮੰਡੀ ਵਿੱਚ ਖੇਤੀ ਵਸਤਾਂ ਦੇ ਵਧਦੇ ਭਾਅ 'ਤੇ ਕੰਟਰੋਲ ਕਰਨ ਲਈ ਕਿਸਾਨਾਂ ਦੀ ਹਰ ਏਕੜ ਦੀ ਪੈਦਾਵਾਰ ਦਾ ਤਹਿ-ਸ਼ੁਦਾ ਹਿੱਸਾ ਸਮਰਥਨ ਮੁੱਲ 'ਤੇ ਵੇਚਣ ਲਈ ਮਜਬੂਰ ਕਰਨ ਵਰਗੇ ਹੋਰ ਵੀ ਮਹੱਤਵਪੂਰਨ ਫੈਸਲੇ ਲੈਣਾ ਸ਼ਾਮਲ ਹੈ। ਵੈਸੇ ਤਾਂ ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਵੱਡੇ ਹਿੱਤਾਂ ਅਤੇ ਦੇਸ਼ ਦੀ ਵੱਡੀ ਅਬਾਦੀ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਜਿਹੇ ਫੈਸਲੇ ਲੈਣ ਦਾ ਅਧਿਕਾਰ ਹੈ, ਪਰ ਆਮ ਤੌਰ 'ਤੇ ਅਜਿਹੇ ਫੈਸਲੇ ਲੈਣ ਲੱਗਿਆਂ ਖੇਤੀ ਫਸਲਾਂ ਨਾਲ ਸੰਬੰਧਤ ਅਰਥ ਸ਼ਾਸਤਰ ਦੇ ਮੂਲ ਸਿਧਾਂਤਾਂ ਦੀ ਜਾਣੇ-ਅਣਜਾਣੇ ਵਿੱਚ ਉਲੰਘਣਾ ਹੋ ਜਾਂਦੀ ਹੈ।

ਮੁਆਵਜ਼ੇ ਦੇ ਮਤਲਬ ਅਤੇ ਮਕਸਦ ਦੇ ਵੇਰਵਿਆਂ ਤੋਂ ਬਾਅਦ ਇਹ ਜਾਨਣ ਦੀ ਲੋੜ ਹੈ ਕਿ ਅਸਲ ਵਿੱਚ ਕਿਸਾਨਾਂ ਨੂੰ ਉਨ੍ਹਾਂ ਦੇ ਹੱਕ ਕਿੱਥੋਂ ਤੱਕ ਮਿਲ ਰਹੇ ਹਨ ਅਤੇ ਬਕਾਇਆ ਹੱਕ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਬਾਰੇ ਪੜਚੋਲ ਕਰਨੀ ਬਣਦੀ ਹੈ।

ਕੁਦਰਤ ਦੀ ਕਰੋਪੀ ਕਾਰਨ ਪੰਜਾਬ ਦੀਆਂ ਤਬਾਹ ਹੋਈਆਂ ਸਾਰੀਆਂ ਫਸਲਾਂ ਦੇ ਵੇਰਵੇ ਦੇਣੇ ਸੰਭਵ ਨਾ ਹੋਣ ਕਰਕੇ ਸਿਰਫ ਅਬੋਹਰ ਤਹਿਸੀਲ ਵਿੱਚ ਹੋਈ ਤਬਾਹੀ ਬਾਰੇ ਹੀ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ। ਸਾਲ 2020 ਦੇ ਜੁਲਾਈ-ਅਗਸਤ ਦੌਰਾਨ ਫਸਲ ਦੀ ਵੱਡੀ ਤਬਾਹੀ ਹੋਈ, ਪਰ ਮੌਕੇ ਦੀ ਕਾਂਗਰਸ ਸਰਕਾਰ ਨੇ ਕੋਈ ਮੁਆਵਜ਼ਾ ਅਦਾ ਨਹੀਂ ਕੀਤਾ, ਜਿਸ ਦੀ ਅਦਾਇਗੀ ਸਾਲ 2023 ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿਰਫ 5 ਏਕੜ ਤੱਕ ਹਰ ਕਿਸਾਨ ਨੂੰ 5400 ਰੁਪਏ ਪ੍ਰਤੀ ਏਕੜ ਹੀ ਕੀਤੀ ਗਈ।

ਸਾਲ 2020 ਤੋਂ ਬਾਅਦ ਸਾਲ 2022 ਦੇ ਜੁਲਾਈ ਤੋਂ ਸਤੰਬਰ ਮਹੀਨਿਆਂ ਵਿੱਚ ਫਿਰ ਫਸਲਾਂ ਦੀ ਭਾਰੀ ਤਬਾਹੀ ਹੋਈ। ਕਈ ਮਹੀਨੇ ਤੱਕ ਜ਼ਮੀਨਾਂ ਵਿੱਚ ਪਾਣੀ ਖੜਾ ਰਿਹਾ। ਜਿਸ ਦੇ ਫਲਸਰੂਪ ਬਹੁਤ ਸਾਰੇ ਕਿਸਾਨ ਤਾਂ ਆਪਣੀ ਅਗਲੀ ਹਾੜ੍ਹੀ ਦੀ ਫਸਲ ਵੀ ਨਹੀਂ ਬੀਜ ਸਕੇ। ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਇਨਸਾਨ ਅਤੇ ਪਸ਼ੂਆਂ ਦੀਆਂ ਜਾਨਾਂ ਬਚਾਉਣ ਲਈ ਲਗਾਤਾਰ ਅਣਥੱਕ ਮਿਹਨਤ ਕੀਤੀ, ਪਰ ਫਿਰ ਵੀ ਇਨ੍ਹਾਂ ਸਾਰੇ ਹਾਲਾਤ ਤੋਂ ਤੰਗ ਆ ਕੇ ਇਕ ਕਿਸਾਨ ਵੱਲੋਂ ਖੁਦਕੁਸ਼ੀ ਵੀ ਕੀਤੀ ਗਈ, ਜਿਸ ਦੇ ਪਰਵਾਰ ਨੂੰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਉਚੇਚੇ ਤੌਰ 'ਤੇ ਮਿਲਣ ਵੀ ਆਏ ਅਤੇ ਵਿਸ਼ੇਸ਼ ਗਿਰਦਾਵਰੀ ਵੀ ਕਰਵਾਈ ਗਈ, ਪਰ ਫਿਰ ਵੀ ਡੇਢ ਸਾਲ ਬੀਤਣ 'ਤੇ ਵੀ ਅੱਜ ਤੱਕ ਕਿਸਾਨਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ।

ਸਾਲ 2020 ਅਤੇ 2022 ਦੀ ਤਬਾਹੀ ਦੇ ਝੰਬੇ ਕਿਸਾਨਾਂ ਲਈ ਉਸ ਤੋਂ ਵੀ ਵੱਡੀ ਮੁਸੀਬਤ ਸਾਲ 2023 ਦੌਰਾਨ ਨਰਮਾ ਪੱਟੀ ਦੇ ਕਿਸਾਨਾਂ ਸਮੇਤ ਰਾਜਸਥਾਨ ਵਿੱਚ ਸ੍ਰੀਗੰਗਾਨਗਰ ਜ਼ਿਲ੍ਹੇ ਦੇ ਕਿਸਾਨਾਂ ਉੱਤੇ ਆਫਤਾਂ ਦੇ ਪਹਾੜ ਉਸ ਵੇਲੇ ਟੁੱਟੇ, ਜਦੋਂ ਸਰਕਾਰਾਂ ਵੱਲੋਂ ਨਰਮੇ ਦੀ ਖੇਤੀ ਉਤਸ਼ਾਹਿਤ ਕਰਨ ਲਈ ਕੀਤੇ ਉਪਰਾਲਿਆਂ ਵਿੱਚ ਨਰਮੇ ਦੇ ਬੀਜ ਦੀ ਸਬਸਿਡੀ ਵੀ ਦਿੱਤੀ ਗਈ, ਪਰ ਮੌਸਮ ਦੀ ਮਾਰ ਅਤੇ ਗੁਲਾਬੀ ਸੁੰਡੀ ਦੇ ਪ੍ਰਕੋਪ ਤੋਂ ਫਸਲ ਨੂੰ ਬਚਾਉਣ ਲਈ ਕਿਸਾਨਾਂ ਦੀ ਮਿਹਨਤ ਸਮੇਤ ਸਰਕਾਰਾਂ ਦੇ ਸਾਰੇ ਮਨਸੂਬੇ ਬੁਰੀ ਤਰ੍ਹਾਂ ਅਸਫਲ ਹੋਏ ਅਤੇ 90 ਫੀਸਦੀ ਤੋਂ 100 ਫੀਸਦੀ ਤੱਕ ਫਸਲ ਦਾ ਨੁਕਸਾਨ ਅੰਕਿਆ ਗਿਆ। ਪਰ ਸਰਕਾਰ ਵੱਲੋਂ ਅਸਲੀਅਤ ਨੂੰ ਅਣਡਿੱਠ ਕਰਦਿਆਂ ਇਸ ਤਬਾਹੀ ਬਾਰੇ ਸਪੈਸ਼ਲ ਗਿਰਦਾਵਰੀ ਵੀ ਨਹੀਂ ਕਰਵਾਈ ਗਈ ਅਤੇ ਨਾ ਹੀ ਕਿਸਾਨਾਂ ਨੂੰ ਮੁਆਵਜ਼ਾ ਦੇਣ ਬਾਰੇ ਅੱਜ ਤੱਕ ਕੋਈ ਕਾਰਵਾਈ ਕੀਤੀ ਗਈ ਹੈ।

(● ਬਾਕੀ ਸਫ਼ਾ 9 'ਤੇ)

8-JUNE-PAGE-5.qxd 6/7/2024 8:58 PM Page 1



# ਮੋਦੀ ਦੇ ਹੁਣ ਅੱਛੇ ਦਿਨ ਨਹੀਂ ਰਹੇ : ਇਆਲੀ, ਦਾਖਾ, ਮਾਨ

## ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੀ ਇਕੱਤਰਤਾ



**ਮੁੱਲਾਂਪੁਰ ਦਾਖਾ/ਚੌਕੀਮਾਨ (ਗੁਰਮੇਲ ਮੈਲਡੇ/ਬਲਬੀਰ ਸਿੰਘ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਮੰਡਲ ਯੂਨਿਟ ਅੱਡਾ ਦਾਖਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਹਰਦਿਆਲ ਸਿੰਘ ਘੁਮਾਣ ਦੀ ਅਗਵਾਈ ਵਿੱਚ ਹੋਈ।ਮੀਟਿੰਗ ਦੌਰਾਨ ਸਰਕਲ ਯੂਨਿਟ ਦੇ ਸਕੱਤਰ ਬਲਵਿੰਦਰ ਸਿੰਘ ਇਯਾਲੀ, ਵਿੱਤ ਸਕੱਤਰ ਦਰਸ਼ਨ ਸਿੰਘ ਦਾਖਾ ਤੇ ਸਕੱਤਰ ਬਲਬੀਰ ਸਿੰਘ ਮਾਨ ਨੇ ਪਿਛਲੇ ਸਮੇਂ ਵਿੱਚ ਪੰਜਾਬ ਤੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨਾ ਮੰਨਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੂੰ ਸੰਸਦੀ ਚੋਣਾਂ ਵਿੱਚ ਸਬਕ ਸਿਖਾਉਂਦਿਆਂ ਬਹੁਮਤ ਤੋਂ ਦੂਰ ਕਰਕੇ ਦੱਸ ਦਿੱਤਾ ਹੈ ਕਿ ਹੁਣ ਨਰਿੰਦਰ ਮੋਦੀ ਦੇ ਅੱਛੇ ਦਿਨ ਨਹੀਂ ਰਹੇ।ਗੱਠਜੋੜ ਦੀਆਂ ਪਾਰਟੀਆਂ ਵੱਲੋਂ ਆਪਣੇ ਤੇਵਰ ਵਿਖਾਉਂਦਿਆਂ ਇਹ ਦੱਸ ਦਿੱਤਾ ਹੈ ਕਿ ਅਬ ਸਰਕਾਰ ਮੇਂ ਹਮ ਵੀ ਹੈ।ਇਸੇ ਤਰ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ, ਜਿਸ ਨੇ ਪੰਜਾਬ ਦੇ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਢਾਈ ਸਾਲਾਂ ਦੇ ਕਰੀਬ ਨਾਂ ਤਾਂ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਦਿੱਤੀਆਂ, ਨਾ ਪੇ ਬੈਂਡ, ਨਾ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕੀਤੀਆਂ, ਨਾ ਹੀ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਵਾਅਦਾ ਪੂਰਾ ਕੀਤਾ, ਨਾ ਹੀ ਨਵੀਂ ਭਰਤੀ ਸ਼ੁਰੂ ਕਰਕੇ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੀ ਪੰਜਾਬ ਦੀ ਨੌਜਵਾਨੀ ਨੂੰ ਠੱਲ੍ਹ ਪਾਈ, ਨਾ ਨਸ਼ਿਆਂ ਦੇ ਗੜ੍ਹ ਨੂੰ ਰੋਕਿਆ, ਇਸ ਤੋਂ ਇਲਾਵਾ ਹੋਰ ਕੀਤੇ ਵਾਅਦੇ ਨਾ ਪੂਰੇ ਕਰਕੇ ਆਪਣੀ ਹਾਉਮੈ ਤੇ ਹੰਕਾਰ ਨੂੰ ਪੱਠੇ ਪਾ ਕੇ ਕੁੱਖਾਂ ਕੱਢਣ ਦੀ ਕੋਸ਼ਿਸ਼ ਕੀਤੀ, ਜਿਸ ਦਾ ਖਮਿਆਜ਼ਾ ਮੁਲਾਜ਼ਮਾਂ, ਪੈਨਸ਼ਨਰਾਂ, ਮਜ਼ਦੂਰਾਂ, ਕਿਸਾਨਾਂ ਤੇ ਪੰਜਾਬ ਦੇ ਜਾਗਰੂਕ ਲੋਕਾਂ ਨੇ ਲੋਕ ਸਭਾ ਚੋਣਾਂ ਵਿੱਚ ਆਪਣੇ ਗੁੱਸੇ ਦਾ ਪ੍ਰਗਟਾਵਾ ਕਰਦਿਆਂ 13 ਸੀਟਾਂ ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ 3 ਸੀਟਾਂ 'ਤੇ ਲਿਆ ਖੜਾ ਕੀਤਾ, ਜਿਸ ਦੀ ਚੇਤਾਵਨੀ ਕਿਸਾਨਾਂ ਮਜ਼ਦੂਰਾਂ ਮੁਲਾਜ਼ਮਾਂ ਨੇ ਦਿੱਲੀ, ਚੰਡੀਗੜ੍ਹ, ਪਟਿਆਲਾ, ਸੰਗਰੂਰ ਆਦਿ ਥਾਵਾਂ 'ਤੇ ਵਿਸ਼ਾਲ ਰੈਲੀਆਂ, ਧਰਨੇ ਮੁਜ਼ਾਹਰੇ ਕਰਕੇ ਦਿੱਤੀ ਸੀ ਕਿ ਜੇਕਰ ਸਾਡੀਆਂ ਮੰਗਾਂ ਨਾਂ ਮੰਨੀਆਂ ਤਾਂ ਚੋਣਾਂ ਅੰਦਰ ਨਤੀਜੇ ਭੁਗਤਣੇ ਪੈਣਗੇ ਦਾ ਚੈਲਿੰਜ ਕੀਤਾ ਸੀ, ਜੋ ਪੰਜਾਬ ਦੇ ਲੋਕਾਂ ਨੇ ਕਰ ਵਿਖਾਇਆ, ਜੇਕਰ ਅਜੇ ਵੀ ਕੇਂਦਰ ਦੀ ਭਾਜਪਾ ਸਰਕਾਰ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁਲਾਜ਼ਮਾਂ, ਮਜ਼ਦੂਰਾਂ, ਕਿਸਾਨਾਂ ਤੇ ਆਮ ਲੋਕਾਂ ਦੀ ਗੱਲ ਨਾ ਸੁਣੀ ਤਾਂ ਆਉਣ ਵਾਲੇ ਦਿਨਾਂ ਵਿੱਚ ਪਾਵਰਕਾਮ ਦੀ ਮੈਨੇਜਮੈਂਟ ਦੇ ਏ ਐੱਮ ਦਾ ਤਰਨਤਾਰਨ ਨਜ਼ਦੀਕ ਉਸ ਦੇ ਪਿੰਡ ਘਰਦਾ ਘਿਰਾਓ ਕਰਕੇ, ਚੇਅਰਮੈਨ ਪਾਵਰਕੌਮ ਤੇ ਟਰਾਂਸਕੋ, ਡਾਇਰੈਕਟਰ ਵਿੱਤ ਵਿਭਾਗ ਬੇਰੀ ਦੇ ਘਰਾਂ ਅੱਗੇ ਰੋਸ ਪ੍ਰਦਰਸਨ ਕਰਕੇ ਜਥੇਬੰਦੀਆਂ ਆਪਣੇ ਗੁੱਸੇ ਦਾ ਇਜ਼ਹਾਰ ਕਰਕੇ ਮੰਗਾਂ ਨਾ ਮੰਨਣ ਦੀ ਹੱਦ ਤੱਕ ਤਿੱਖੇ ਸੰਘਰਸ਼ ਕਰਨਗੀਆਂ, ਜਿਸ ਦਾ ਖਮਿਆਜ਼ਾ ਵੀ ਪਹਿਲਾਂ ਦੀ ਤਰ੍ਹਾਂ ਆਉਣ ਵਾਲੀਆਂ ਜ਼ਿਮਨੀ ਚੋਣਾਂ, ਪੰਚਾਇਤੀ ਚੋਣਾਂ ਤੇ ਨਗਰ ਕੌਂਸਲਾਂ ਤੇ ਨਿਗਮਾਂ ਦੀਆਂ ਚੋਣਾਂ ਵਿੱਚ ਵੀ ਭੁਗਤਣਾ ਪਵੇਗਾ।

ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ ਪੁੜੈਣ, ਮੀਤ ਪ੍ਰਧਾਨ ਹੰਸ ਰਾਜ ਜੇ ਈ, ਸੱਤਪਾਲ ਸਿੰਘ ਭਨੋਹੜ, ਚਰਨਜੀਤ ਸਿੰਘ ਘਮਨੇਵਾਲ, ਹੁਕਮ ਸਿੰਘ, ਨਰੇਸ਼ ਕੁਮਾਰ, ਜਸਮੇਲ ਸਿੰਘ ਮੋਹੀ, ਜੋਰਾ ਸਿੰਘ, ਜਗਮੇਲ ਸਿੰਘ ਸੁਧਾਰ, ਮਲਕੀਤ ਸਿੰਘ ਚਚਰਾੜੀ ਆਦਿ ਨੇ ਵੀ ਸਰਕਾਰ ਨੂੰ ਮੀਟਿੰਗਾਂ ਦੇ ਕੇ ਮਸਲੇ ਹੱਲ ਕਰਨ ਦੀ ਮੰਗ ਕੀਤੀ।

# ਕਿਸਾਨਾਂ ਦੇ ਸਵੈ-ਮਾਣ ਨੂੰ ਠੇਸ ਪਹੁੰਚਾਉਣ ਵਾਲੀਆਂ ਤਾਕਤਾਂ ਵਿਰੁੱਧ ਜਥੇਬੰਦੀਆਂ ਇਕਜੁੱਟ

## ਕੁਲਵਿੰਦਰ ਕੌਰ ਨੂੰ ਸਜ਼ਾ ਦੇਣ ਤੋਂ ਪਹਿਲਾਂ ਵਿਚਾਰੇ ਜਾਣ ਸਾਰੇ ਪਹਿਲੂ : ਕਿਸਾਨ ਆਗੂ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਮੋਹਾਲੀ ਏਅਰਪੋਰਟ 'ਤੇ ਮਹਿਲਾ ਕਰਮਚਾਰੀ ਨਾਲ ਹੋਈ ਇਕਤਰਫਾ ਕਾਰਵਾਈ ਦੇ ਵਿਰੋਧ 'ਚ ਕੁੱਲ ਹਿੰਦ ਕਿਸਾਨ ਸਭਾ, ਭਾਰਤੀ ਕਿਸਾਨ ਏਕਤਾ ਬੀਕੇਈ, ਆਲ ਇੰਡੀਆ ਕਿਸਾਨ ਸਭਾ (1936) ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਦਾ ਕਹਿਣਾ ਹੈ ਕਿ ਸਰਕਾਰੀ ਏਜੰਸੀਆਂ ਕੁਲਵਿੰਦਰ ਕੌਰ ਵੱਲੋਂ ਥੱਪੜ ਮਾਰਨ ਦੀ ਸੱਚਾਈ ਨੂੰ ਛੁਪਾ ਕੇ ਇਸ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਕਿਸਾਨ ਆਗੂ ਸਵਰਨ ਸਿੰਘ ਵਿਰਕ, ਸੁਖਦੇਵ ਸਿੰਘ ਜੰਮੂ, ਜਗਰੂਪ ਸਿੰਘ ਚੌਬੁਰਜਾ, ਲਖਵਿੰਦਰ ਸਿੰਘ ਔਲਖ ਤੇ ਗੁਰਦਾਸ ਸਿੰਘ ਲੱਕੜਵਾਲੀ ਦਾ ਕਹਿਣਾ ਸੀ ਕਿ ਕੰਗਨਾ ਰਣੌਤ ਹੁਣ ਵੀ ਭੜਕਾਊ ਬਿਆਨ ਦੇ ਕੇ ਅਰਾਜਕਤਾ ਫੈਲਾ ਰਹੀ ਹੈ।ਉਨ੍ਹਾਂ ਕਿਹਾ ਕਿ ਭਾਜਪਾ ਆਗੂ ਅਕਸਰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਬਿਆਨ ਦਿੰਦੇ ਰਹਿੰਦੇ ਹਨ, ਜਿਨ੍ਹਾਂ ਉਤੇ ਕੋਈ ਕਾਰਵਾਈ ਨਹੀਂ ਹੁੰਦੀ। ਕਿਸਾਨ ਆਗੂਆਂ ਨੇ ਕਿਹਾ ਕਿ ਵਾਇਰਲ ਵੀਡੀਓ 'ਚ ਮਹਿਲਾ ਜਵਾਨ ਕੁਲਵਿੰਦਰ ਕੌਰ ਕਹਿ ਰਹੀ ਹੈ ਕਿ ਕੰਗਨਾ ਨੇ ਸਾਡੀਆਂ ਮਾਵਾਂ ਭੈਣਾ ਦਾ ਸ਼ਰੇਆਮ ਅਪਮਾਨ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਵੀ ਸਰਕਾਰ ਜਾਇਜ਼ ਮੰਗਾਂ ਪ੍ਰਤੀ ਲੋਕਾਂ ਤੇ ਜ਼ੁਲਮ ਕਰਦੀ ਹੈ ਤਾਂ ਲੋਕਾਂ 'ਚ ਰੋਹ ਪੈਦਾ ਹੁੰਦਾ ਹੈ।ਇਤਿਹਾਸ ਗਵਾਹ ਹੈ ਕਿ ਆਜ਼ਾਦੀ ਦੇ ਪ੍ਰੇਮੀਆਂ ਨੇ ਆਪਣੇ ਸਵੈ-ਮਾਣ ਲਈ ਸਭ ਕੁਝ ਦਾਅ 'ਤੇ ਲਾ ਦਿੱਤਾ ਤਾਂ ਜਾ ਕੇ ਸਾਨੂੰ ਆਜ਼ਾਦੀ ਮਿਲੀ। ਕਿਸਾਨ ਅਗੂਆਂ ਦਾ ਦੋਸ਼ ਹੈ ਕਿ ਇਸ ਘਟਨਾ ਤੋਂ ਬਾਅਦ ਵੀ ਕੰਗਨਾ ਰਣੌਤ ਦਾ ਪਰਿਵਾਰ ਇਸ ਮੁੱਦੇ ਨੂੰ ਧਾਰਮਿਕ ਰੰਗਤ ਦੇ ਰਿਹਾ ਹੈ, ਜੋ ਕਿ ਹਰ ਤਰ੍ਹਾਂ ਨਾਲ ਨਿੰਦਣਯੋਗ ਹੈ।ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਦਾ ਕਿਸਾਨ ਨਸਲਾਂ ਤੇ ਫਸਲਾਂ ਲਈ ਲੜਈ ਜਾਰੀ ਰੱਖੇਗਾ।

# ਦੋ ਨੌਜਵਾਨਾਂ ਨੇ ਕੀਤੀ ਆਤਮ-ਹੱਤਿਆ

**ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)**-ਨਜ਼ਦੀਕੀ ਪਿੰਡ ਦੌਲਾ ਸਿੰਘ ਵਾਲਾ ਵਿਖੇ ਦੋ ਨੌਜਵਾਨ ਲੜਕਿਆਂ ਵੱਲੋਂ ਆਤਮਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਨ੍ਹਾਂ ਦੀ ਲਾਸ਼ ਦਾ ਪੋਸਟਮਾਰਟ ਸਥਾਨਕ ਸਿਵਲ ਹਸਪਤਾਲ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਮ੍ਰਿਤਕਾਂ ਦੇ ਰਿਸ਼ਤੇਦਾਰ ਨੇ ਦੱਸਿਆ ਕਿ ਜਸਪ੍ਰੀਤ ਤੇ ਹਰਦੀਪ ਦੋਵੇਂ ਨੌਜਵਾਨ ਲੜਕਿਆਂ ਵੱਲੋਂ ਕੋਈ ਜ਼ਹਿਰੀਲੀ ਚੀਜ਼ ਖਾ ਲਈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਲਜਾਇਆ ਗਿਆ, ਜਿੱਥੇ ਇੱਕ ਨੂੰ ਪਟਿਆਲੇ ਵੀ ਰੈਫਰ ਕੀਤਾ ਗਿਆ, ਪਰ ਦੋਨਾਂ ਦੀ ਜਾਨ ਚਲੀ ਗਈ ਹੁਣ ਪੁਲਸ ਵੱਲੋਂ ਇੱਥੇ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪੁੱਜੇ ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋ ਨੌਜਵਾਨਾਂ ਦਾ ਆਪਣੇ ਹੀ ਮਿੱਤਰ ਨਾਲ ਪੈਸੇ ਦਾ ਦੇਣ ਲੈਣ ਸੀ। ਜਸਪ੍ਰੀਤ ਤੇ ਹਰਦੀਪ ਸਿੰਘ ਨੇ ਪੈਸੇ ਲੈਣੇ ਸੀ, ਜਿਸ ਨੂੰ ਲੈ ਕੇ ਉਨ੍ਹਾਂ ਵੱਲੋਂ ਆਤਮਹੱਤਿਆ ਕੀਤੀ ਗਈ ਅਤੇ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

# ਕੜਕਦੀ ਧੁੱਪ 'ਚ ਕਿਸਾਨਾਂ ਘੇਰਿਆ ਕਾਲਾਂਵਾਲੀ ਦਾ ਬਿਜਲੀ ਘਰ



**ਸਿਰਸਾ (ਸੁਰਿੰਦਰ ਪਾਲ ਸਿੰਘ)**

ਕੜਕਦੀ ਧੁੱਪ ਵਿੱਚ ਕਾਲਾਂਵਾਲੀ ਦੇ ਬਿਜਲੀ ਨਿਗਮ ਦੇ ਦਫਤਰ ਅੱਗੇ ਦੋ ਦਿਨਾਂ ਤੋਂ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨ ਆਗੂ ਗੁਰਦਾਸ ਸਿੰਘ ਲੱਕੜਵਾਲੀ ਤੇ ਉਨ੍ਹਾਂ ਦੇ ਸਾਥੀਆਂ ਦਾ ਕਹਿਣਾ ਹੈ ਕਿ ਇਕ ਸਾਲ ਤੋਂ ਵੱਧ ਸਮਾਂ ਬੀਤਣ 'ਤੇ ਹਰਿਆਣਾ ਬਿਜਲੀ ਨਿਗਮ ਵੱਲੋਂ ਮੰਡੀ ਕਾਲਾਂਵਾਲੀ ਖੇਤਰ ਦੇ ਪਿੰਡਾਂ ਦੇ ਕਿਸਾਨਾਂ ਦੇ 131 ਬਿਜਲੀ ਮੋਟਰਾਂ ਦੇ ਕਨੈਕਸ਼ਨ ਜਾਰੀ ਨਾ ਹੋਣ 'ਤੇ ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਨੇ ਇਕੱਤਰ ਹੋ ਕੇ ਕਾਲਾਂਵਾਲੀ ਬਿਜਲੀ ਨਿਗਮ ਦੇ ਦਫਤਰ ਅੱਗੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ।

ਕਿਸਾਨ ਆਗੂ ਗੁਰਦਾਸ ਸਿੰਘ ਲੱਕੜਵਾਲੀ, ਸਤਵਿੰਦਰ ਸਿੰਘ ਚਹਿਲ, ਜਰਨੈਲ ਸਿੰਘ ਤੇ ਰਾਜ ਸਿੰਘ ਨੇ ਕਿਹਾ ਕਿ ਕਾਲਾਂਵਾਲੀ ਸਬ ਡਵੀਜ਼ਨ ਦੇ ਵੱਖ ਵੱਖ ਪਿੰਡਾਂ ਦੇ ਕਿਸਾਨਾਂ ਨੇ ਇੱਕ ਸਾਲ ਪਹਿਲਾਂ ਬਿਜਲੀ ਮੋਟਰਾਂ ਦੇ ਕਨੈਕਸ਼ਨਾਂ ਦੀ ਪੂਰੀ ਰਾਸ਼ੀ ਭਰੀ ਹੋਈ ਹੈ, ਪਰ ਹਰਿਆਣਾ ਰਾਜ ਬਿਜਲੀ ਨਿਗਮ ਵੱਲੋਂ ਹਾਲੇ ਤੱਕ ਬਿਜਲੀ ਕਨੈਕਸ਼ਨ ਜਾਰੀ ਨਹੀਂ ਦਿੱਤੇ ਗਏ। ਕਿਸਾਨਾਂ ਨੇ ਕਿਹਾ ਕਿ ਬਿਜਲੀ ਬੋਰਡ ਦੇ ਐਡੀਸ਼ਨ ਐੱਸਡੀਓ ਰਵੀ ਕੁਮਾਰ ਸਮੇਤ ਵੱਡੇ ਅਧਿਕਾਰੀਆਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਟੈਂਡਰ ਹੋ ਚੁੱਕੇ ਹਨ ਤੇ ਕਨੈਕਸ਼ਨ ਜਲਦੀ ਜਾਰੀ ਕਰ ਦਿੱਤੇ ਜਾਣਗੇ, ਪਰ 7 ਮਹੀਨੇ ਬੀਤਣ 'ਤੇ ਵੀ ਹਾਲੇ ਤੱਕ ਸਾਰਾ ਕੰਮ ਅਧੂਰਾ ਪਿਆ ਹੈ।

ਕਿਸਾਨ ਆਗੂ ਗੁਰਦਾਸ ਸਿੰਘ ਲੱਕੜਵਾਲੀ, ਗੁਰਨਾਮ ਸਿੰਘ ਦੇਸੂ, ਜੱਗਾ ਸਿੰਘ, ਹੈਪੀ ਸਿੰਘ ਤੇ ਪਿਆਰਾ ਸਿੰਘ ਨੇ ਕਿਹਾ ਕਿ ਕਾਲਾਂਵਾਲੀ ਦੇ ਹਲਕਾ ਵਿਧਾਇਕ ਸੀਸ਼ਪਾਲ ਕੇਹਰਵਾਲਾ ਤੱਕ ਨੇ ਵੀ ਕਿਸਾਨਾਂ ਦੀ ਕੋਈ ਸਾਰ ਨਹੀਂ ਲਈ। ਕਿਸਾਨਾਂ ਨੇ ਕਿਹਾ ਕਿ ਜੇਕਰ ਬਿਜਲੀ ਵਿਭਾਗ ਵੱਲੋਂ ਉਨ੍ਹਾਂ ਦੇ ਮੋਟਰ ਕਨੈਕਸ਼ਨ ਜਲਦੀ ਨਹੀਂ ਕੀਤੇ ਜਾਂਦੇ ਤਾਂ ਉਹ ਬਿਜਲੀ ਬੋਰਡ ਦੇ ਦਫਤਰ ਅੱਗੇ ਅਣਮਿੱਥੇ ਸਮੇਂ ਦਾ ਧਰਨਾ ਲਾਉਣਗੇ। ਇਸ ਮੌਕੇ ਕਿਸਾਨ ਸੀਰਾ ਸਿੰਘ ਕਰਮਜੀਤ ਸਿੰਘ, ਕੁਲਦੀਪ ਸਿੰਘ, ਗੁਰਨਾਮ ਸਿੰਘ ਤੱਖ਼ਤਮਲ ਸਮੇਤ ਕਾਲਾਂਵਾਲੀ ਖੇਤਰ ਦੇ ਵੱਖ ਵੱਖ ਪਿੰਡਾਂ ਦੇ ਕਿਸਾਨ ਹਾਜ਼ਰ ਸਨ।

## ਕਾਤਰਾਂ

### ਮੋਟਰਸਾਈਕਲਾਂ ਦੀ ਟੱਕਰ 'ਚ ਇਕ ਜ਼ਖ਼ਮੀ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਰੱਤਾ ਥੇੜ ਕੋਲ 2 ਮੋਟਰਸਾਈਕਲਾਂ ਦੀ ਆਪਸੀ ਟੱਕਰ ਵਿੱਚ ਇੱਕ ਵਿਅਕਤੀ ਨੂੰ ਸੱਟਾਂ ਲੱਗਣ ਦੇ ਸਬੰਧ ਵਿੱਚ ਥਾਣਾ ਵੈਰੋਕੇ ਦੀ ਪੁਲਸ ਵੱਲੋਂ ਮਾਮਲਾ ਦਰਜ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਮੁਖਤਿਆਰ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਸਬੰਧੀ ਪਿੰਡ ਰੱਤਾ ਥੇੜ, ਚੱਕ ਜਾਨੀਸਰ ਆਦਿ ਪਿੰਡਾਂ ਲਈ ਰਵਾਨਾ ਸੀ ਅਤੇ ਅਮਰਜੀਤ ਸਿੰਘ ਪੁੱਤਰ ਮਹਿਲ ਸਿੰਘ ਵਾਸੀ ਢਾਣੀ ਆਤਮਾ ਸਿੰਘ ਦਾਖਲੀ ਪਿੰਡ ਰੱਤਾ ਥੇੜ ਨਹਿਰ ਦੇ ਪੁਲ ਕੋਲ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਘਰ ਨੂੰ ਆ ਰਿਹਾ ਸੀ। ਇਸ ਦੌਰਾਨ ਗੁਰਦੁਆਰਾ ਛੇਵੀਂ ਪਾਤਸ਼ਾਹੀ ਨੇੜੇ ਪਿੱਛੋਂ ਅਭੈ ਸਿੰਘ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਤੇਜ਼ ਰਫਤਾਰ ਨਾਲ ਆ ਰਿਹਾ ਸੀ, ਜਿਸ ਨੇ ਅਮਰਜੀਤ ਸਿੰਘ ਦੇ ਮੋਟਰਸਾਈਕਲ ਵਿੱਚ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਉਹ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ। ਜਾਂਚ ਅਧਿਕਾਰੀ ਮੁਖਤਿਆਰ ਸਿੰਘ ਨੇ ਦੱਸਿਆ ਕਿ ਮੁਦੱਈ ਅਮਰਜੀਤ ਸਿੰਘ ਵੱਲੋਂ ਪੁਲਸ ਕੋਲ ਦਰਜ ਕਰਵਾਏ ਬਿਆਨਾਂ ਦੇ ਅਧਾਰ 'ਤੇ ਅਭੈ ਸਿੰਘ ਪੁੱਤਰ ਗੋਬਿੰਦ ਸਿੰਘ ਵਾਸੀ ਪਿੰਡ ਰੱਤਾ ਥੇੜ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਵਿੱਦਿਅਕ ਸਿਲੇਬਸਾਂ 'ਚੋਂ ਅੰਧ-ਵਿਸ਼ਵਾਸੀ ਪਾਠਕ੍ਰਮਾਂ ਨੂੰ ਹਟਾਉਣ ਦੀ ਮੰਗ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਤਰਕਸ਼ੀਲ ਆਗੂ ਅਧਿਆਪਕ ਅਜਾਇਬ ਸਿੰਘ ਜਲਾਲਆਣਾ ਦਾ ਕਹਿਣਾ ਹੈ ਕਿ ਸਾਡੇ ਦੇਸ਼ ਵਿੱਚ ਵਿਗਿਆਨਕ ਜਾਗਰੂਕਤਾ ਦੀ ਘਾਟ ਕਾਰਨ ਅੰਧ-ਵਿਸ਼ਵਾਸਾਂ ਵਿੱਚ ਫਸ ਕੇ ਲੋਕ ਆਪਣੀਆਂ ਪਿਆਰੀਆਂ ਜ਼ਿੰਦਗੀਆਂ ਤੋਂ ਹੱਥ ਧੋ ਬੈਠਦੇ ਹਨ। ਉਨ੍ਹਾ ਕੁਝ ਸਮਾਂ ਪਹਿਲਾਂ ਬੁਰਾੜੀ (ਦਿੱਲੀ) ਵਿੱਚ ਇੱਕ ਘਰ ਦੇ 11 ਮੈਂਬਰਾਂ ਨੇ ਰੱਬ ਦੇ ਕਲਪਨਿਕ ਮਿਲਾਪ ਦੇ ਚਲਦੇ ਖੁਦਕੁਸ਼ੀ ਕਰ ਲਈ ਸੀ। ਉਨ੍ਹਾ ਕਿਹਾ ਕਿ ਰਾਜਸਥਾਨ ਦੇ ਚੁਰੂ ਜ਼ਿਲ੍ਹੇ ਦੇ ਭੰਸਾਲੀ ਪਿੰਡ ਵਿੱਚ ਦਾਦੀ ਪੋਤਿਆਂ ਦੀਆਂ ਇਕੋ ਢੰਗ ਨਾਲ ਮੌਤਾਂ ਪਿੱਛੇ ਅੰਧ-ਵਿਸ਼ਵਾਸੀ ਕਾਰਨਾਂ ਦਾ ਵੀ ਜ਼ਿਕਰ ਕੀਤਾ। ਤਰਕਸ਼ੀਲ ਆਗੂ ਨੇ ਕਿਹਾ ਕਿ ਗਿਆਨ ਵਿਗਿਆਨ ਦੀ ਘਾਟ ਕਾਰਨ ਅਕਸਰ ਲੋਕ ਅਗਿਆਨਤਾ ਤੇ ਅੰਧ-ਵਿਸ਼ਵਾਸਾਂ ਕਾਰਨ ਆਪਣਾ ਜਾਨੀ-ਮਾਲੀ ਤੇ ਸਰੀਰਕ ਨੁਕਸਾਨ ਕਰਵਾ ਲੈਂਦੇ ਹਨ। ਉਨ੍ਹਾ ਕਿਹਾ ਕਿ ਤਰਕਸ਼ੀਲ ਸੁਸਾਇਟੀ ਸਰਕਾਰਾਂ ਕੋਲੋਂ ਵਿੱਦਿਅਕ ਸਿਲੇਬਸਾਂ ਵਿੱਚੋਂ ਅੰਧ-ਵਿਸ਼ਵਾਸ਼ੀ ਪਾਠਕ੍ਰਮਾਂ ਨੂੰ ਹਟਾਉਣ ਦੀ ਮੰਗ ਕਰਦੀ ਹੈ।

### ਸਾਲਾਨਾ ਸ਼ੁੱਭ ਦੀਵਾਨ 13 ਨੂੰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਇਕ ਸ਼ਾਮ ਪੀਰ ਬਾਬਾ ਜੀ ਦੇ ਨਾਮ, ਪੀਰ ਲੱਖਦਾਤਾ ਸਾਹਿਬ ਤੇ ਪੀਰ ਮੀਰਾਂ ਸਾਹਿਬ ਦਾ ਜੀ ਦਾ 44ਵਾਂ ਸਾਲਾਨਾ ਸ਼ੁਭ ਦੀਵਾਨ 13 ਜੂਨ ਵੀਰਵਾਰ ਨੂੰ ਬੜੀ ਸ਼ਰਧਾ ਤੇ ਧੂਮਧਾਮ ਨਾਲ ਅਗਰਵਾਲ ਪੀਰਖਾਨਾ (ਵੱਡਾ ਪੀਰਖਾਨਾ ਸਵਾ: ਕ੍ਰਿਸ਼ਨ ਲਾਲ ਭੂੰਦੜ ਵਾਲੇ) ਗਾਂਧੀ ਨਗਰ, ਨੇੜੇ ਪੁਰਾਣੀ ਸਬਜ਼ੀ ਮੰਡੀ, ਰਾਮਪੁਰਾ ਫੂਲ ਵਿਖੇ ਮਨਾਇਆ ਜਾ ਰਿਹਾ ਹੈ।ਇਸ ਦੀ ਜਾਣਕਾਰੀ ਦਿੰਦਿਆਂ ਗੱਦੀ ਨਸ਼ੀਨ ਬਾਬਾ ਬੱਬਲੀ ਜੀ ਤੇ ਸੇਵਾਦਾਰ ਰਕੇਸ਼ ਮਿੱਤਲ ਨੇ ਦੱਸਿਆ ਕਿ ਉਸ ਦਿਨ ਸਵੇਰੇ ਚਾਰ ਵਜੇ ਚਾਦਰ ਚੜ੍ਹਾਉਣ ਦੀ ਰਸਮ ਹੋਵੇਗੀ, ਸ਼ਾਮ ਚਾਰ ਵਜੇ ਧੂਫ-ਬੱਤੀ ਉਪਰੰਤ ਸ਼ੁੱਭ ਦੀਵਾਨ ਸ਼ੁਰੂ ਹੋਵੇਗਾ, ਸ਼ਾਮ 6 ਵਜੇ ਭੰਡਾਰਾ ਵਰਤਾਇਆ ਜਾਵੇਗਾ।ਸਾਜੀ ਮਨਜੀਤ ਐਂਡ ਪਾਰਟੀ ਤੇ ਸ਼ੇਖ ਬਾਬਾ ਸੁਰਾਜਦੀਨ ਵੱਲੋਂ ਪੀਰਾਂ ਦੇ ਗੁਣਗਾਨ ਕੀਤੇ ਜਾਣਗੇ।ਇਸ ਸ਼ੁਭ ਦੀਵਾਨ ਦੀ ਰੌਣਕ ਵਧਾਉਣ ਲਈ ਜਗਦੀਸ਼ ਸਿੰਗਲਾ ਉਰਫ ਬੱਬਲੀ ਬਾਬਾ, ਬਾਬਾ ਮੱਖਣ ਲਾਲ (ਅਬੋਹਰ), ਮਾਤਾ ਪ੍ਰੇਮ ਲਤਾ, ਬਾਬਾ ਪ੍ਰਕਾਸ਼ ਚੰਦ, ਬਾਬਾ ਸੁਭਾਸ਼ ਤੇ ਬਾਬਾ ਅਮਰ ਨਾਥ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।

# ਰਿਟਾਇਰਮੈਂਟ ਲਾਭਾਂ ਦੀ ਅਦਾਇਗੀ ਤੁਰੰਤ ਕੀਤੀ ਜਾਵੇ : ਡੀ ਟੀ ਐੱਫ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਮੁਲਾਜ਼ਮਾਂ ਨੂੰ ਰਿਟਾਇਰ ਹੋਣ ਤੋਂ ਬਾਅਦ ਮਿਲਣ ਵਾਲੇ ਲਾਭਾਂ ਜਿਵੇਂ ਪ੍ਰੌਵੀਡੈਂਟ ਫੰਡ, ਲੀਵ ਇਨਕੈਸ਼ਮੈਂਟ, ਗਰੁੱਪ ਬੀਮਾ ਸਕੀਮ ਆਦਿ ਦੀ ਰੁਕੀ ਹੋਏ ਅਦਾਇਗੀ ਦੇ ਸਬੰਧ ਵਿੱਚ ਅੱਜ ਡੀ.ਟੀ.ਐੱਫ. ਦਾ ਵਫ਼ਦ ਜ਼ਿਲ੍ਹਾ ਖਜ਼ਾਨਾ ਅਫ਼ਸਰ ਸੰਗਰੂਰ ਨੂੰ ਮਿਲਿਆ।ਖਜ਼ਾਨਾ ਅਫ਼ਸਰ ਨੇ ਜਾਣਕਾਰੀ ਦਿੱਤੀ ਕਿ 20 ਅਪ੍ਰੈਲ ਤੋਂ ਬਾਅਦ ਰਿਟਾਇਰਮੈਂਟ ਲਾਭਾਂ ਦੀ ਅਦਾਇਗੀ 'ਤੇ ਪੰਜਾਬ ਸਰਕਾਰ ਵੱਲੋਂ ਜ਼ੁਬਾਨੀ ਰੋਕ ਲਗਾਈ ਹੋਈ ਹੈ।ਫਿਲਹਾਲ ਮੁਲਾਜ਼ਮਾਂ ਨੂੰ ਸਿਰਫ ਤਨਖਾਹ ਤੇ ਪੈਨਸ਼ਨ ਦੀ ਅਦਾਇਗੀ ਹੀ ਕੀਤੀ ਜਾ ਰਹੀ ਹੈ।

ਜਥੇਬੰਦੀ ਨੇ ਸਰਕਾਰ ਦੇ ਇਸ ਫੈਸਲੇ 'ਤੇ ਰੋਸ ਦਰਜ ਕਰਵਾਇਆ ਤੇ ਕਿਹਾ ਕਿ ਇਹ ਮੁਲਾਜ਼ਮਾਂ ਨਾਲ ਬੇਇਨਸਾਫ਼ੀ ਹੈ।ਰਿਟਾਇਰਮੈਂਟ ਦੇ ਲਾਭ ਮੁਲਾਜ਼ਮ ਨੂੰ ਉਸ ਦੇ ਸੇਵਾ ਮੁਕਤ ਹੋਣ ਸਾਰ ਦਿੱਤੇ ਜਾਣੇ ਬਣਦੇ ਹਨ, ਕਿਉਂਕਿ ਇਹ ਉਸ ਦਾ ਹੱਕ ਹੈ।ਪ੍ਰੌਵੀਡੈਂਟ ਫੰਡ ਦੀ ਅਦਾਇਗੀ ਵਿੱਚ ਇੱਕ ਹੋਰ ਦਿੱਕਤ ਇਹ ਹੈ ਕਿ ਸਰਕਾਰ ਵੱਲੋਂ ਹਰੇਕ ਤਿਮਾਹੀ ਨਿਸ਼ਚਿਤ ਕੀਤੀਆਂ ਜਾਂਦੀਆਂ ਵਿਆਜ ਦਰਾਂ ਚੱਲ ਰਹੀ ਤਿਮਾਹੀ ਲਈ ਹਾਲੇ ਤੱਕ ਜਾਰੀ ਨਹੀਂ ਕੀਤੀਆਂ ਗਈਆਂ, ਜਿਸ ਦੇ ਚੱਲਦੇ ਪਿੱਤਰੀ ਵਿਭਾਗ ਨੂੰ ਇਸ ਫੰਡ ਦਾ ਬਕਾਇਆ ਕੈਲਕੂਲੇਟ ਕਰਨ ਵਿੱਚ ਮੁਸ਼ਕਲ ਆ ਰਹੀ ਹੈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ਼ਤਿਹਾਰਬਾਜ਼ੀ ਉੱਤੇ ਖੁੱਲ੍ਹਦਿਲੀ ਨਾਲ ਖਰਚਾ ਕੀਤਾ ਜਾ ਰਿਹਾ ਹੈ, ਜਦੋਂਕਿ ਜ਼ਰੂਰੀ ਖਰਚਿਆਂ ਤੋਂ ਹੱਥ ਘੁੱਟਿਆ ਜਾ ਰਿਹਾ ਹੈ।ਜਥੇਬੰਦੀ ਨੇ ਸਰਕਾਰ ਤੋਂ ਮੰਗ ਕੀਤੀ ਕਿ ਪ੍ਰੌਵੀਡੈਂਟ ਫੰਡ ਦੇ ਵਿਆਜ ਦੀਆਂ ਇਸ ਤਿਮਾਹੀ ਦੀਆਂ ਦਰਾਂ ਤੁਰੰਤ ਜਾਰੀ ਕੀਤੀਆਂ ਜਾਣ ਤੇ ਮੁਲਾਜ਼ਮਾਂ ਨੂੰ ਰਿਟਾਇਰਮੈਂਟ ਲਾਭਾਂ ਦੀਆਂ ਸਮੁੱਚੀਆਂ ਅਦਾਇਗੀਆਂ ਜਲਦ ਤੋਂ ਜਲਦ ਕਰਕੇ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਵੇ ਨਹੀਂ ਤਾਂ ਜਥੇਬੰਦੀ ਇਸ ਸਬੰਧੀ ਆਉਂਦੇ ਦਿਨਾਂ ਵਿੱਚ ਜਥੇਬੰਦਕ ਐਕਸ਼ਨ ਉਲੀਕੇਗੀ।ਵਫ਼ਦ ਵਿੱਚ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ, ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ, ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਪ੍ਰੈੱਸ ਸਕੱਤਰ ਜਸਬੀਰ ਨਮੋਲ, ਬਲਾਕਾਂ ਦੇ ਆਗੂ ਜਗਦੇਵ ਕੁਮਾਰ, ਗੁਰਮੀਤ ਸੇਖੂਵਾਸ, ਸਤਵੀਰ ਭੁਪਾਲ ਤੇ ਸਰਬਜੀਤ ਕਿਸ਼ਨਗੜ੍ਹ ਸ਼ਾਮਲ ਸਨ।

# ਸੜਕ ਹਾਦਸੇ 'ਚ ਇੱਕ ਦੀ ਮੌਤ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਅਧੀਨ ਆਉਂਦੇ ਪਿੰਡ ਦੁਲਚੀ ਕੇ ਰੋਡ ਨੇੜੇ ਮੋੜ ਪਿੰਡ ਕੁਤਬੇ ਵਾਲਾ ਕੋਲ ਹੋਏ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇੱਕ ਟਰੈਕਟਰ ਟਰਾਲੀ ਚਾਲਕ ਖਿਲਾਫ 304-ਏ, 279 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੁਰਜੀਤ ਸਿੰਘ ਪੁੱਤਰ ਪਾਲਾ ਸਿੰਘ ਵਾਸੀ ਪਿੰਡ ਕਿਲਚੇ ਦਾਖਲੀ ਦੁਲਚੀ ਕੇ ਨੇ ਦੱਸਿਆ ਕਿ ਉਸ ਦਾ ਭਰਾ ਗੁਰਦੀਪ ਸਿੰਘ (50 ਸਾਲ) ਆਪਣੇ ਮੋਟਰਸਾਈਕਲ 'ਤੇ ਫਿਰੋਜ਼ਪੁਰ ਜਾ ਰਿਹਾ ਸੀ, ਜਦ ਉਹ ਦੁਲਚੀ ਕੇ ਰੋਡ ਨੇੜੇ ਮੋੜ ਪਿੰਡ ਕੁਤਬੇ ਵਾਲਾ ਪਾਸ ਪੁੱਜਾ ਤਾਂ ਅੱਗੇ ਜਾ ਰਹੀ ਮੋਟਰਸਾਈਕਲ ਰੇਹੜੀ ਦੇ ਚਾਲਕ ਨੇ ਸੜਕ ਵਿੱਚ ਖੱਡਾ ਦੇਖ ਕੇ ਬਰੇਕ ਮਾਰੀ, ਜਿਸ 'ਤੇ ਉਸ ਦਾ ਭਰਾ ਉਸ ਦੀ ਰੇਹੜੀ ਦੇ ਪਿੱਛੇ ਟਕਰਾ ਕੇ ਡਿੱਗ ਪਿਆ ਤਾਂ ਐਨੇ ਵਿੱਚ ਦੋਸ਼ੀ ਹਰਜੀਤ ਸਿੰਘ ਪੁੱਤਰ ਹਾਕਮ ਸਿੰਘ ਵਾਸੀ ਦੁਲਚੀ ਕੇ ਆਪਣੇ ਟਰੈਕਟਰ ਸਮੇਤ ਟਰਾਲੀ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਭਰਾ ਉੱਪਰ ਚੜ੍ਹਾ ਦਿੱਤਾ, ਜਿਸ ਨਾਲ ਉਸ ਦੇ ਭਰਾ ਗੁਰਦੀਪ ਸਿੰਘ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਟਰੈਕਟਰ ਟਰਾਲੀ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਚੋਰੀ ਦੇ ਮੋਟਰਸਾਈਕਲਾਂ ਤੇ ਗੈਸ ਸਿਲੰਡਰਾਂ ਸਮੇਤ 3 ਗ੍ਰਿਫਤਾਰ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਭਾਗੀਰਥ ਸਿੰਘ ਮੀਨਾ ਸੀਨੀਅਰ ਕਪਤਾਨ ਪੁਲਸ ਸ਼੍ਰੀ ਮੁਕਤਸਰ ਸਾਹਿਬ ਵੱਲੋਂ ਸ਼ਰਾਰਤੀ ਅਨਸਰਾਂ 'ਤੇ ਨਕੇਲ ਕੱਸੀ ਜਾ ਰਹੀ ਹੈ, ਜਿਸ ਦੇ ਚੱਲਦਿਆਂ ਮਨਮੀਤ ਸਿੰਘ ਢਿੱਲੋਂ ਐੱਸ.ਪੀ. (ਡੀ) ਸ਼੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਐੱਸ. ਆਈ. ਜਗਸੀਰ ਸਿੰਘ ਮੁੱਖ ਅਫਸਰ ਥਾਣਾ ਬਰੀਵਾਲਾ ਵੱਲੋਂ ਚੋਰ ਗਰੋਹ ਦੇ 3 ਮੈਂਬਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 4 ਚੋਰੀ ਦੇ ਮੋਟਰਸਾਈਕਲ ਅਤੇ 2 ਗੈਸ ਸਿਲੰਡਰਾਂ ਨੂੰ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਅਨੁਸਾਰ ਹੌਲਦਾਰ ਲਖਵੀਰ ਸਿੰਘ ਸਮੇਤ ਪੁਲਸ ਪਾਰਟੀ ਦੇ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਸਬੰਧੀ ਪਿੰਡ ਵੜਿੰਗ ਮੌਜੂਦ ਸੀ ਤਾਂ ਰਾਮ ਸਿੰਘ ਪੁੱਤਰ ਤੁਲਸੀ ਰਾਮ ਵਾਸੀ ਨਹਿਰ ਕਲੋਨੀ ਵੜਿੰਗ ਨੇ ਇਤਲਾਹ ਦਿੱਤੀ ਕਿ ਉਸ ਦਾ ਮੋਟਰਸਾਈਕਲ ਪਲਟੀਨਾ ਨੰਬਰੀ ਪੀ.ਬੀ. 30 ਕਿਊ 8458 ਸਤਵੀਰ ਸਿੰਘ ਉਰਫ ਸੱਤੂ ਪੁੱਤਰ ਜਗਦੇਵ ਸਿੰਘ, ਬਲਜਿੰਦਰ ਸਿੰਘ ਉਰਫ ਬਿੰਦਾ ਪੁੱਤਰ ਅਮਨਜੀਤ ਸਿੰਘ ਤੇ ਅਕਾਸ਼ਦੀਪ ਸਿੰਘ ਉਰਫ ਦੀਪੂ ਪੁੱਤਰ ਅਮਨਜੀਤ ਸਿੰਘ ਵਾਸੀਆਨ ਕੋਟਲੀ ਸੰਘਰ ਨੇ ਚੋਰੀ ਕਰ ਲਿਆ ਹੈ, ਜਿਸ 'ਤੇ ਮੁਕੱਦਮਾ ਥਾਣਾ ਬਰੀਵਾਲਾ ਦਰਜ ਕਰਕੇ ਤਫਤੀਸ਼ ਦੌਰਾਨ ਦੋਸ਼ੀ ਸਤਵੀਰ ਸਿੰਘ ਉਰਫ ਸੱਤੂ ਪੁੱਤਰ ਜਗਦੇਵ ਸਿੰਘ, ਬਲਜਿੰਦਰ ਸਿੰਘ ਉਰਫ ਬਿੰਦਾ ਪੁੱਤਰ ਅਮਨਜੀਤ ਸਿੰਘ ਤੇ ਅਕਾਸ਼ਦੀਪ ਸਿੰਘ ਉਰਫ ਦੀਪੂ ਪੁੱਤਰ ਅਮਨਜੀਤ ਸਿੰਘ ਵਾਸੀਆਨ ਕੋਟਲੀ ਸੰਘਰ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਪਾਸੋਂ 4 ਚੋਰੀ ਦੇ ਮੋਟਰਸਾਈਕਲ ਤੇ 2 ਗੈਸ ਸਿਲੰਡਰ ਬ੍ਰਾਮਦ ਕਰਕੇ ਗ੍ਰਿਫਤਾਰ ਕਰਕੇ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ।

# ਲੋਕਾਂ ਦਾ ਫਤਵਾ ਸਿਰ ਮੱਥੇ ਪ੍ਰਵਾਨ, ਲੋਕ ਭਲਾਈ ਕਾਰਜ ਨਿਰੰਤਰ ਜਾਰੀ ਰੱਖਾਂਗਾ : ਰਾਜਵਿੰਦਰ ਸਿੰਘ



**ਮੋਗਾ (ਇਕਬਾਲ ਸਿੰਘ ਖਹਿਰਾ)**-ਹਾਰ-ਜਿੱਤ ਜ਼ਿੰਦਗੀ ਦਾ ਇਕ ਹਿੱਸਾ ਹੈ। ਅਸੀਂ ਜੇਕਰ ਕੋਈ ਵੀ ਕੰਮ ਕਰਦੇ ਹਾਂ ਤਾਂ ਉਸ 'ਚ ਇਹ ਨਹੀਂ ਕਿ ਯਕੀਨਨ ਤੌਰ 'ਤੇ ਅਸੀਂ ਜਿੱਤ ਹੀ ਪ੍ਰਾਪਤ ਕਰਾਂਗੇ। ਕਈ ਵਾਰ ਸਾਨੂੰ ਹਾਰ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਪਰ ਹਾਰ ਵੀ ਸਾਡੇ ਵਿੱਚ ਜਿੱਤ ਦਾ ਜਜ਼ਬਾ ਪੈਦਾ ਰੱਖਦੀ ਹੈ। ਜੇਕਰ ਅਸੀਂ ਆਪਣੇ ਹੌਸਲੇ ਨੂੰ ਬੁਲੰਦ ਰੱਖੀਏ ਤਾਂ ਆਉਣ ਵਾਲੇ ਸਮੇਂ 'ਚ ਅਸੀਂ ਆਪਣੇ ਆਪ 'ਚ ਸੁਧਾਰ ਲਿਆ ਕੇ ਇਸ ਤੋਂ ਵੀ ਜ਼ਿਆਦਾ ਬਿਹਤਰ ਬਣ ਸਕਦੇ ਹਾਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਲੋਕ ਸਭਾ ਚੋਣਾਂ 'ਚ ਜੋ ਲੋਕਾਂ ਵੱਲੋਂ ਉਨ੍ਹਾਂ ਨੂੰ ਪਿਆਰ ਦਿੱਤਾ ਗਿਆ ਹੈ, ਉਹ ਸਦਾ ਉਨ੍ਹਾਂ ਦੇ ਧੰਨਵਾਦੀ ਰਹਿਣਗੇ। ਉਨ੍ਹਾ ਆਖਿਆ ਕਿ ਲੋਕਾਂ ਦਾ ਫਤਵਾ ਸਿਰ ਮੱਥੇ ਪ੍ਰਵਾਨ ਪਰ ਉਹ ਇਸੇ ਤਰ੍ਹਾਂ ਹੀ ਆਪਣੇ ਲੋਕ ਭਲਾਈ ਦੇ ਕਾਰਜ ਤੇ ਲੋਕਾਂ ਦੇ ਦੁੱਖ-ਸੁੱਖ 'ਚ ਸ਼ਰੀਕ ਹੁੰਦੇ ਰਹਿਣਗੇ। ਉਨ੍ਹਾ ਆਖਿਆ ਕਿ ਚੋਣ ਮੁਹਿਮ ਦੌਰਾਨ ਜਿੱਥੇ ਧਰਮਕੋਟ ਤੋਂ ਹਲਕਾ ਇੰਚਾਰਜ ਬਰਜਿੰਦਰ ਸਿੰਘ ਮੱਖਣ ਬਰਾੜ, ਮੋਗਾ ਤੋਂ ਹਲਕਾ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਲੰਡੇਕੇ ਤੋਂ ਇਲਾਵਾ ਸਮੁੱਚੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਉਨ੍ਹਾਂ ਦਾ ਸਾਥ ਦਿੱਤਾ ਹੈ, ਉਹ ਹਮੇਸ਼ਾ ਉਨ੍ਹਾਂ ਦੇ ਰਿਣੀ ਰਹਿਣਗੇ। ਰਾਜਵਿੰਦਰ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਲੋਕਾਂ ਦੀ ਆਪਣੀ ਪਾਰਟੀ ਹੈ। ਪਾਰਟੀ ਦੀ ਚੜ੍ਹਦੀ ਕਲਾ ਤੇ ਪਾਰਟੀ ਦੀਆਂ ਗਤੀਵਿਧੀਆਂ ਨੂੰ ਘਰ-ਘਰ ਪਹੁੰਚਾਉਣ ਲਈ ਉਹ ਆਪਣੀਆਂ ਸਰਗਰਮੀਆਂ ਨੂੰ ਹਮੇਸ਼ਾ ਹੀ ਜਾਰੀ ਰੱਖਣਗੇ।

# ਭਗਤ ਪੂਰਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਮੁਫਤ ਮੈਡੀਕਲ ਕੈਂਪ ਭਲਕੇ



ਕੈਂਪ ਬਾਰੇ ਜਾਣਕਾਰੀ ਦਿੰਦੇ ਸੇਵਾਦਾਰ।

**ਕੋਟ ਈਸੇ ਖਾਂ (ਅਰੋੜਾ)**-ਸੇਵਾ ਦੇ ਪੁੰਜ ਭਗਤ ਪੂਰਨ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ 7ਵਾਂ ਫਰੀ ਮੈਡੀਕਲ ਕੈਂਪ 9 ਜੂਨ ਨੂੰ ਸ਼ਹਿਰ ਦੀ ਮਸੀਤਾਂ ਰੋਡ 'ਤੇ ਸਥਿਤ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਸੇਵਾਦਾਰਾਂ ਨੇ ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਇਸ ਫਰੀ ਮੈਡੀਕਲ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ। ਕੈਂਪ ਵਿੱਚ ਹਰ ਤਰ੍ਹਾਂ ਦੇ ਮਾਹਰ ਡਾਕਟਰ ਮਰੀਜ਼ਾਂ ਦਾ ਚੈੱਕਅਪ ਕਰਨਗੇ ਤੇ ਫਰੀ ਦਵਾਈਆਂ ਦਿੱਤੀਆਂ ਜਾਣਗੀਆਂ।

ਇਸ ਦੌਰਾਨ ਬੀਬੀ ਇੰਦਰਜੀਤ ਕੌਰ ਮੁੱਖ ਸੇਵਾਦਾਰ ਪਿੰਗਲਵਾੜਾ ਅੰਮ੍ਰਿਤਸਰ ਤੇ ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ (ਮੋਗਾ) ਵਾਲੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ।ਮੈਡੀਕਲ ਕੈਂਪ ਦੌਰਾਨ ਮਿੱਤਲ ਹਸਪਤਾਲ ਮੋਗਾ ਵੱਲੋਂ ਈ.ਸੀ.ਜੀ. ਟੈਸਟ ਦਾ ਪ੍ਰਬੰਧ ਵੀ ਕੀਤਾ ਜਾਵੇਗਾ ਅਤੇ ਭਾਈ ਘਨ੍ਹੱਈਆ ਜੀ ਕਲੀਨਿਕ ਤੋਂ ਡਾਕਟਰ ਲਵਪ੍ਰੀਤ ਸਿੰਘ ਵੱਲੋਂ ਖ਼ੂਨਦਾਨ ਕੈਂਪ ਵੀ ਲਗਾਇਆ ਜਾਵੇਗਾ।ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਤੇ ਗਰਮੀ ਦੇ ਮੌਸਮ ਨੂੰ ਮੁੱਖ ਰੱਖਦਿਆਂ ਠੰਢੇ-ਮਿੱਠੇ ਜਲ ਦੀ ਸੇਵਾ ਕੀਤੀ ਜਾਵੇਗੀ।

# ਪੈਨਸ਼ਨਰਾਂ ਵੱਲੋਂ ਸੰਸਦੀ ਚੋਣਾਂ ਦੌਰਾਨ ਮੰਗਾਂ ਨਾ ਮੰਨਣ ਲਈ ਕੇਂਦਰ ਤੇ ਪੰਜਾਬ ਸਰਕਾਰ ਦੀ ਆਲੋਚਨਾ

**ਮੋਗਾ (ਇਕਬਾਲ ਸਿੰਘ ਖਹਿਰਾ)**

ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਸ਼ਹਿਰੀ ਤੇ ਦਿਹਾਤੀ ਯੂਨਿਟ ਦੇ ਪੈਨਸ਼ਨਰਾਂ ਦੀ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਪੈਨਸ਼ਨਰ ਯੂਨੀਅਨ ਦੇ ਸੀਨੀਅਰ ਆਗੂ ਸਵਰਨਜੀਤ ਨਾਹਰ ਤੇ ਦਿਆਲ ਸਿੰਘ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪਾਵਰਕੌਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਸਕੱਤਰ ਗੁਰਮੇਲ ਸਿੰਘ ਨਾਹਰ ਵੱਲੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਗਈ।

ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਪੈਨਸ਼ਨਰਜ਼ ਯੂਨੀਅਨ ਦੇ ਨੁਮਾਇੰਦਿਆਂ ਦਿਆਲ ਸਿੰਘ, ਗੁਰਮੇਲ ਸਿੰਘ ਨਾਹਰ, ਜੋਗਿੰਦਰ ਸਿੰਘ, ਸਵਰਨ ਜੀਤ ਸਿੰਘ ਆਦਿ ਨੇ ਕਿਹਾ ਕਿ ਮੁਲਾਜ਼ਮਾਂ, ਪੈਨਸ਼ਨਰਾਂ ਤੇ ਸਮਾਜ ਦੇ ਹੋਰ ਵਰਗਾਂ ਦੀਆਂ ਹੱਕੀ ਮੰਗਾਂ ਨੂੰ ਪੂਰਾ ਕੀਤਾ ਜਾਵੇਗਾ। ਕੇਂਦਰ ਸਰਕਾਰ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਲਗਾਤਾਰ ਮੰਗਾਂ ਨੂੰ ਸੰਸਦੀ/ਲੋਕ ਸਭਾ ਚੋਣਾਂ ਵਿੱਚ ਅਣਗੌਲਿਆ ਕਰਨ ਦਾ ਖ਼ਮਿਆਜ਼ਾ ਭੁਗਤਣਾ ਪਿਆ ਹੈ। ਬੁਲਾਰਿਆਂ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਟਰਾਂਸਕੋ ਮੈਨੇਜਮੈਂਟ, ਮੁਲਾਜ਼ਮ ਵਰਗ ਤੇ ਪੰਜਾਬ ਦੇ ਮੋਹਤਬਰ ਵਰਗ ਵੱਲੋਂ ਆਪਣੀਆਂ ਹੱਕੀ ਮੰਗਾਂ ਪੂਰੀਆਂ ਨਾ ਕਰਨ 'ਤੇ ਪੰਜਾਬ ਸਰਕਾਰ ਨੂੰ ਵੋਟਾਂ ਨਾ ਪਾਉਣ ਦਾ ਸਖ਼ਤ ਵਿਰੋਧ ਕੀਤਾ। ਕੇਂਦਰ ਸਰਕਾਰ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਲਗਾਤਾਰ ਮੰਗਾਂ ਨੂੰ ਸੰਸਦੀ/ਲੋਕ ਸਭਾ ਚੋਣਾਂ ਵਿੱਚ ਅਣਗੌਲਿਆ ਕਰਨ ਦਾ ਖ਼ਮਿਆਜ਼ਾ ਭੁਗਤਣਾ ਪਿਆ ਹੈ ਅਤੇ ਪਾਰਟੀਆਂ ਦੇ ਸੀਨੀਅਰ ਆਗੂਆਂ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਕਾਰਨ ਕਿਸੇ ਵੀ ਗੱਠਜੋੜ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ। ਜੇਕਰ ਹਾਕਮ ਸਰਕਾਰਾਂ ਸਮਾਜ ਦੇ ਹਰ ਵਰਗ ਦੀਆਂ ਲੋੜਾਂ ਪ੍ਰਤੀ ਗੰਭੀਰ ਹੁੰਦੀਆਂ ਤਾਂ ਸ਼ਾਇਦ ਇਹ ਸਮਾਂ ਨਾ ਦੇਖਣਾ ਪੈਂਦਾ। ਅਜੇ ਵੀ ਸਮਾਂ ਹੈ ਕਿ ਜੇਕਰ ਸਰਕਾਰਾਂ ਸਾਰੇ ਵਰਗਾਂ ਦੀਆਂ ਹੱਕੀ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਤੇ ਲਾਗੂ ਕਰਨ ਤਾਂ ਆਉਣ ਵਾਲੇ ਸਮੇਂ ਵਿੱਚ ਅਜਿਹਾ ਮਾੜਾ ਸਮਾਂ ਨਹੀਂ ਦੇਖਣ ਨੂੰ ਮਿਲੇਗਾ। ਇਨ੍ਹਾਂ ਤੋਂ ਇਲਾਵਾ ਹੋਰ ਮੰਗਾਂ ਦਾ ਬਿਨਾਂ ਦੇਰੀ ਨਿਪਟਾਰਾ ਕੀਤਾ ਜਾਵੇ। ਇਸ ਮੌਕੇ ਦਿਆਲ ਸਿੰਘ ਕੈਲਾ, ਗੁਰਮੇਲ ਸਿੰਘ ਨਾਹਰ, ਜੋਗਿੰਦਰ ਸਿੰਘ, ਸਵਰਨਜੀਤ ਸਿੰਘ ਨਾਹਰ, ਗੁਰਨਾਮ ਸਿੰਘ, ਗੁਰਸੇਵਕ ਸਿੰਘ, ਸ਼ਿੰਦਰ ਸਿੰਘ, ਹਰਬੰਸ ਸਿੰਘ, ਰਣਜੀਤ ਸਿੰਘ, ਤ੍ਰਿਲੋਕ ਸਿੰਘ, ਪ੍ਰਦੀਪ ਕੁਮਾਰ, ਬਿੱਕਰ ਸਿੰਘ, ਬਲਦੇਵ ਸਿੰਘ, ਜਸਬੀਰ ਸਿੰਘ, ਗੁਰਨਾਮ ਸਿੰਘ, ਗਿੰਦਰ ਸਿੰਘ, ਮਲਕੀਤ ਸਿੰਘ, ਹਰਭਜਨ ਸਿੰਘ, ਇੰਦਰਜੀਤ ਸਿੰਘ, ਅਸ਼ੋਕ ਕੁਮਾਰ, ਰਾਮ ਪ੍ਰਕਾਸ਼, ਅੰਮ੍ਰਿਤ ਲਾਲ, ਕਰਮ ਸਿੰਘ, ਗੁਰਮੀਤ ਸਿੰਘ, ਕਪੂਰ ਸਿੰਘ, ਮਨਜਿੰਦਰ ਸਿੰਘ, ਜਗਦੀਸ਼ ਸਿੰਘ, ਹਰ ਬਿਲਾਸ, ਗੁਰਮੇਲ ਸਿੰਘ, ਗੁਰਪ੍ਰੀਤ ਸਿੰਘ, ਬੂਟਾ ਸਿੰਘ, ਸੁਖਦੇਵ ਸਿੰਘ, ਜਗਜੀਤ ਸਿੰਘ, ਗੁਰਦੇਵ ਸਿੰਘ, ਮਹਿੰਦਰ ਸਿੰਘ, ਜਸਬੀਰ ਸਿੰਘ, ਬਲਕਾਰ ਸਿੰਘ, ਗੰਗਾ ਸਿੰਘ, ਅੰਗਰੇਜ਼ ਸਿੰਘ, ਸਵਰਨ ਸਿੰਘ, ਪਿਆਰਾ ਸਿੰਘ, ਜਗਜੀਤ ਸਿੰਘ, ਭਜਨ ਸਿੰਘ, ਰਣਜੀਤ ਸਿੰਘ ਮਨਜਿੰਦਰ ਸਿੰਘ, ਬਲਦੇਵ ਸਿੰਘ, ਦਰਬਾਰਾ ਸਿੰਘ ਡਾਲਾ, ਗੁਰਦੇਵ ਸਿੰਘ, ਬਲਕਾਰ ਸਿੰਘ, ਮੁਖਤਿਆਰ ਸਿੰਘ, ਅਜਮੇਰ ਸਿੰਘ, ਮਦਨ ਲਾਲ, ਜਸਵਿੰਦਰ ਸਿੰਘ, ਜੋਗਿੰਦਰ ਸਿੰਘ, ਹਰਮੇਲ ਸਿੰਘ, ਬਲਦੇਵ ਸਿੰਘ, ਸਵਰਨ ਸਿੰਘ, ਜਗਸੀਰ ਸਿੰਘ ਮਲਕੀਤ ਸਿੰਘ ਜ਼ੈਲ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



ਮੋਗਾ ਵਿਖੇ ਪੈਨਸ਼ਨਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਗੁਰਮੇਲ ਸਿੰਘ ਨਾਹਰ।

# ਪਤਨੀ ਤੋਂ ਤੰਗ ਆ ਕੇ ਕੀਤੀ ਖੁਦਕੁਸ਼ੀ

**ਬਰੇਟਾ (ਰੀਤਵਾਲ)**

ਇੱਕ ਵਿਅਕਤੀ ਵੱਲੋਂ ਆਪਣੀ ਪਤਨੀ ਤੋਂ ਪ੍ਰੇਸ਼ਾਨ ਹੋ ਕੇ ਖੁਦਕੁਸ਼ੀ ਕਰਨ ਦਾ ਸਮਾਚਾਰ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਪਾਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਬਲਕਾਰ ਸਿੰਘ (36) ਵਾਸੀ ਬਹਾਦਰਪੁਰ ਦਾ ਅੱਜ ਤੋਂ ਕਰੀਬ ਚਾਰ ਸਾਲ ਪਹਿਲਾਂ ਅਮਰਜੀਤ ਕੌਰ ਜ਼ਿਲ੍ਹਾ ਸੰਗਰੂਰ ਨਾਲ ਵਿਆਹ ਹੋਇਆ ਸੀ।

ਉਨ੍ਹਾ ਕਿਹਾ ਕਿ ਬਲਕਾਰ ਸਿੰਘ ਦੀ ਪਤਨੀ ਪਿਛਲੇ ਇੱਕ ਮਹੀਨੇ ਤੋਂ ਚੰਡੀਗੜ੍ਹ ਵਿਖੇ ਕੰਮਕਾਜ ਦੀ ਭਾਲ ਵਿੱਚ ਗਈ ਹੋਈ ਸੀ, ਜਿਸ ਨੂੰ ਹਰ ਰੋਜ਼ ਬਲਕਾਰ ਸਿੰਘ ਘਰ ਵਾਪਸ ਆਉਣ ਲਈ ਫੋਨ 'ਤੇ ਕਹਿੰਦਾ ਹੁੰਦਾ ਸੀ, ਪਰ ਉਸ ਦੀ ਪਤਨੀ ਵੱਲੋਂ ਉਸ ਨੂੰ ਟਾਲ ਮਟੋਲ ਕਰਕੇ ਫੋਨ ਕੱਟ ਦਿੱਤਾ ਜਾਦਾ ਸੀ।

ਇਸ ਪ੍ਰੇਸ਼ਾਨੀ ਦੇ ਚਲਦਿਆਂ ਬੀਤੇ ਦਿਨ ਬਲਕਾਰ ਸਿੰਘ ਨੇ ਆਪਣੇ ਘਰ ਦੀ ਰਸੋਈ ਵਿੱਚ ਗਲਫਾਹਾ ਲੈ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਦੂਜੇ ਪਾਸੇ ਬਰੇਟਾ ਪੁਲਸ ਵੱਲੋਂ ਮ੍ਰਿਤਕ ਦੀ ਮਾਤਾ ਦੇ ਬਿਆਨਾਂ ਦੇ ਆਧਾਰ 'ਤੇ ਅਮਰਜੀਤ ਕੌਰ ਖਿਲਾਫ ਮੁਕੱਦਮਾ ਨੰਬਰ 66 ਧਾਰਾ 306 ਦੇ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

# ਕਿਸਾਨੀ ਤੇ ਪੰਥ ਦਾ ਭਰੋਸਾ ਹਾਸਲ ਕਰਨ ਲਈ ਪਾਰਟੀ ਨੂੰ ਵੱਡੇ ਫੈਸਲੇ ਲੈਣ ਦੀ ਲੋੜ : ਇਆਲੀ

## ਝੂੰਦਾ ਕਮੇਟੀ ਦੀ ਰਿਪੋਰਟ ਲਾਗੂ ਹੋਣ ਤੱਕ ਪਾਰਟੀ ਗਤੀਵਿਧੀਆਂ ਤੋਂ ਦੂਰ ਰਹਿਣ ਦਾ ਫੈਸਲਾ



**ਸਮਰਾਲਾ (ਸੁਰਜੀਤ ਸਿੰਘ)**-ਲਗਾਤਾਰ ਚੋਣਾਂ ਵਿੱਚ ਹਾਰ ਦਾ ਸਾਹਮਣਾ ਕਰ ਰਿਹਾ ਸ਼੍ਰੋਮਣੀ ਅਕਾਲੀ ਦਲ ਅਜੇ ਲੋਕ ਸਭਾ ਚੋਣਾਂ ਦੀ ਕਰਾਰੀ ਹਾਰ ਦੇ ਸੰਤਾਪ ਤੋਂ ਬਾਹਰ ਵੀ ਨਹੀਂ ਸੀ ਆਇਆ ਕਿ ਉਨ੍ਹਾਂ ਦੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਝੂੰਦਾ ਕਮੇਟੀ ਦੀ ਰਿਪੋਰਟ ਲਾਗੂ ਹੋਣ ਤੱਕ ਪਾਰਟੀ ਗਤੀਵਿਧੀਆਂ ਤੋਂ ਆਪਣੇ ਆਪ ਨੂੰ ਵੱਖ ਕਰਕੇ ਪਾਰਟੀ ਲਈ ਇੱਕ ਨਵੀਂ ਮੁਸੀਬਤ ਖੜੀ ਕਰ ਦਿੱਤੀ ਹੈ। ਉਨ੍ਹਾਂ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਥ ਤੇ ਪੰਜਾਬ ਦੀ ਸਿਰਮੌਰ ਜਥੇਬੰਦੀ ਹੈ, ਜਿਸ ਦਾ ਇਤਿਹਾਸ ਬੇਹੱਦ ਸ਼ਾਨਾਮੱਤਾ ਰਿਹਾ ਹੈ, ਪ੍ਰੰਤੂ ਪਿਛਲੇ ਕੁਝ ਸਮੇਂ ਤੋਂ ਪਾਰਟੀ ਆਗੂਆਂ ਵੱਲੋਂ ਲਏ ਫੈਸਲਿਆਂ ਕਾਰਨ ਅਕਾਲੀ ਦਲ ਵਿੱਚ ਵੱਡੀ ਪੱਧਰ 'ਤੇ ਸਿਧਾਂਤਕ ਗਿਰਾਵਟ ਆਈ ਹੈ, ਜਿਸ ਕਾਰਨ 2017 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਲੈ ਕੇ ਮੌਜੂਦਾ ਲੋਕ ਸਭਾ ਚੋਣਾਂ ਵਿੱਚ ਜ਼ਿਆਦਾਤਰ ਹਲਕਿਆਂ ਅੰਦਰ ਉਮੀਦਵਾਰਾਂ ਨੂੰ ਜਮਾਨਤਾਂ ਜਬਤ ਵਰਗੀ ਸਥਿਤੀ ਦਾ ਸਾਹਮਣਾ ਕਰਨਾ ਪਿਆ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਦਾਖਾ ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਅੱਜ ਵਿਸ਼ੇਸ਼ ਮਿਲਣੀ ਦੌਰਾਨ ਕੀਤਾ।ਉਨ੍ਹਾ ਕਿਹਾ ਕਿ ਸੂਬੇ ਅੰਦਰ ਲਗਾਤਾਰ 10 ਸਾਲ ਦੇ ਰਾਜ ਤੋਂ ਬਾਅਦ ਪਾਰਟੀ ਲੋਕ ਭਾਵਨਾਵਾਂ ਦੇ ਉਲਟ ਲਗਾਤਾਰ ਗਲਤ ਫੈਸਲੇ ਲੈਂਦੀ ਰਹੀ ਤੇ ਰਾਸ਼ਟਰਪਤੀ ਦੀ ਚੋਣ ਸਮੇਂ ਵੀ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਦੇ ਹੱਕ ਵਿੱਚ ਖੜ ਕੇ ਪਾਰਟੀ ਵੱਲੋਂ ਗਲਤ ਫੈਸਲਾ ਲਿਆ ਗਿਆ, ਜਿਸ ਦਾ ਮੇਰੇ ਵੱਲੋਂ ਕਿਸਾਨਾਂ ਤੇ ਸਿੱਖ ਕੌਮ ਦੀਆਂ ਭਾਵਨਾਵਾਂ ਅਨੁਸਾਰ ਚੋਣ ਦਾ ਬਾਈਕਾਟ ਕਰਕੇ ਸਖਤ ਵਿਰੋਧ ਵੀ ਦਰਜ ਕਰਵਾਇਆ ਗਿਆ।

ਵਿਧਾਇਕ ਇਆਲੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਦੋ ਮਜ਼ਬੂਤ ਪੱਖ ਪੰਥ ਤੇ ਕਿਸਾਨੀ ਰਹੇ ਹਨ ਅਤੇ ਜਦੋਂ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨੀ ਸੰਘਰਸ਼ ਸ਼ੁਰੂ ਹੋਇਆ ਤਾਂ ਉਸ ਵੇਲੇ ਵੀ ਪਾਰਟੀ ਕਿਸਾਨੀ ਮੁੱਦੇ 'ਤੇ ਸਹੀ ਸਮੇਂ 'ਤੇ ਫੈਸਲਾ ਨਹੀਂ ਲੈ ਸਕੀ।ਉਨ੍ਹਾ ਕਿਹਾ ਕਿ ਝੂੰਦਾ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਨਾ ਕਰਨ ਦੇ ਵਿਰੋਧ ਵਿੱਚ ਪਿਛਲੇ ਦੋ ਸਾਲ ਤੋਂ ਪਾਰਟੀ ਦੀਆਂ ਗਤੀਵਿਧੀਆਂ ਤੋਂ ਦੂਰ ਸੀ, ਪ੍ਰੰਤੂ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦਾ ਵਫ਼ਾਦਾਰ ਸਿਪਾਹੀ ਹੋਣ ਦੇ ਨਾਤੇ ਪੂਰੀ ਮਿਹਨਤ ਨਾਲ ਅਕਾਲੀ ਉਮੀਦਵਾਰ ਨੂੰ ਜਿਤਾਉਣ ਲਈ ਕੰਮ ਕੀਤਾ, ਪ੍ਰੰਤੂ ਨਤੀਜੇ ਸਭ ਦੇ ਸਾਹਮਣੇ ਰਹੇ।ਵਿਧਾਇਕ ਇਆਲੀ ਨੇ ਕਿਹਾ ਕਿ ਪੰਜਾਬ ਅੰਦਰ ਹਮੇਸ਼ਾ ਪੰਥਕ ਸੋਚ ਮਜ਼ਬੂਤ ਰਹੀ ਹੈ ਤੇ ਪਾਰਟੀ ਮੌਜੂਦਾ ਸਮੇਂ ਪੰਜਾਬ ਅੰਦਰ ਚੱਲ ਰਹੀ ਪੰਥਕ ਸੋਚ ਨੂੰ ਵੀ ਪਛਾਨਣ ਵਿੱਚ ਅਸਫਲ ਰਹੀ, ਜਿਸ ਦਾ ਖਮਿਆਜ਼ਾ ਪਾਰਟੀ ਨੂੰ ਭੁਗਤਨਾ ਪਿਆ।ਇਆਲੀ ਨੇ ਕਿਹਾ ਕਿ ਪਾਰਟੀ ਅੰਦਰ ਆਏ ਇਸ ਨਿਘਾਰ ਦਾ ਮੰਥਨ ਕਰਨ ਲਈ 2022 ਵਿੱਚ ਬਣਾਈ ਝੂੰਦਾਂ ਕਮੇਟੀ ਵੱਲੋਂ ਤਿਆਰ ਕੀਤੀ ਰਿਪੋਰਟ ਲਾਗੂ ਨਾ ਹੋਣ ਸਬੰਧੀ ਪਾਰਟੀ ਪ੍ਰਧਾਨ ਨਾਲ ਕਈ ਵਾਰ ਮਿਲ ਕੇ ਰਿਪੋਰਟ ਲਾਗੂ ਕਰਨ ਦੀ ਮੰਗ ਕੀਤੀ ਕਿ ਲੀਡਰਸ਼ਿਪ ਆਪਣੇ ਨਿੱਜੀ ਹਿੱਤ ਤਿਆਗ ਕੇ ਪਾਰਟੀ ਦੇ ਭਲੇ ਲਈ ਕੰਮ ਕਰੇ।ਉਨ੍ਹਾ ਕਿਹਾ ਕਿ ਉਹ ਹਮੇਸ਼ਾ ਪਾਰਟੀ ਦੇ ਵਫਾਦਾਰ ਸਿਪਾਹੀ ਰਹੇ ਹਨ, ਪ੍ਰੰਤੂ ਝੂੰਦਾ ਕਮੇਟੀ ਦੀ ਰਿਪੋਰਟ ਲਾਗੂ ਹੋਣ ਤੱਕ ਪਾਰਟੀ ਦੀਆਂ ਗਤੀਵਿਧੀਆਂ ਤੋਂ ਦੂਰ ਰਹਿਣਗੇ।ਇਆਲੀ ਨੇ ਕਿਹਾ ਕਿ ਕਿਸਾਨੀ, ਪੰਥ ਤੇ ਪੰਜਾਬੀਆਂ ਦਾ ਭਰੋਸਾ ਹਾਸਲ ਕਰਨ ਲਈ ਅੱਜ ਪਾਰਟੀ ਨੂੰ ਵੱਡੇ ਫੈਸਲੇ ਲੈਣ ਦੀ ਲੋੜ ਹੈ, ਤਾਂ ਜੋ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕੀਤਾ ਜਾ ਸਕੇ।

# ਟੀਕਾਕਰਨ ਗਤੀਵਿਧੀਆਂ ਹੋਰ ਮਜ਼ਬੂਤੀ ਤੇ ਨਿਯਮਤ ਤੌਰ 'ਤੇ ਚਲਾਈਆਂ ਜਾਣ : ਸਿਵਲ ਸਰਜਨ

## ਡਾ. ਚੰਦਰ ਸ਼ੇਖਰ ਵੱਲੋਂ ਅਧਿਕਾਰੀਆਂ ਤੇ ਏ ਐੱਨ ਐੱਮ ਨਾਲ ਮੀਟਿੰਗ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਵਿਲ ਸਰਜਨ ਡਾਕਟਰ ਚੰਦਰ ਸ਼ੇਖਰ ਵੱਲੋਂ ਮੀਜ਼ਲ ਤੇ ਰੁਬੇਲਾ ਅਤੇ ਬੱਚਿਆਂ ਦੇ ਟੀਕਾਕਰਨ ਦੇ ਸਬੰਧ ਵਿੱਚ ਸਿਹਤ ਵਿਭਾਗ ਦੇ ਅਧਿਕਾਰੀਆਂ ਤੇ ਜ਼ਿਲ੍ਹੇ ਦੇ ਵੱਖ ਵੱਖ ਏ ਐੱਨ ਐੱਮ ਨਾਲ ਮੀਟਿੰਗ ਕੀਤੀ ਗਈ।ਉਨ੍ਹਾ ਕਿਹਾ ਕਿ ਬਿਮਾਰੀ ਦੇ ਖਾਤਮੇ ਲਈ ਨਿਰਧਾਰਤ ਟੀਚਿਆਂ ਦੀ ਪ੍ਰਾਪਤੀ ਲਈ ਟੀਕਾਕਰਨ ਮੁਹਿੰਮ ਨੂੰ ਹੋਰ ਅਸਰਦਾਰ ਕਰਨ ਬਾਰੇ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਡਬਲਯੂ.ਐੱਚ.ਓ. ਤੋਂ ਸਰਵੀਲੈਂਸ ਮੈਡੀਕਲ ਅਫਸਰ ਡਾ. ਮੇਘਾ ਪ੍ਰਕਾਸ਼ ਤੇ ਕਾਰਜਕਾਰੀ ਜ਼ਿਲ੍ਹਾ ਅਫਸਰ ਡਾਕਟਰ ਏਰਿਕ ਹਾਜ਼ਰ ਸਨ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾ ਕਿਹਾ ਕਿ ਮੀਜਲ ਤੇ ਰੁਬੇਲਾ ਦੇ ਟੀਕਾਕਰਨ ਤੋਂ ਵਾਂਝੇ ਬੱਚਿਆਂ ਦੀ ਪਹਿਚਾਣ ਕਰਕੇ ਉਨ੍ਹਾਂ ਦਾ ਟੀਕਾਕਰਨ ਜ਼ਰੂਰ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਬੱਚਿਆਂ ਦੇ ਟੀਕਾਕਰਨ ਵਿੱਚ ਲੋਕਾਂ ਦਾ ਵਿਸ਼ਵਾਸ ਬਣਿਆ ਹੈ, ਜਿੱਥੇ ਪ੍ਰਵਾਸੀ ਵਸੋਂ ਦਾ ਆਉਣਾ-ਜਾਣਾ ਰਹਿੰਦਾ ਹੈ ਉਸ ਖਿੱਤੇ ਵਿੱਚ ਟੀਕਾਕਰਨ ਗਤੀਵਿਧੀਆਂ ਹੋਰ ਮਜ਼ਬੂਤੀ ਨਾਲ ਤੇ ਨਿਯਮਤ ਤੌਰ 'ਤੇ ਚਲਾਈਆਂ ਜਾਣ।ਉਨ੍ਹਾਂ ਕਿਹਾ ਕਿ ਟੀਕਾਕਰਨ ਦੀ ਮੀਟਿੰਗ ਕਰਨ ਦਾ ਮੰਤਵ ਇਹ ਹੈ ਕਿ ਘੱਟ ਡਾਟਾ ਵਾਲੇ ਸੈਂਟਰ ਵਿੱਚ ਮੁਸ਼ਕਲਾਂ ਨੂੰ ਹੱਲ ਕੀਤਾ ਜਾਵੇ ਤੇ ਹਾਈ ਰਿਸਕ ਗਰਭਵਤੀ ਔਰਤਾਂ ਦੀ ਸਮੇਂ ਸਿਰ ਡਾਕਟਰ ਜਾਂਚ ਕਰਵਾਈ ਜਾਵੇ। ਡਬਲਯੂ.ਐੱਚ.ਓ. ਤੋਂ ਸਰਵੀਲੈਂਸ ਮੈਡੀਕਲ ਅਫਸਰ ਡਾ. ਮੇਘਾ ਪ੍ਰਕਾਸ਼ ਨੇ ਦੱਸਿਆ ਕਿ ਇਹ ਵੈਕਸੀਨੇਸ਼ਨ 9 ਮਹੀਨੇ ਤੋਂ ਲੈ ਕੇ 5 ਸਾਲ ਦੇ ਸਾਰੇ ਬੱਚਿਆਂ ਨੂੰ ਲਗਾਉਣੀ ਬਹੁਤ ਜ਼ਰੂਰੀ ਹੈ।ਉਨ੍ਹਾ ਦੱਸਿਆ ਕਿ ਮੀਜਲ ਰੁਬੇਲਾ (ਖਸਰਾ/ਛੋਟੀ ਮਾਤਾ) ਵਾਇਰਸ ਨਾਲ ਹੋਣ ਵਾਲਾ ਇਕ ਰੋਗ ਹੈ ਤੇ ਬੁਖਾਰ ਨਾਲ ਸਰੀਰ 'ਤੇ ਦਾਣੇ ਪੈਣੇ ਇਸ ਦਾ ਮੁੱਖ ਲੱਛਣ ਹੈ।ਇਸ ਤੋਂ ਬਚਾਅ ਲਈ 9 ਤੇ 18 ਮਹੀਨੇ ਦੀ ਉਮਰ ਵਿੱਚ ਕ੍ਰਮਵਾਰ ਦੋ ਟੀਕੇ ਲਗਵਾਏ ਜਾਣੇ ਚਾਹੀਦੇ ਹਨ, ਪਰ ਜੇਕਰ ਕਿਸੇ ਵਿਸ਼ੇਸ਼ ਹਾਲਤ ਵਿਚ ਇਹ ਟੀਕੇ ਨਹੀਂ ਲੱਗੇ ਤਾਂ ਵੱਧ ਤੋਂ ਵੱਧ 5 ਸਾਲ ਦੀ ਉਮਰ ਵਿੱਚ ਲਗਾਏ ਜਾ ਸਕਦੇ ਹਨ।ਉਨ੍ਹਾਂ ਨਵੇਂ ਉਲੀਕੇ ਗਏ ਯੂ-ਵੀਨ ਪੋਰਟਲ ਸਬੰਧੀ ਵੀ ਜਾਣਕਾਰੀ ਸਾਂਝੀ ਕੀਤੀ, ਜਿਸ ਵਿੱਚ ਟੀਕਾਕਰਨ ਮੁਹਿੰਮ ਦਾ ਰਿਕਾਰਡ ਆਨਲਾਈਨ ਪੋਰਟਲ 'ਤੇ ਰੱਖਿਆ ਗਿਆ, ਜਿਸ ਨਾਲ ਪਾਰਦਰਸ਼ਤਾ ਵਿੱਚ ਹੋਰ ਵਾਧਾ ਹੋਵੇਗਾ ਤੇ ਰਿਕਾਰਡ ਦੇ ਰੱਖ-ਰਖਾਵ ਨੂੰ ਹੋਰ ਮਜ਼ਬੂਤੀ ਮਿਲੇਗੀ।ਇਸ ਮੁਹਿੰਮ ਅਧੀਨ ਵੱਖ-ਵੱਖ ਸਬੰਧਤ ਵਿਭਾਗਾਂ ਨੂੰ ਸ਼ਮੂਲੀਅਤ ਕੀਤਾ ਜਾਵੇਗਾ।ਇਸ ਮੌਕੇ ਕਾਰਜਕਾਰੀ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਐਰਿਕ, ਮਾਸ ਮੀਡੀਆ ਤੋਂ ਦਿਵੇਸ਼ ਕੁਮਾਰ, ਹਰਮੀਤ ਸਿੰਘ, ਸ਼ਵੇਤਾ ਨਾਗਪਾਲ ਹਾਜ਼ਰ ਸਨ।

# ਸਿਵਲ ਸਰਜਨ ਨੇ ਸੀਨੀਅਰ ਮੈਡੀਕਲ ਅਫਸਰਾਂ ਨਾਲ ਕੀਤੀ ਮੀਟਿੰਗ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਨੇ ਜ਼ਿਲ੍ਹੇ ਅੰਦਰ ਸਿਹਤ ਵਿਭਾਗ ਵੱਲੋਂ ਮਈ ਮਹੀਨੇ ਦੌਰਾਨ ਆਮ ਲੋਕਾਂ ਨੂੰ ਦਿੱਤੀਆਂ ਗਈਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲੈਣ ਲਈ ਜ਼ਿਲ੍ਹੇ ਦੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨਾਲ ਮਹੀਨਾਵਾਰੀ ਮੀਟਿੰਗ ਕੀਤੀ।ਇਸ ਮੀਟਿੰਗ ਵਿੱਚ ਡਾ. ਦਵਿੰਦਰਜੀਤ ਕੌਰ ਨੇ ਸਿਹਤ ਪ੍ਰੋਗਰਾਮਾਂ ਨੂੰ ਜ਼ਿਲ੍ਹੇ ਅੰਦਰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਸੂਬਾ ਪੱਧਰ ਤੋਂ ਮਿਲੀਆਂ ਨਵੀਆਂ ਗਾਈਡਲਾਈਨਾਂ ਬਾਰੇ ਅਧਿਕਾਰੀਆਂ ਨੂੰ ਜਾਣੂ ਕਰਵਾਇਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਿਵਲ ਸਰਜਨ ਨੇ ਕਿਹਾ ਕਿ ਸਿਹਤ ਸੰਸਥਾਵਾਂ ਵਿੱਚ ਆਉਣ ਵਾਲੇ ਮਰੀਜ਼ਾਂ ਦਾ ਇਲਾਜ ਇਮਾਨਦਾਰੀ, ਤਨਦੇਹੀ ਨਾਲ ਕੀਤਾ ਜਾਵੇ, ਦਵਾਈਆਂ ਹਸਪਤਾਲ ਦੇ ਅੰਦਰੋਂ ਹੀ ਦਿੱਤੀਆਂ ਜਾਣ ਤੇ ਲੋੜੀਂਦੇ ਲੈਬਾਰਟਰੀ ਟੈਸਟ ਵੀ ਮੁਫ਼ਤ ਕੀਤੇ ਜਾਣ।ਉਨ੍ਹਾਂ ਆਪੋ ਆਪਣੀ ਸਿਹਤ ਸੰਸਥਾ ਈ.ਡੀ.ਐੱਲ. ਤੇ ਨਾਨ ਈ.ਡੀ.ਐੱਲ. ਦਵਾਈਆਂ ਦੀਆਂ ਲਿਸਟਾਂ ਪੇਸ਼ ਕਰਨ ਲਈ ਕਿਹਾ।ਉਨ੍ਹਾਂ ਕਿਹਾ ਕਿ ਆਪੋ ਆਪਣੀ ਸੰਸਥਾ ਵਿੱਚ ਲੋੜੀਂਦੀ ਮਿਕਦਾਰ ਵਿੱਚ ਲੋੜੀਂਦੀਆਂ ਦਵਾਈਆਂ ਦੀ ਉਪਲੱਬਧਤਾ ਯਕੀਨੀ ਬਣਾਈ ਜਾਵੇ।ਉਨ੍ਹਾਂ ਕਿਹਾ ਕਿ ਆਪੋ ਆਪਣੀ ਸੰਸਥਾ ਦੇ ਨਿਰਧਾਰਤ ਟੀਚੇ ਪੂਰੇ ਕਰਨੇ ਯਕੀਨੀ ਬਣਾਏ ਜਾਣ, ਗਰਭਵਤੀ ਔਰਤਾਂ ਦਾ ਅਲਟਰਾਸਾਊਂਡ ਜੇ.ਐੱਸ.ਐੱਸ.ਕੇ. ਸਕੀਮ ਅਧੀਨ ਸਰਕਾਰੀ ਤੇ ਇੰਪੈਨਲਡ ਹਸਪਤਾਲਾਂ ਤੋਂ ਹੀ ਕਰਵਾਇਆ ਜਾਵੇ, ਹਸਪਤਾਲਾਂ ਵਿੱਚ ਇਲਾਜ ਕਰਾਉਣ ਲਈ ਆਏ ਮਰੀਜ਼ਾਂ ਤੇ ਆਮ ਲੋਕਾਂ ਦੀ ਵਿਸ਼ੇਸ਼ ਕੈਂਪ ਲਗਾ ਕੇ ਆਭਾ ਆਈ ਡੀ ਜਨਰੇਟ ਕਰਨੀ ਯਕੀਨੀ ਬਣਾਈ ਜਾਵੇ।ਗਰਭਵਤੀ ਔਰਤਾਂ ਤੇ ਬੱਚਿਆਂ ਦਾ ਟੀਕਾਕਰਨ ਸੌ ਫੀਸਦੀ ਕਰਨਾ ਤੇ ਇਨ੍ਹਾਂ ਨੂੰ ਯੂ ਵਿਨ ਪੋਰਟਲ ਤੇ ਆਨਲਾਈਨ ਕਰਨਾ ਵੀ ਯਕੀਨੀ ਬਣਾਇਆ ਜਾਵੇ।ਉਨ੍ਹਾਂ ਸਮੂਹ ਐੱਸ ਐੱਮ ਓ ਨੂੰ ਹਦਾਇਤ ਕਰਦਿਆਂ ਕਿਹਾ ਕਿ ਆਪੋ ਆਪਣੀ ਸੰਸਥਾ ਵਿੱਚ ਕੰਡਮ ਸਾਮਾਨ ਦੀਆਂ ਲਿਸਟਾਂ ਤੁਰੰਤ ਮੁਹੱਈਆ ਕਰਵਾਈਆਂ ਜਾਣ ਤਾਂ ਕਿ ਉਨ੍ਹਾਂ ਨੂੰ ਰਾਈਟ ਆਫ ਕਰਨ ਲਈ ਉਪਰਾਲੇ ਕੀਤੇ ਜਾ ਸਕਣ।

ਉਨ੍ਹਾਂ ਸਮੂਹ ਸਿਹਤ ਸੰਸਥਾਵਾਂ ਦੀਆਂ ਮਹੀਨਾ ਬਾਰੀ ਰਿਪੋਰਟਾਂ ਤੁਰੰਤ ਜ਼ਿਲ੍ਹਾ ਪੱਧਰ 'ਤੇ ਭੇਜਣ ਦੀ ਹਦਾਇਤ ਵੀ ਕੀਤੀ।ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸਵਪਨਜੀਤ ਕੌਰ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਰਿਤਾ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਰਾਜੇਸ਼ ਕੁਮਾਰ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਜਸਵਿੰਦਰ ਕੌਰ, ਡੀ ਪੀ ਐੱਮ ਡਾ. ਕਸੀਤਿਜ ਸੀਮਾ ਤੋਂ ਇਲਾਵਾ ਜ਼ਿਲ੍ਹੇ ਦੇ ਸਮੂਹ ਸੀਨੀਅਰ ਮੈਡੀਕਲ ਅਫਸਰ ਹਾਜ਼ਰ ਸਨ।



ਐੱਸ ਐੱਮ ਓਜ਼ ਨਾਲ ਮੀਟਿੰਗ ਕਰਦੇ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ।

## ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਘੱਲੂਘਾਰਾ ਦਿਵਸ ਮੌਕੇ ਰੋਸ ਪ੍ਰਦਰਸ਼ਨ



ਤਹਿਸੀਲਦਾਰ ਪਾਤੜਾਂ ਨੂੰ ਮੰਗ ਪੱਤਰ ਸੌਂਪਦੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬਲਾਕ ਪਾਤੜਾਂ ਵੱਲੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਤੇ ਘੱਲੂਘਾਰਾ ਦਿਵਸ ਦੇ ਸਬੰਧ ਵਿੱਚ ਸਬ ਡਵੀਜ਼ਨ ਕੰਪਲੈਕਸ ਵਿਖੇ ਵਿਸ਼ਾਲ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ।ਇਸ ਦੌਰਾਨ ਇਕੱਤਰ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਦੰਗਿਆਂ ਦੇ ਦੋਸ਼ੀਆਂ ਨੂੰ ਢੁੱਕਵੀਆਂ ਸਜ਼ਾਵਾਂ ਨਾ ਦੇਣ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਕਿਸਾਨ ਜਥੇਬੰਦੀਆਂ ਵੱਲੋਂ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਤਹਿਸੀਲਦਾਰ ਪਾਤੜਾਂ ਹਰਮਨ ਸਿੰਘ ਨੂੰ ਸੌਂਪਿਆ ਗਿਆ।

ਰੋਸ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ ਨੇ ਕਿਹਾ ਕਿ ਉਸ ਵਕਤ ਦੀ ਕੇਂਦਰੀ ਹਕੂਮਤ ਨੇ ਸਿੱਖਾਂ ਦੇ ਪਵਿੱਤਰ ਧਾਰਮਿਕ ਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਫੌਜ ਭੇਜ ਕੇ ਬੱਜਰ ਗੁਨਾਹ ਕੀਤਾ ਗਿਆ ਸੀ, ਜਿਸ ਤੋਂ ਗੁੱਸੇ ਵਿੱਚ ਆਏ ਉਨ੍ਹਾਂ ਦੇ ਅੰਗ ਰੱਖਿਅਕਾਂ ਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਕਰ ਦਿੱਤੀ ਸੀ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੇ ਕਤਲ ਮਗਰੋਂ ਆਮ ਲੋਕਾਂ ਨੂੰ ਕੇਂਦਰੀ ਹਕੂਮਤ ਦੇ ਕਰਿੰਦੇ ਮੰਤਰੀਆਂ ਤੇ ਸੰਤਰੀਆਂ ਨੇ ਸੋਚੀ ਸਮਝੀ ਸਾਜ਼ਿਸ਼ ਤਹਿਤ ਵਹਿਸ਼ੀਆਨਾ ਢੰਗ ਨਾਲ ਹਜ਼ਾਰਾਂ ਲੋਕਾਂ ਨੂੰ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਮੌਤ ਦੇ ਘਾਟ ਉਤਾਰਿਆ, ਪਰ ਵੱਡੇ ਸਬੂਤਾਂ ਦੇ ਬਾਵਜੂਦ ਕਿਸੇ ਵੀ ਕਾਤਲ ਨੂੰ ਢੁੱਕਵੀਂ ਸਜ਼ਾ ਨਹੀਂ ਮਿਲੀ।ਉਨ੍ਹਾਂ ਮੰਗ ਕੀਤੀ ਕਿ ਦਹਾਕੇ ਬੀਤ ਜਾਣ ਦੇ ਬਾਵਜੂਦ ਵੀ ਦਿੱਲੀ ਦੰਗਿਆਂ ਦੇ ਪ੍ਰਭਾਵਿਤ ਪੀੜਤ ਆਪਣੇ ਦਿਲਾਂ ਵਿੱਚ ਸਹਿਮ ਲੈ ਕੇ ਜੀ ਰਹੇ ਹਨ।ਰੋਸ ਪ੍ਰਦਰਸ਼ਨ ਦੌਰਾਨ ਕਿਸਾਨ ਆਗੂਆਂ ਨੇ ਦੰਗਿਆਂ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੀ ਮੰਗ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਥੇਬੰਦੀ ਦੇ ਜ਼ਿਲ੍ਹਾ ਆਗੂ ਹਰਭਜਨ ਸਿੰਘ ਧੂਹੜ, ਕਿਸਾਨ ਵਿੰਗ ਦੀ ਜ਼ਿਲਾ ਆਗੂ ਬੀਬੀ ਚਰਨਜੀਤ ਕੌਰ ਧੂੜੀਆਂ, ਬਲਾਕ ਪ੍ਰਧਾਨ ਸੁਖਦੇਵ ਸਿੰਘ ਹਰਿਆਊ, ਕਿਸਾਨ ਆਗੂ ਸਾਹਿਬ ਸਿੰਘ ਦੁਤਾਲ, ਲਾਭ ਸਿੰਘ ਦੁਗਾਲ ਤੇ ਰਘਵੀਰ ਸਿੰਘ ਨਿਆਲ ਆਦਿ ਹਾਜ਼ਰ ਸਨ।

## ਆਡੀ ਕਾਰ ਅੱਗ ਲੱਗਣ ਕਾਰਨ ਸੜ ਕੇ ਸੁਆਹ

### ਕਾਰ 'ਚ ਸਵਾਰ ਨੌਜਵਾਨ ਵਾਲ ਵਾਲ ਬਚੇ



**ਲਹਿਰਾਗਾਗਾ (ਗੋਇਲ)**-ਸਥਾਨਕ ਸ਼ਹਿਰ ਤੋਂ ਸੂਲਰਘਰਾਟ ਨਦਾਮਪੁਰ ਨੂੰ ਜਾਂਦੀ ਨਵੀਂ ਸੜਕ ਉੱਤੇ ਸੰਗਤੀਵਾਲਾ ਪਿੰਡ ਕੋਲੇ ਇੱਕ ਆਡੀ ਕਾਰ ਅੱਗ ਲੱਗ ਜਾਣ ਕਾਰਨ ਸੁਆਹ ਹੋ ਗਈ, ਪ੍ਰੰਤੂ ਗਨੀਮਤ ਇਹ ਰਹੀ ਕਿ ਇਸ ਕਾਰ ਵਿੱਚ ਸਵਾਰ ਦੋਵੇਂ ਨੌਜਵਾਨਾਂ ਨੂੰ ਸਮੇਂ ਸਿਰ ਪਤਾ ਲੱਗਣ ਕਾਰਨ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ। ਮੌਕੇ ਉੱਤੇ ਜਾਣਕਾਰੀ ਪ੍ਰਾਪਤ ਕਰਨ ਸਮੇਂ ਆਡੀ ਕਾਰ ਦੇ ਮਾਲਕ ਬਲਕਾਰ ਸਿੰਘ ਨੇ ਦੱਸਿਆ ਕਿ ਕਾਰ ਵਿੱਚ ਮੈਂ ਤੇ ਮਨਦੀਪ ਸਿੰਘ ਸੀ। ਅਸੀਂ ਸੰਗਰੂਰ ਤੋਂ ਲਹਿਰਾਗਾਗਾ ਵੱਲ ਨੂੰ ਆ ਰਹੇ ਸੀ। ਜਦੋਂ ਸਾਡੀ ਗੱਡੀ ਲਹਿਰਾਗਾਗਾ ਨੇੜੇ ਪਿੰਡ ਸੰਗਤੀਵਾਲਾ ਕੋਲ ਪਹੁੰਚੀ ਤਾਂ ਗੱਡੀ ਨੂੰ ਅਚਾਨਕ ਭਿਆਨਕ ਅੱਗ ਲੱਗ ਗਈ। ਅੱਗ ਲੱਗਣ ਉਪਰੰਤ ਜਦੋਂ ਤੁਰੰਤ ਅਸੀਂ ਗੱਡੀ ਤੋਂ ਬਾਹਰ ਆ ਗਏ, ਦੇਖਦੇ ਹੀ ਦੇਖਦੇ ਕਾਰ ਦੀ ਰਾਖ ਬਣ ਗਈ।

ਇਸ ਸਬੰਧੀ ਤੁਰੰਤ ਮੌਕੇ ਉੱਤੇ ਪਹੁੰਚੀ ਥਾਣਾ ਸਦਰ ਲਹਿਰਾ ਪੁਲਸ ਨੇ ਦੱਸਿਆ ਕਿ ਜਿਸ ਗੱਡੀ ਨੂੰ ਅੱਗ ਲੱਗੀ ਹੈ, ਇਸ ਵਿੱਚ ਦੋ ਵਿਅਕਤੀ ਬਲਕਾਰ ਸਿੰਘ ਤੇ ਮਨਦੀਪ ਸਿੰਘ ਵਾਸੀ ਭਟਾਲ ਕਲਾਂ ਸਵਾਰ ਸਨ, ਜਿਨਾਂ ਦਾ ਬਚਾਅ ਹੋ ਗਿਆ। ਕੁਝ ਸਮੇਂ ਬਾਅਦ ਫਾਇਰ ਬ੍ਰਿਗੇਡ ਨੇ ਆ ਕੇ ਹੀ ਅੱਗ ਉੱਤੇ ਕਾਬੂ ਪਾਇਆ।

## ਦੋ ਧਿਰਾਂ ਦੀ ਲੜਾਈ 'ਚ ਇੱਕ ਦੀ ਮੌਤ, 10 ਖਿਲਾਫ਼ ਪਰਚਾ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇੱਥੋਂ ਨੇੜਲੇ ਪਿੰਡ ਤੇ ਸਰਹਿੰਦ ਨਹਿਰ ਕਿਨਾਰੇ ਵਸੇ ਜਲਾਹ ਮਾਜਰਾ ਵਿਖੇ ਘਰ ਨੇੜੇ ਬੱਸ ਖੜੀ ਕਰਨ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਹੋਈ ਬਹਿਸਬਾਜ਼ੀ ਤੋਂ ਬਾਅਦ ਟਕਰਾਅ ਐਨਾ ਵਧ ਗਿਆ ਕਿ ਉਹ ਖ਼ੂਨੀ ਰੂਪ ਧਾਰਨ ਕਰ ਗਿਆ, ਜਿਸ ਵਿੱਚ ਜ਼ਖ਼ਮੀ ਹੋਏ ਇੱਕ ਬਜ਼ੁਰਗ ਵਿਅਕਤੀ ਦਿਲਬਾਗ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਗਈ, ਜਿਸ 'ਤੇ ਸਥਾਨਕ ਪੁਲਸ ਨੇ 6 ਵਿਅਕਤੀਆਂ ਤੇ 4 ਔਰਤਾਂ ਸਮੇਤ ਕੁੱਲ 10 ਜਣਿਆਂ, ਜਿਨ੍ਹਾਂ 'ਚ ਬਹਾਦਰ ਸਿੰਘ, ਕੁਲਵੰਤ ਸਿੰਘ, ਅੰਮ੍ਰਿਤ ਸਿੰਘ, ਕੁਲਵਿੰਦਰ ਸਿੰਘ, ਸੁਖਚੈਨ ਸਿੰਘ, ਗਗਨਦੀਪ ਸਿੰਘ ਉਰਫ਼ ਬਿੱਲਾ, ਗੁਰਪ੍ਰੀਤ ਕੌਰ, ਚੰਦਰਜੀਤ ਕੌਰ, ਪਰਮਜੀਤ ਕੌਰ ਤੇ ਮਨਜੀਤ ਕੌਰ, ਜੋ ਆਪਸ ਵਿੱਚ ਪਰਿਵਾਰਕ ਮੈਂਬਰ ਹਨ, ਖਿਲਾਫ਼ ਧਾਰਾ-302 ਤਹਿਤ ਮਾਮਲਾ ਦਰਜ ਕਰ ਲਿਆ ਹੈ। ਪਿੰਡ ਜਲਾਹ ਮਾਜਰਾ ਵਿਖੇ ਖ਼ੂਨੀ ਲੜਾਈ ਦੀ ਘਟਨਾ 1 ਜੂਨ ਦੀ ਦੱਸੀ ਜਾ ਰਹੀ ਹੈ, ਜਿਸ ਵਿੱਚ ਪੁਲਸ ਨੇ ਪਹਿਲਾਂ ਇੱਕ ਧਿਰ, ਜਿਸ 'ਚ ਬਿਆਨ ਲਿਖਾਉਣ ਵਾਲੇ ਕੁਲਵਿੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਪਿਤਾ ਬਹਾਦਰ ਸਿੰਘ ਬੱਸ ਦੀ ਡਰਾਇਵਰੀ ਕਰਦਾ ਹੈ ਤੇ ਲੋਕ ਸਭਾ ਚੋਣਾਂ ਦੌਰਾਨ ਡਿਊਟੀ ਲੱਗੀ ਹੋਣ ਕਾਰਨ ਬੱਸ ਜਦੋਂ ਰੋਜ਼ਾਨਾ ਦੀ ਤਰ੍ਹਾਂ 9.30 ਵਜੇ ਘਰ ਦੇ ਬਾਹਰ ਖੜੀ ਕੀਤੀ ਤਾਂ ਦੂਜੀ ਧਿਰ ਦੇ ਗੁਰਿੰਦਰ ਸਿੰਘ, ਦਿਲਬਾਗ ਸਿੰਘ, ਜਸਵਿੰਦਰ ਸਿੰਘ, ਪ੍ਰਦੀਪ ਸਿੰਘ, ਖੁਸ਼ਵੀਰ ਸਿੰਘ, ਜਸਕਰਨ ਸਿੰਘ, ਅੰਮ੍ਰਿਤਪਾਲ ਸਿੰਘ, ਰਾਜਵੀਰ ਕੌਰ, ਗੁਰਸ਼ਰਨ ਸਿੰਘ ਤੇ ਹੋਰ ਅਣਪਛਾਤੇ ਵਿਅਕਤੀਆਂ ਨੇ ਆਪਸ ਵਿੱਚ ਮਿਲੀਭੁਗਤ ਕਰ ਮੇਰੇ ਤੇ ਮੇਰੇ ਪਿਤਾ ਨਾਲ ਗਾਲੀ-ਗਲੋਚ ਕਰਦਿਆਂ ਜਾਨੋਂ-ਮਾਰਨ ਦੀਆਂ ਧਮਕੀਆਂ ਦਿੱਤੀਆਂ। ਇਨ੍ਹਾਂ ਵਿਅਕਤੀਆਂ ਕੋਲ ਗੰਡਾਸੇ ਤੇ ਤੇਜ਼ਧਾਰ ਹਥਿਆਰ ਸਨ, ਜਿਨ੍ਹਾਂ ਨੇ ਸਾਡੀ ਕੁੱਟਮਾਰ ਕੀਤੀ ਤੇ ਬਾਅਦ ਵਿੱਚ ਆਪਣੇ ਹੋਰ ਸਾਥੀਆਂ ਨੂੰ ਵੀ ਬੁਲਾ ਲਿਆ। ਜਦੋਂ ਇਸ ਲੜਾਈ ਦੌਰਾਨ ਸਾਨੂੰ ਬਚਾਉਣ ਲਈ ਮੇਰਾ ਚਾਚਾ ਕੁਲਵੰਤ ਸਿੰਘ ਤੇ ਅੰਮ੍ਰਿਤ ਸਿੰਘ ਆਏ ਤਾਂ ਉਨ੍ਹਾਂ ਨਾਲ ਵੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਜੋ ਕਿ ਲੜਾਈ 'ਚ ਗੰਭੀਰ ਜ਼ਖ਼ਮੀ ਹੋ ਗਏ। ਉਕਤ ਸਾਰੇ ਵਿਅਕਤੀਆਂ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ। ਮਾਛੀਵਾੜਾ ਪੁਲਸ ਨੇ ਇਸ ਸ਼ਿਕਾਇਤ ਦੇ ਅਧਾਰ 'ਤੇ ਇੱਕ ਧਿਰ ਦੇ 18 ਵਿਅਕਤੀਆਂ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ।

ਇਸ ਖ਼ੂਨੀ ਲੜਾਈ ਵਿੱਚ ਦੂਜੀ ਧਿਰ ਦੇ ਵਿਅਕਤੀ ਵੀ ਜ਼ਖ਼ਮੀ ਹੋਏ ਤੇ ਮਾਛੀਵਾੜਾ ਪੁਲਸ ਨੇ ਇਸ ਸਬੰਧੀ ਜਸਕਰਨ ਸਿੰਘ ਦੇ ਬਿਆਨ ਦਰਜ ਕੀਤੇ ਕਿ 1 ਜੂਨ ਨੂੰ ਕਰੀਬ 9.30 ਵਜੇ ਬੱਸ ਖੜੀ ਕਰਨ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ, ਜਿਸ ਵਿੱਚ ਬਹਾਦਰ ਸਿੰਘ, ਕੁਲਵੰਤ ਸਿੰਘ, ਅੰਮ੍ਰਿਤ ਸਿੰਘ, ਕੁਲਵਿੰਦਰ ਸਿੰਘ, ਦਿਲਬਾਗ ਸਿੰਘ, ਗੁਰਿੰਦਰ ਸਿੰਘ ਇਕੱਠੇ ਹੋ ਕੇ ਗਾਲੀ-ਗਲੋਚ ਕਰ ਬੱਸ ਨਾ ਹਟਾਉਣ ਬਾਰੇ ਕਹਿ ਰਹੇ ਸਨ। ਇਸ ਦੌਰਾਨ ਅੰਮ੍ਰਿਤ ਸਿੰਘ ਨੇ ਸਾਡੇ 'ਤੇ ਰਾਡ ਨਾਲ ਹਮਲਾ ਕਰ ਦਿੱਤਾ। ਫਿਰ ਅੰਮ੍ਰਿਤ ਸਿੰਘ ਤੇ ਉਸ ਦੇ ਸਾਥੀ ਕੁਲਵਿੰਦਰ ਸਿੰਘ, ਗਗਨਦੀਪ ਸਿੰਘ ਕੁਝ ਮਿੰਟਾਂ ਬਾਅਦ ਕਾਰ ਲੈ ਕੇ ਆਏ, ਜਿਨ੍ਹਾਂ ਨੇ ਆਉਂਦੇ ਸਾਰ ਮਾਰ ਦੇਣ ਦੀ ਨੀਅਤ ਨਾਲ ਦਿਲਬਾਗ ਸਿੰਘ ਉੱਪਰ ਚੜ੍ਹਾ ਦਿੱਤੀ, ਜਿਸ ਕਾਰਨ ਉਸ ਦੇ ਸੱਟਾਂ ਲੱਗੀਆਂ ਅਤੇ ਉਸ ਦੇ ਹੋਰ ਸਾਥੀਆਂ ਨੇ ਉਸ 'ਤੇ ਹਮਲਾ ਵੀ ਕੀਤਾ। ਇਸ ਖ਼ੂਨੀ ਲੜਾਈ ਵਿੱਚ ਉਨ੍ਹਾਂ ਦੇ ਵਿਅਕਤੀ ਵੀ ਜ਼ਖ਼ਮੀ ਹੋਏ। ਦਿਲਬਾਗ ਸਿੰਘ ਨੂੰ ਇਲਾਜ ਲਈ ਪੀਜੀਆਈ ਲਿਆਂਦਾ ਗਿਆ, ਜਿੱਥੇ ਉਹ ਦਮ ਤੋੜ ਗਿਆ। ਪੁਲਸ ਵੱਲੋਂ ਇਸ ਮਾਮਲੇ ਵਿੱਚ 10 ਵਿਅਕਤੀਆਂ ਖਿਲਾਫ਼ ਕਤਲ ਦਾ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਥਾਣਾ ਮੁਖੀ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਇਸ ਸਬੰਧੀ ਦੋਵਾਂ ਧਿਰਾਂ 'ਤੇ ਮਾਮਲੇ ਦਰਜ ਕਰ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਤੀਜੇ ਘੱਲੂਘਾਰੇ ਦੀ ਯਾਦ 'ਚ ਸਮਾਗਮ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜੂਨ 1984 ਦੇ ਤੀਜੇ ਘੱਲੂਘਾਰੇ ਦੀ 40 ਸਾਲਾ ਯਾਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵੱਲੋਂ ਸਮੂਹਕ ਪਾਠ ਤੇ ਕੀਰਤਨ ਸਮਾਗਮ ਕੀਤਾ ਗਿਆ।ਸਮਾਗਮ ਵਿੱਚ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਸੰਗਤੀ ਰੂਪ ਵਿੱਚ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ।ਸਮਾਗਮ ਵਿੱਚ ਵਿਚਾਰ ਚਰਚਾ ਦੌਰਾਨ ਭਾਰਤੀ ਸੱਤਾ ਵੱਲੋਂ ਕੀਤੇ ਫੌਜੀ ਹਮਲੇ ਦੇ ਵੱਖੋ-ਵੱਖਰੇ ਪੱਖਾਂ ਦੀ ਗੱਲ ਕੀਤੀ ਗਈ।ਵਾਈਸ-ਚਾਂਸਲਰ ਪ੍ਰੋਫੈਸਰ ਪ੍ਰਿਤਪਾਲ ਪਾਲ ਸਿੰਘ ਨੇ ਕਿਹਾ ਕਿ ਇਹ ਉਸ ਸਮੇਂ ਦੀ ਸਰਕਾਰ ਦੀ ਇੱਕ ਵੱਡੀ ਗਲਤੀ ਸੀ, ਜਿਸ ਵਿੱਚ ਉਸ ਨੇ ਰੱਬ ਦੇ ਘਰ ਉੱਪਰ ਆਪਣੇ ਦੇਸ਼ ਦੇ ਅੰਦਰ ਹੀ ਫੌਜਾਂ ਚੜ੍ਹਾਈਆਂ।ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਨੇ ਕਿਹਾ ਕਿ ਤੀਜਾ ਘੱਲੂਘਾਰਾ ਹੁਣ ਸਿੱਖ ਇਤਿਹਾਸ ਦਾ ਅਹਿਮ ਮੋੜ ਬਣ ਗਿਆ ਹੈ।ਇਸ ਨੂੰ ਸਿੱਖਾਂ ਵੱਲੋਂ ਚਾਨਣ ਮੁਨਾਰੇ ਵਜੋਂ ਵੇਖਿਆ ਜਾਣ ਲੱਗਾ ਹੈ।ਸਮਾਗਮ ਦੇ ਅਖੀਰ ਵਿੱਚ ਡੀਨ ਵਿਦਿਆਰਥੀ ਭਲਾਈ ਡਾ. ਸਿਕੰਦਰ ਸਿੰਘ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।ਇਸ ਸਮਾਗਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਹਰਦੇਵ ਸਿੰਘ, ਸਿੱਖਿਆ ਵਿਭਾਗ ਦੇ ਇੰਚਾਰਜ ਡਾ. ਹਰਨੀਤ ਬਿਲਿੰਗ ਤੇ ਯੂਨੀਵਰਸਿਟੀ ਦੇ ਹੋਰ ਅਧਿਕਾਰੀ ਸ਼ਾਮਲ ਸਨ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਵੋਟਾਂ 'ਚ ਮਾਨ ਸਰਕਾਰ ਨੂੰ ਦਿਖਾਇਆ ਸ਼ੀਸ਼ਾ : ਦੇਸ ਰਾਜ



**ਜਲਾਲਾਬਾਦ (ਜੀਤ ਕੁਮਾਰ)**-ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੀ ਮੀਟਿੰਗ ਪ੍ਰਧਾਨ ਦੇਸ ਰਾਜ ਗਾਂਧੀ ਦੀ ਪ੍ਰਧਾਨਗੀ ਹੇਠ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਬਲਬੀਰ ਸਿੰਘ ਪੁਆਰ ਨੇ ਬਾਖੂਬੀ ਚਲਾਈ ਤੇ ਸਭ ਤੋਂ ਪਹਿਲਾਂ ਸ਼੍ਰੀਮਤੀ ਅਮਰ ਕੌਰ ਪਤਨੀ ਹਰਦਿਆਲ ਸਿੰਘ ਅਤੇ ਪਾਲਾ ਸਿੰਘ ਡਰਾਇਵਰ ਦੀ ਹੋਈ ਅਚਾਨਕ ਮੌਤ 'ਤੇ ਅਫਸੋਸ ਕਰਦੇ ਹੋਏ ਸ਼ੋਕ ਮਤਾ ਪਾਸ ਕੀਤਾ ਗਿਆ। ਇਸ ਦੇ ਬਾਅਦ ਪੈਨਸ਼ਨਰਜ਼ ਤੇ ਮੁਲਾਜ਼ਮ ਮੰਗਾਂ ਨੂੰ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਬੁਲਾਰਿਆਂ ਨੇ ਲੋਕ ਸਭਾ ਚੋਣਾਂ 'ਤੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਪੰਜਾਬ ਪੱਧਰੀ ਮੁਲਾਜ਼ਮ ਤੇ ਪੈਨਸ਼ਨਰ ਦੇ ਸਾਂਝੇ ਫਰੰਟ ਵੱਲੋਂ ਕੀਤੇ ਗਏ ਫੈਸਲੇ ਨੂੰ ਸਾਰੇ ਸਾਥੀਆਂ ਨੇ ਅਮਲੀ ਰੂਪ ਦਿੰਦੇ ਹੋਏ ਆਮ ਆਦਮੀ ਪਾਰਟੀ ਤੇ ਬੀ.ਜੇ.ਪੀ. ਨੂੰ ਵੋਟਾਂ ਵਿੱਚ ਬੁਰੀ ਤਰ੍ਹਾਂ ਹਾਰ ਦਿੱਤੀ। ਇਸੇ ਤਰ੍ਹਾਂ ਏਕੇ ਦਾ ਸਬੂਤ ਦਿੰਦੇ ਹੋਏ ਆਪਣੀ ਏਕਤਾ ਦੀ ਮਰਿਆਦਾ ਨੂੰ ਪੂਰਾ ਕੀਤਾ ਹੈ। ਅੰਤ ਵਿੱਚ ਦੇਸ਼ ਰਾਜ ਗਾਂਧੀ ਨੇ ਆਏ ਹੋਏ ਪੈਨਸ਼ਨਰਜ਼ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਭਵਿੱਖ ਵਿੱਚ ਪੈਨਸ਼ਨਰਜ਼ ਤੇ ਮੁਲਾਜ਼ਮ ਮੰਗਾਂ ਨੂੰ ਪੂਰਾ ਨਾ ਕੀਤਾ ਗਿਆ ਤਾਂ 5 ਵਿਧਾਨ ਸਭਾ ਹਲਕਿਆਂ ਦੀਆਂ ਹੋਣ ਵਾਲੀਆਂ ਜ਼ਿਮਨੀ ਚੋਣਾਂ ਵਿੱਚ ਵੀ ਡੱਟ ਕੇ ਵਿਰੋਧ ਕੀਤਾ ਜਾਵੇਗਾ ਅਤੇ ਹਰੇਕ ਵਰਗ ਨਾਲ ਕੀਤੀ ਗਈ ਵਾਅਦਾਖਿਲਾਫੀ ਦਾ ਜਵਾਬ ਜਨਤਾ ਦੀ ਕਚਹਿਰੀ ਵਿੱਚ ਲਿਆ ਜਾਵੇਗਾ। ਇਸ ਲਈ ਸਾਡੀ ਮੰਗ ਹੈ ਕਿ ਪੈਨਸ਼ਨਰ ਤੇ ਮੁਲਾਜ਼ਮ ਮੰਗਾਂ ਦਾ ਹੱਲ ਪਹਿਲ ਦੇ ਅਧਾਰ 'ਤੇ ਕੀਤਾ ਜਾਵੇ।

## ਪੇਸ਼ੀ ਭੁਗਤ ਕੇ ਆਏ ਹਵਾਲਾਤੀ ਕੋਲੋਂ ਮੋਬਾਇਲ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਾਜ਼ਿਲਕਾ ਕੋਰਟ ਵਿੱਚ ਪੇਸ਼ੀ ਭੁਗਤ ਕੇ ਆਏ ਹਵਾਲਾਤੀ ਕੋਲੋਂ ਤਲਾਸ਼ੀ ਦੌਰਾਨ ਇੱਕ ਮੋਬਾਇਲ ਫੋਨ ਬਰਾਮਦ ਹੋਇਆ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਉਕਤ ਹਵਾਲਾਤੀ ਖਿਲਾਫ 52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 5833 ਰਾਹੀਂ ਜਸਵੀਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 6 ਜੂਨ 2024 ਨੂੰ ਹਵਾਲਾਤੀ ਬੰਦੀ ਗੁਰਵਿੰਦਰ ਸਿੰਘ ਉਰਫ ਗਿੰਦਰੀ ਪੁੱਤਰ ਮੁਖਤਿਆਰ ਸਿੰਘ ਵਾਸੀ ਟਿਵਾਣਾ ਕਲਾਂ ਥਾਣਾ ਸਿਟੀ ਜਲਾਲਾਬਾਦ, ਜ਼ਿਲ੍ਹਾ ਫਿਰੋਜ਼ਪੁਰ, ਜੋ ਫਾਜ਼ਿਲਕਾ ਕੋਰਟ ਵਿੱਚ ਪੇਸ਼ੀ ਲਈ ਗਿਆ ਸੀ। ਜਦ ਇਹ ਬੰਦੀ ਫਾਜ਼ਿਲਕਾ ਕੋਰਟ ਤੋਂ ਪੇਸ਼ੀ ਭੁਗਤਣ ਤੋਂ ਬਾਅਦ ਵਾਪਸ ਆਇਆ ਤਾਂ ਡਿਊੜੀ ਵਿੱਚ ਰੁਟੀਨ ਦੀ ਚੈਕਿੰਗ ਦੌਰਾਨ ਇਸ ਹਵਾਲਾਤੀ ਬੰਦੀ ਦੀ ਤਲਾਸ਼ੀ ਦੌਰਾਨ 1 ਮੋਬਾਇਲ ਫੋਨ ਕੀਪੈਡ ਸਮੇਤ ਬੈਟਰੀ ਤੇ ਸਿੰਮ ਕਾਰਡ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਜ਼ਿਲ੍ਹਾ ਪੁਲਸ ਵੱਲੋਂ ਬਰਾਮਦ ਨਸ਼ੀਲੇ ਪਦਾਰਥ ਨਸ਼ਟ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਭਾਰੀ ਮਾਤਰਾ ਵਿੱਚ ਵੱਖ ਵੱਖ ਕੇਸਾਂ ਦੌਰਾਨ ਬਰਾਮਦ ਕੀਤੇ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕੀਤਾ ਗਿਆ।ਇਸ ਸਬੰਧੀ ਸਮੇਂ ਸਮੇਂ 'ਤੇ ਮਾਨਯੋਗ ਸੁਪਰੀਮ ਕੋਰਟ ਵੱਲੋਂ ਲੋੜੀਂਦੇ ਦਿਸ਼ਾ ਨਿਰਦੇਸ਼ ਤਹਿਤ ਇੱਕ ਕਮੇਟੀ ਬਣਾਈ ਗਈ ਅਤੇ ਐੱਨ.ਡੀ.ਪੀ.ਐੱਸ. ਐਕਟ ਨਾਲ ਸਬੰਧਤ ਮੁਕੱਦਮਿਆਂ ਦਾ ਮਾਲ ਐਗਰੋ ਐਨਰਜੀ ਲਿਮਿਟਡ ਪਿੰਡ ਸੇਢਾ ਸਿੰਘ ਵਾਲਾ (ਫ਼ਰੀਦਕੋਟ) ਦੇ ਬੋਇਲਰ ਵਿੱਚ ਨਸ਼ਟ ਕੀਤਾ ਗਿਆ ਹੈ।ਇਸ ਕਮੇਟੀ ਦੀ ਅਗਵਾਈ ਭਾਗੀਰਥ ਸਿੰਘ ਮੀਨਾ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਕੀਤੀ ਗਈ, ਮਨਮੀਤ ਸਿੰਘ ਢਿੱਲੋਂ ਐੱਸ ਪੀ (ਡੀ) ਸ੍ਰੀ ਮੁਕਤਸਰ ਸਾਹਿਬ ਤੇ ਸੰਜੀਵ ਕੁਮਾਰ ਡੀ.ਐੱਸ.ਪੀ. (ਡੀ) ਫ਼ਰੀਦਕੋਟ ਦੀ ਕਾਮੇਟੀ ਬਣਾਈ ਗਈ, ਜਿਨ੍ਹਾਂ ਦੀ ਨਿਗਰਾਨੀ ਹੇਠ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਮਾਲ ਮੁਕੱਦਮੇ ਨੂੰ ਨਸ਼ਟ ਕੀਤਾ ਗਿਆ।ਇਸ ਮੌਕੇ ਐੱਸ.ਐੱਸ.ਪੀ. ਨੇ ਜਾਣਕਾਰੀ ਦਿੰਦੇ ਦੱਸਿਆ ਕਿ ਨਸ਼ੇ ਨੂੰ ਖਤਮ ਕਰਨ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾ ਦੱਸਿਆ ਕਿ ਅੱਜ ਕੁੱਲ 64 ਐੱਨ.ਡੀ.ਪੀ.ਐੱਸ. ਐਕਟ ਦੇ ਮੁਕੱਦਮਿਆਂ ਦਾ ਮਾਲ, ਜਿਸ ਵਿੱਚ 382.700 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ, 589.075 ਗ੍ਰਾਮ ਹੈਰੋਇਨ, 8080 ਨਸ਼ੀਲੀਆਂ ਗੋਲੀਆਂ ਤੇ 1065 ਨਸ਼ੀਲੇ ਕੈਪਸੂਲ ਨੂੰ ਨਸ਼ਟ ਕੀਤਾ ਗਿਆ।

## ਅਯਾਨ ਕਾਲਜ ਭੋਗੀਵਾਲ 'ਚ ਵਾਤਾਵਰਣ ਦਿਵਸ ਮਨਾਇਆ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਅਯਾਨ ਕਾਲਜ ਆਫ ਨਰਸਿੰਗ ਭੋਗੀਵਾਲ ਵਿਖੇ ਚੇਅਰਮੈਨ ਸ੍ਰੀ ਗਾਜੀ ਸ਼ੇਖ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਪ੍ਰਿੰਸੀਪਲ ਡਾਕਟਰ ਨਵਜੋਤ ਕੌਰ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਨੂੰ ਸਾਫ ਰੱਖਣ ਅਤੇ ਵੱਧ ਤੋਂ ਵੱਧ ਦਰੱਖਤ ਲਾਉਣ ਲਈ ਪ੍ਰੇਰਿਤ ਕੀਤਾ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾਕਟਰ ਰਾਜਵੰਤ ਕੌਰ ਰੰਧਾਵਾ ਨੇ ਵਿਦਿਆਰਥੀਆਂ ਨੂੰ ਦਰੱਖਤਾਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਕਿਸ ਤਰ੍ਹਾਂ ਸਾਨੂੰ ਦਰਖਤਾਂ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ ਤੇ ਇਸ ਦੇ ਨਾਲ ਸਾਡਾ ਵਾਤਾਵਰਣ ਸਾਫ ਸੁਥਰਾ ਰਹਿੰਦਾ ਹੈ ਤੇ ਦਰੱਖਤ ਸਾਨੂੰ ਛਾਂ ਦਿੰਦੇ ਹਨ। ਪੈਰਾ ਮੈਡੀਕਲ ਦੇ ਪ੍ਰਿੰਸੀਪਲ ਸ਼੍ਰੀਮਤੀ ਜਸਪ੍ਰੀਤ ਕੌਰ ਬਾਜਵਾ ਨੇ ਸੰਸਥਾ 'ਚ ਦਰੱਖਤ ਲਵਾਏ ਅਤੇ ਵਿਦਿਆਰਥੀਆਂ ਨੂੰ ਇਹਨਾਂ ਦੀ ਸਾਂਭ ਸੰਭਾਲ ਬਾਰੇ ਪ੍ਰੇਰਿਤ ਕਰਦਿਆਂ ਕਿਹਾ ਕਿ ਇੱਕ ਰੁੱਖ, ਸੌ ਸੁੱਖ ਦੀ ਕਹਾਵਤ ਵਾਤਾਵਰਣ ਨੂੰ ਬਚਾਉਣ ਲਈ ਪੂਰੀ ਢੁੱਕਦੀ ਹੈ। ਉਨ੍ਹਾਂ ਦੱਸਿਆ ਕਿ ਦੁਨੀਆ ਭਰ ਦੇ ਵਿੱਚ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਵਜੋਂ ਮਨਾਇਆ ਜਾਂਦਾ ਹੈ ਤੇ ਇਸ ਦਿਨ ਨੂੰ ਮਨਾਉਣ ਦਾ ਮੁੱਖ ਮੰਤਵ ਹਰ ਇਕ ਨਾਗਰਿਕ ਨੂੰ ਸਾਫ਼ ਸੁਥਰੇ ਵਾਤਾਵਰਣ ਪ੍ਰਤੀ ਜਾਗਰੂਕ ਕਰਨਾ ਹੈ।

ਉਨ੍ਹਾਂ ਕਿਹਾ ਕਿ ਵਿਅਕਤੀ ਦੀ ਚੰਗੀ ਮਾਨਸਿਕ ਤੇ ਸਰੀਰਕ ਤੰਦਰੁਸਤੀ ਲਈ ਸਾਫ ਸੁਥਰਾ ਵਾਤਾਵਰਨ ਹੋਣਾ ਬਹੁਤ ਲਾਜ਼ਮੀ ਹੈ ਅਤੇ ਇਹ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਵਾਤਾਵਰਨ ਦੀ ਸਾਫ ਸਫਾਈ ਪ੍ਰਤੀ ਵਚਨਬੱਧ ਰਹੀਏ। ਇਸ ਮੌਕੇ ਸੰਸਥਾ ਦੇ ਪ੍ਰਬੰਧਕ ਮੈਡਮ ਪ੍ਰਵੀਨ ਚੌਹਾਨ, ਪਾਲ ਜਿੰਦਰ ਕੌਰ, ਬੇਅੰਤ ਕੌਰ, ਗਗਨਪ੍ਰੀਤ ਕੌਰ, ਸ਼ਬਨਮ, ਸੁਰੀਤਾ, ਬਲਜੀਤ ਕੌਰ, ਆਸਮਾ ਆਦਿ ਹਾਜ਼ਰ ਸਨ।

## ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਨੂੰ ਸਮਰਪਤ ਗੁਰਮਤਿ ਸਮਾਗਮ



**ਨਾਭਾ (ਵਰਿੰਦਰ ਵਰਮਾ)**-ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਨਗਾਰਚੀ ਬਾਬਾ ਅਜਾਪਾਲ ਸਿੰਘ ਜੀ ਦੇ ਤਪ ਅਸਥਾਨ ਗੁਰਦੁਆਰਾ ਘੋੜਿਆਂ ਵਾਲਾ ਸਾਹਿਬ ਨਾਭਾ ਵਿਖੇ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਅਤੇ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦੇ ਸ਼ਹੀਦੀ ਪੁਰਬ ਨੂੰ ਸਮਰਪਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕਰਵਾਏ ਗਏ ਸਨ, ਜਿਨ੍ਹਾਂ ਦੇ ਸੰਪੂਰਨਤਾ ਦੇ ਭੋਗ ਪਾਏ ਗਏ। ਉਪਰੰਤ ਹਜ਼ੂਰੀ ਰਾਗੀ ਜਥਾ ਭਾਈ ਅੰਗਰੇਜ ਸਿੰਘ ਤੇ ਉਨ੍ਹਾਂ ਦੇ ਸਹਿਯੋਗੀ ਜਥੇ ਵੱਲੋਂ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਜਥੇਦਾਰ ਬਲਤੇਜ ਸਿੰਘ ਖੋਖ ਨੇ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਸ਼ਹੀਦਾਂ ਦੀਆਂ ਯਾਦਾਂ ਮਨਾਉਣੀਆਂ ਸਾਡਾ ਨੈਤਿਕ ਫਰਜ਼ ਬਣਦਾ ਹੈ। ਉਪਰੰਤ ਗੁਰੂ ਕੇ ਲੰਗਰ ਵੀ ਅਤੁੱਟ ਵਰਤਾਏ ਗਏ।ਇਸ ਮੌਕੇ ਗੁਰਦੁਆਰਾ ਘੋੜਿਆਂ ਵਾਲਾ ਸਾਹਿਬ ਨਾਭਾ ਦੇ ਮੈਨੇਜਰ ਗੁਰਲਾਲ ਸਿੰਘ ਨਲੀਨੀ, ਭਾਈ ਬਹਾਦਰ ਵੀਰ ਸਿੰਘ ਹੈੱਡ ਗ੍ਰੰਥੀ, ਗੁਰਦਿਆਲ ਇੰਦਰ ਸਿੰਘ ਬਿੱਲੂ, ਐਡਵੋਕੇਟ ਗਿਆਨ ਸਿੰਘ ਮੂੰਗੋ, ਧਰਮ ਸਿੰਘ ਧਾਰੋਂਕੀ, ਗੁਰਚਰਨ ਸਿੰਘ ਘੁਮਰੌਦਾ, ਗੁਰਮੁੱਖ ਸਿੰਘ ਭੋਜੋ ਮਾਜਰੀ, ਸੁਖਪਿੰਦਰ ਸਿੰਘ ਰਿਟਾ: ਐੱਸਡੀਓ, ਸਤਿਗੁਰ ਸਿੰਘ ਨਰਮਾਣਾ, ਤੇਜਿੰਦਰ ਸਿੰਘ ਕਪੂਰ, ਚਰਨਜੀਤ ਸਿੰਘ ਵਿਰਕ, ਕੈਪਟਨ ਹਰਪ੍ਰੀਤ ਸਿੰਘ, ਸੁਖਜੀਤ ਸਿੰਘ ਅਕਾਊਂਟੈਂਟ, ਗਮਦੂਰ ਸਿੰਘ ਰਿਕਾਰਡ ਕੀਪਰ, ਗੁਰਦੀਪ ਸਿੰਘ ਰਿਕਾਰਡ ਕੀਪਰ, ਹਰਜੀਤ ਸਿੰਘ ਪਟਿਆਲਾ, ਕਰਨੈਲ ਸਿੰਘ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਦੀਪ ਇੰਸਟੀਚਿਊਟ ਦਾ ਜੀ ਐੱਨ ਐੱਮ ਭਾਗ ਦੂਜਾ ਦਾ ਨਤੀਜਾ ਸ਼ਾਨਦਾਰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬ ਨਰਸਿੰਗ ਰਜਿਸਟ੍ਰੇਸ਼ਨ ਕੌਂਸਲ ਵੱਲੋਂ ਐਲਾਨੇ ਗਏ ਜੀ. ਐੱਨ. ਐੱਮ. ਭਾਗ ਦੂਜਾ ਦੇ ਨਤੀਜੇ 'ਚੋਂ ਦੀਪ ਇੰਸਟੀਟਿਊਟ ਆਫ਼ ਨਰਸਿੰਗ ਐਂਡ ਮੈਡੀਕਲ ਸਾਇੰਸਜ਼ ਲਹਿਰਾ ਮੁਹੱਬਤ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਨਤੀਜੇ 'ਚੋਂ ਕਿਰਨਦੀਪ ਕੌਰ ਪੁੱਤਰੀ ਕਰਮਜੀਤ ਸਿੰਘ, ਨਵਦੀਪ ਕੌਰ ਪੁੱਤਰੀ ਦੀਪਕ ਕੁਮਾਰ ਤੇ ਯਪਿੰਦਰ ਸ਼ਰਮਾ ਪੁੱਤਰ ਪ੍ਰਸ਼ੋਤਮ ਲਾਲ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਕੇ ਸੰਸਥਾ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਬਾਕੀ ਵਿਦਿਆਰਥੀਆਂ ਨੇ ਵਧੀਆ ਅੰਕਾਂ ਨਾਲ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਮਨਦੀਪ ਸਿੰਘ ਢਿੱਲੋਂ ਤੇ ਪ੍ਰਿੰਸੀਪਲ ਮੈਡਮ ਹਿਨਾ ਗੁਪਤਾ ਨੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਵਧੀਆ ਰਿਜ਼ਲਟ ਲਈ ਵਿਦਿਆਰਥੀਆਂ ਸਮੇਤ ਸਮੂਹ ਸਟਾਫ ਨੂੰ ਵਧਾਈ ਦਿੰਦੇ ਹੋਏ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਸੰਸਥਾ ਵਿੱਚ ਸਾਲ 2023-24 ਲਈ ਦਾਖ਼ਲਾ ਸ਼ੁਰੂ ਹੋਣ ਬਾਰੇ ਜਾਣਕਾਰੀ ਦਿੱਤੀ।

## ਐੱਨ ਆਈ ਏ ਦੀਆਂ ਟੀਮਾਂ ਨੇ ਸਰਹਿੰਦ ਨੇੜੇ ਚਾਰ ਥਾਵਾਂ 'ਤੇ ਦਿੱਤੀ ਦਸਤਕ

### ਇੱਕ ਮਹੰਤ ਸਣੇ 4 ਵਿਅਕਤੀਆਂ ਤੋਂ ਕੀਤੀ ਪੁੱਛਗਿੱਛ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ.ਆਈ.ਏ.) ਦੀਆਂ ਟੀਮਾਂ ਵੱਲੋਂ ਅੱਜ ਤੜਕੇ ਸਰਹਿੰਦ-ਫ਼ਤਹਿਗੜ੍ਹ ਸਾਹਿਬ ਦੇ ਇਲਾਕੇ 'ਚ ਵੱਖ-ਵੱਖ ਥਾਵਾਂ 'ਤੇ ਦਸਤਕ ਦਿੰਦੇ ਹੋਏ ਚਾਰ ਵਿਅਕਤੀਆਂ ਤੋਂ ਪੁੱਛਗਿੱਛ ਕੀਤੇ ਜਾਣ ਦਾ ਸਮਾਚਾਰ ਹੈ।ਐੱਨ.ਆਈ.ਏ. ਦੀਆਂ ਟੀਮਾਂ ਵੱਲੋਂ ਅਚਾਨਕ ਇੱਥੇ ਆ ਕੇ ਵੱਖ-ਵੱਖ ਵਿਅਕਤੀਆਂ ਤੋਂ ਪੁੱਛਗਿੱਛ ਕਿਸ ਸਬੰਧ 'ਚ ਕੀਤੀ ਜਾ ਰਹੀ ਹੈ, ਦਾ ਜਵਾਬ ਐੱਨ.ਆਈ.ਏ. ਦੇ ਕਿਸੇ ਅਧਿਕਾਰੀ ਵੱਲੋਂ ਤਾਂ ਨਹੀਂ ਦਿੱਤਾ ਗਿਆ ਪਰ ਜਦੋਂ ਇਸ ਸਬੰਧੀ ਫ਼ਤਹਿਗੜ੍ਹ ਸਾਹਿਬ ਦੇ ਐੱਸ. ਪੀ. (ਜਾਂਚ) ਰਕੇਸ਼ ਯਾਦਵ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਦੱਸਿਆ ਕਿ ਗੈਂਗਸਟਰਾਂ ਨਾਲ ਜੁੜੇ ਕਿਸੇ ਮਾਮਲੇ ਦੀ ਤਫਤੀਸ਼ ਸਬੰਧੀ ਐੱਨ.ਆਈ.ਏ. ਦੇ ਕੁਝ ਅਧਿਕਾਰੀ ਅੱਜ ਸਵੇਰੇ ਇੱਥੇ ਆਏ ਸਨ, ਜੋ ਕਿ ਕੁਝ ਵਿਅਕਤੀਆਂ ਨੂੰ ਆਪਣੇ ਦਫਤਰ ਵਿਖੇ ਪੇਸ਼ ਹੋਣ ਦੇ ਨੋਟਿਸ ਦੇ ਕੇ ਗਏ ਹਨ।ਸੂਤਰਾਂ ਅਨੁਸਾਰ ਪੰਜ ਗੱਡੀਆਂ 'ਚ ਸਵਾਰ ਹੋ ਕੇ ਆਏ ਐੱਨ.ਆਈ.ਏ. ਦੇ ਅਧਿਕਾਰੀ, ਜਿਨ੍ਹਾਂ ਨਾਲ ਕੁਝ ਪੰਜਾਬ ਪੁਲਸ ਦੇ ਕਰਮਚਾਰੀ ਵੀ ਸਨ, ਅੱਜ ਤੜਕੇ ਕਰੀਬ 3 ਵਜੇ ਪਹਿਲਾਂ ਸਰਹਿੰਦ ਨੇੜਲੇ ਪਿੰਡ ਵਜ਼ੀਰ ਨਗਰ ਵਿਖੇ ਮਹੰਤ ਸੁਰਜੀਤ ਗਿਰੀ ਦੇ ਘਰ ਪਹੁੰਚੇ, ਜਿੱਥੇ ਉਨ੍ਹਾਂ ਵੱਲੋਂ ਫੰਡਿੰਗ ਨੂੰ ਲੈ ਕੇ ਮਹੰਤ ਤੋਂ ਸਵਾਲ ਪੁੱਛੇ ਜਾਂਦੇ ਰਹੇ ਤੇ ਇਸੇ ਦੌਰਾਨ 4 ਗੱਡੀਆਂ ਸਰਹਿੰਦ ਵੱਲ ਨੂੰ ਰਵਾਨਾ ਹੋ ਗਈਆਂ, ਜਿਨ੍ਹਾਂ ਵਿੱਚੋਂ ਇੱਕ ਟੀਮ ਸਰਹਿੰਦ ਸ਼ਹਿਰ ਵਿਖੇ ਮੋਹਿਤ ਨਾਮਕ ਨੌਜਵਾਨ ਦੇ ਘਰ ਪਹੁੰਚੀ, ਜਿੱਥੇ ਕਰੀਬ ਡੇਢ ਘੰਟਾ ਰੁਕੇ ਰਹੇ ਅਧਿਕਾਰੀਆਂ ਵੱਲੋਂ ਉਕਤ ਨੌਜਵਾਨ ਤੋਂ ਉਸ ਦੇ ਸੋਸ਼ਲ ਮੀਡੀਆ ਅਕਾਊਂਟਸ ਸਬੰਧੀ ਪੁੱਛਗਿੱਛ ਕੀਤੀ ਗਈ।ਇਸੇ ਦੌਰਾਨ ਐੱਨ.ਆਈ.ਏ. ਦੀ ਇੱਕ ਟੀਮ ਸਰਹਿੰਦ ਸ਼ਹਿਰ ਵਿਖੇ ਰਹਿ ਰਹੇ ਗੁਰਦੀਪ ਸਿੰਘ ਪਿੰਟੂ ਦੇ ਘਰ ਵੀ ਪਹੁੰਚੀ, ਜਿੱਥੇ ਪਿੰਟੂ ਤੋਂ ਇੱਕ ਸਿਮ ਕਾਰਡ ਸਬੰਧੀ ਸਵਾਲ ਪੁੱਛੇ ਗਏ।ਐੱਨ.ਆਈ.ਏ. ਦੀ ਇੱਕ ਟੀਮ ਸ਼ਿਵ ਠਾਕੁਰ ਨਾਮਕ ਨੌਜਵਾਨ ਦੇ ਘਰ ਪਹੁੰਚੀ ਜਿੱਥੇ ਅਧਿਕਾਰੀਆਂ ਵੱਲੋਂ ਸ਼ਿਵ ਤੋਂ ਉਸ ਦੇ ਬੈਂਕ ਖਾਤੇ 'ਚ ਹੋਈਆਂ ਟ੍ਰਾਂਜੈਕਸ਼ਨਾਂ ਸਬੰਧੀ ਕਈ ਸਵਾਲ ਪੁੱਛੇ ਗਏ।ਸੂਤਰਾਂ ਅਨੁਸਾਰ ਸਿੱਧੂ ਮੂਸੇਵਾਲਾ ਕਤਲ ਕੇਸ 'ਚ ਲੋੜੀਂਦੇ ਗੋਲਡੀ ਬਰਾੜ ਤੇ ਹੋਰ ਕਈ ਨਾਮੀ ਗੈਂਗਸਟਰਾਂ ਵੱਲੋਂ ਵੱਡੇ ਕਾਰੋਬਾਰੀਆਂ ਤੋਂ ਫਿਰੌਤੀਆਂ ਵਸੂਲੇ ਜਾਣ ਦੇ ਕਥਿਤ ਮਾਮਲਿਆਂ ਦੇ ਤਾਰ ਫ਼ਤਹਿਗੜ੍ਹ ਸਾਹਿਬ ਸਣੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਨਾਲ ਜੁੜਦੇ ਦਿਖਾਈ ਦੇ ਰਹੇ ਹਨ, ਜਿਸ ਦੀ ਜਾਂਚ 'ਚ ਜੁਟੀ ਐੱਨ.ਆਈ.ਏ. ਵੱਲੋਂ ਫ਼ਤਹਿਗੜ੍ਹ ਸਾਹਿਬ, ਪਟਿਆਲਾ ਤੇ ਹੁਸ਼ਿਆਰਪੁਰ ਸਣੇ ਪੰਜਾਬ 'ਚ ਵੱਖ-ਵੱਖ ਥਾਈਂ ਛਾਪੇਮਾਰੀਆਂ ਕਰਕੇ ਅਪਰਾਧੀ-ਅੱਤਵਾਦੀ ਗੱਠਜੋੜ ਨੂੰ ਬੇਪਰਦ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

## ਮਾਲਵਾ ਸਾਹਿਤ ਸਭਾ ਵੱਲੋਂ ਸਮਾਗਮ ਭਲਕੇ

**ਬਰਨਾਲਾ (ਰਾਜਿੰਦਰ ਬਰਾੜ)**

ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈ ਟੀ ਆਈ ਹੰਡਿਆਇਆ ਰੋਡ ਬਰਨਾਲਾ ਵਿਖੇ 9 ਜੂਨ ਸਵੇਰੇ 10 ਵਜੇ ਕਰਵਾਇਆ ਜਾ ਰਿਹਾ ਹੈ।

ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਤੇ ਜਨਰਲ ਸਕੱਤਰ ਦਰਸ਼ਨ ਸਿੰਘ ਗੁਰੂ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਪ੍ਰਸਿੱਧ ਨਾਵਲਕਾਰ ਡਾ. ਧਰਮਪਾਲ ਸਾਹਿਲ ਦੇ ਨਾਵਲ ਕਸਕ ਉੱਪਰ ਗੋਸ਼ਟੀ ਕਰਵਾਈ ਜਾਵੇਗੀ, ਜਿਸ ਉੱਪਰ ਡਾ. ਰਾਮਪਾਲ ਸਿੰਘ ਪਰਚਾ ਪੜ੍ਹਨਗੇ। ਬੂਟਾ ਸਿੰਘ ਚੌਹਾਨ, ਨਿਰੰਜਨ ਬੋਹਾ, ਤੇਜਾ ਸਿੰਘ ਤਿਲਕ, ਭੋਲਾ ਸਿੰਘ ਸੰਘੇੜਾ, ਡਾ. ਭੁਪਿੰਦਰ ਸਿੰਘ ਬੇਦੀ ਤੇ ਡਾ. ਅਮਨਦੀਪ ਸਿੰਘ ਟੱਲੇਵਾਲੀਆ ਇਸ ਨਾਵਲ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਉਪਰੰਤ ਪਿਤਾ ਦਿਵਸ ਨੂੰ ਸਮਰਪਤ ਕਵੀ ਦਰਬਾਰ ਹੋਵੇਗਾ।

## ਈ-ਸੰਸਾਧਨਾਂ ਦੇ ਉਪਯੋਗ 'ਚ ਦੇਵ ਸਮਾਜ ਕਾਲਜ ਨੂੰ ਦੇਸ਼-ਭਰ 'ਚੋਂ 10ਵਾਂ ਸਥਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਸਿੱਖਿਆ, ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਅੱਵਲ ਰਹਿਣ ਵਾਲਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਏ ਪਲਸ ਗ੍ਰੇਡ ਪ੍ਰਾਪਤ ਕਾਲਜ ਹੈ।ਇਹ ਸੰਸਥਾ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੀ ਛਤਰ-ਛਾਇਆ ਤੇ ਡਾ. ਅਗਨੀਜ ਢਿੱਲੋਂ ਸੈਕਟਰੀ, ਡਾ. ਸੰਗੀਤਾ ਪ੍ਰਿੰਸੀਪਲ ਦੇ ਉਚਿਤ ਮਾਰਗਦਰਸ਼ਨ ਵਿੱਚ ਲਗਾਤਾਰ ਤਰੱਕੀ ਦੇ ਮਾਰਗ 'ਤੇ ਅਗਰਸਰ ਹੈ।ਇਸ ਲੜੀ ਤਹਿਤ ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਨੇ ਈ-ਸੰਸਾਧਨਾਂ ਦੇ ਉਪਯੋਗ ਵਿੱਚ 10ਵਾਂ ਸਥਾਨ ਪ੍ਰਾਪਤ ਕਰਕੇ ਆਪਣੀ ਕਾਮਯਾਬੀ ਦਾ ਲੋਹਾ ਮਨਵਾਇਆ ਹੈ।ਇਨਫਿਲਬਨੇਟ ਐਨ-ਲਿਸਟ ਪ੍ਰੋਗਰਾਮ ਦੇ ਮਈ ਮਹੀਨੇ ਦੀ ਟਾਪ-10 ਉਪਭੋਗਤਾ ਕਾਲਜਾਂ ਦੀ ਲੜੀ ਵਿੱਚ ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਨੇ ਉੱਤਰ ਭਾਰਤ ਦੇ ਇੱਕਮਾਤਰ ਕਾਲਜ ਵਜੋਂ ਆਪਣਾ ਸਥਾਨ ਬਣਾਇਆ ਹੈ।ਐਨ-ਲਿਸਟ ਦਾ ਸੰਚਾਲਨ ਇਨਫਿਲਬਨੈਟ (ਇਨਫੋਰਮੇਸ਼ਨ ਐਂਡ ਲਾਇਬ੍ਰੇਰੀ ਨੈੱਟਵਰਕ) ਗਾਂਧੀਨਗਰ, ਗੁਜਰਾਤ ਦੁਆਰਾ ਕੀਤਾ ਜਾਂਦਾ ਹੈ ਅਤੇ ਇਹ 6 ਹਜ਼ਾਰ ਤੋਂ ਵੱਧ ਈ-ਜਰਨਲਜ਼ ਅਤੇ 6 ਲੱਖ ਤੋਂ ਵੱਧ ਈ-ਬੁੱਕਸ ਲਈ ਉਪਭੋਗਤਾ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਇਸ ਪ੍ਰੋਗਰਾਮ ਦੇ ਮਾਧਿਅਮ ਨਾਲ ਉਪਭੋਗਤਾ ਦੁਆਰਾ ਵੱਖ-ਵੱਖ ਕਿਸਮਾਂ ਦੀ ਪਾਠ ਸਮੱਗਰੀ ਨੂੰ ਕਾਲਜ ਵਿੱਚ ਪੜ੍ਹਨ ਦੇ ਨਾਲ-ਨਾਲ ਘਰ ਬੈਠ ਕੇ ਵੀ ਪੜ੍ਹਿਆ ਜਾ ਸਕਦਾ ਹੈ।ਵਰਤਮਾਨ ਵਿੱਚ ਦੇਵ ਸਮਾਜ ਕਾਲਜ ਦੇ 120 ਤੋਂ ਵੱਧ ਅਧਿਆਪਕ ਤੇ ਵਿਦਿਆਰਥੀ ਇਸ ਸੁਵਿਧਾ ਦਾ ਉਪਯੋਗ ਕਰ ਰਹੇ ਹਨ। ਕਾਲਜ ਪ੍ਰਿੰਸਪਲ ਡਾ. ਸੰਗੀਤਾ ਨੇ ਸਮੂਹ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਇਸ ਸਫਲਤਾ 'ਤੇ ਵਧਾਈ ਦਿੱਤੀ।ਉਨ੍ਹਾਂ ਨੇ ਐਨ-ਲਿਸਟ ਪ੍ਰੋਗਰਾਮ ਦੇ ਸਫਲਤਾਪੂਰਵਕ ਸੰਚਾਲਨ 'ਤੇ ਕਾਲਜ ਲਾਇਬ੍ਰੇਰੀ ਦੇ ਇੰਚਾਰਜ ਸੰਧਿਆ ਅਵਸਥੀ ਤੇ ਅਲਕਾ ਨੂੰ ਵਧਾਈ ਦਿੱਤੀ।ਇਸ ਮੌਕੇ ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਸਮੂਹ ਸਟਾਫ ਮੈਂਬਰਾਂ ਨੂੰ ਇਸ ਮੌਕੇ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

## 5 ਗ੍ਰਾਮ ਹੈਰੋਇਨ, 2 ਕਿੱਲੋ ਪੋਸਤ ਸਮੇਤ ਔਰਤ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਨੇ ਪਿੰਡ ਮਹਾਲਮ ਵਿਖੇ ਛਾਪੇਮਾਰੀ ਕਰਕੇ 5 ਗ੍ਰਾਮ ਹੈਰੋਇਨ, 2 ਕਿੱਲੋ ਪੋਸਤ ਤੇ 120 ਰੁਪਏ ਨਗਦ ਰਾਸ਼ੀ ਸਣੇ ਇੱਕ ਔਰਤ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਸਤਨਾਮ ਦਾਸ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਦੇ ਹੋਏ ਪਿੰਡ ਮਹਾਲਮ ਵਿਖੇ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪਾਸ਼ੋ ਬਾਈ ਉਰਫ ਪ੍ਰਕਾਸ਼ ਬਾਈ ਹੈਰੋਇਨ ਤੇ ਪੋਸਤ ਵੇਚਣ ਦੀ ਆਦੀ ਹੈ, ਜੇਕਰ ਹੁਣੇ ਉਸ ਦੇ ਘਰ ਦੇ ਗਲੀ ਵਿੱਚ ਰੇਡ ਕੀਤਾ ਜਾਵੇ ਤਾਂ ਪੋਸਤ ਤੇ ਹੈਰੋਇਨ ਬਰਾਮਦ ਹੋ ਸਕਦੀ ਹੈ, ਜਿਸ 'ਤੇ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਪਾਸ਼ੋ ਬਾਈ ਉਰਫ ਪ੍ਰਕਾਸ਼ ਬਾਈ ਨੂੰ 5 ਗ੍ਰਾਮ ਹੈਰੋਇਨ, 2 ਕਿੱਲੋ ਪੋਸਤ ਤੇ 120 ਰੁਪਏ ਨਗਦ ਰਾਸ਼ੀ ਸਮੇਤ ਕਾਬੂ ਕੀਤਾ ਗਿਆ ਹੈ। ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

## ਚੌਥੀ ਵਾਰ ਜਿਤਾਉਣ ਲਈ ਹਰਸਿਮਰਤ ਬਾਦਲ ਨੇ ਸੰਗਤ ਦਾ ਕੀਤਾ ਧੰਨਵਾਦ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)** ਲੋਕ ਸਭਾ ਚੋਣਾਂ ਵਿੱਚ ਸ਼ਾਨਦਾਰ ਜਿੱਤ ਤੋਂ ਬਾਅਦ ਬਠਿੰਡਾ ਲੋਕ ਸਭਾ ਹਲਕਾ ਤੋਂ ਸ਼੍ਰੋਮਣੀ ਅਕਾਲੀ ਦੇ ਉਮੀਦਵਾਰ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਹਲਕਾ ਲੰਬੀ ਦੀ ਸੰਗਤ ਦਾ ਧੰਨਵਾਦ ਕਰਨ ਲਈ ਸਮਾਗਮ ਕਰਵਾਇਆ ਗਿਆ। ਇਸ ਮੌਕੇ ਬੀਬਾ ਹਰਸਿਮਰਤ ਕੌਰ ਬਾਦਲ ਤੇ ਸ੍ਰ. ਸੁਖਬੀਰ ਸਿੰਘ ਬਾਦਲ ਵੱਲੋਂ ਲੰਬੀ ਹਲਕੇ ਦੀ ਸੰਗਤ ਦਾ ਵੱਡੀ ਗਿਣਤੀ ਵਿੱਚ ਵੋਟਾਂ ਨਾਲ ਚੌਥੀ ਵਾਰ ਜਿਤਾਉਣ ਲਈ ਤਹਿਦਿਲੋਂ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਲੰਬੀ ਹਲਕਾ ਉਨ੍ਹਾਂ ਦਾ ਪਰਿਵਾਰ ਹੈ ਤੇ ਉਹ ਆਪਣੇ ਪਰਿਵਾਰ ਦੀ ਸੇਵਾ ਵਿੱਚ ਹਮੇਸ਼ਾ ਤੱਤਪਰ ਰਹਿਣਗੇ। ਉਨ੍ਹਾਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੂੰ ਯਾਦ ਕਰਦਿਆਂ ਕਿਹਾ ਕਿ ਵੋਟਰਾਂ ਦੀ ਉਨ੍ਹਾਂ ਦੀ ਪਾਰਟੀ ਨੂੰ ਦਿੱਤੀ ਇੱਕ-ਇੱਕ ਵੋਟ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤੀ ਗਈ ਸੱਚੀ ਸ਼ਰਧਾਂਜਲੀ ਹੈ, ਜਿਸ ਦਾ ਬਾਦਲ ਪਰਿਵਾਰ ਸਾਰੀ ਉਮਰ ਰਿਣੀ ਰਹੇਗਾ।

## ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਆਨਲਾਈਨ ਰਜਿਸਟ੍ਰੇਸ਼ਨ ਕਰਨ ਦੀ ਅੰਤਿਮ ਮਿਤੀ 31 ਜੁਲਾਈ : ਡੀ ਸੀ

### ਰਾਸ਼ਟਰੀ ਬਾਲ ਪੁਰਸਕਾਰ ਲਈ ਵੈੱਬਸਾਇਟ 'ਤੇ 5 ਤੋਂ 18 ਸਾਲ ਦੇ ਬੱਚੇ ਕਰ ਸਕਦੇ ਹਨ ਅਪਲਾਈ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਆਨਲਾਈਨ ਰਜਿਸਟ੍ਰੇਸ਼ਨ ਕਰਨ ਦੀ ਅੰਤਿਮ ਮਿਤੀ 31 ਜੁਲਾਈ 2024 ਹੈ। ਅਰਜ਼ੀ ਦੇਣ ਦੀ ਅੰਤਿਮ ਮਿਤੀ ਤੱਕ 18 ਸਾਲ ਤੋਂ ਘੱਟ ਉਮਰ ਦੇ ਜਿਹੜੇ ਬੱਚੇ ਭਾਰਤ ਦੇ ਨਾਗਰਿਕ ਹਨ ਤੇ ਜਿਨ੍ਹਾਂ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਗਿਆ ਹੈ, ਉਹ ਬੱਚੇ ਇਸ ਪੁਰਸਕਾਰ ਯੋਜਨਾ ਅਧੀਨ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਵੈੱਬਸਾਇਟ 'ਤੇ ਆਨਲਾਈਨ ਅਪਲਾਈ ਕਰ ਸਕਦੇ ਹਨ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦਿੱਤੀ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਹਰ ਸਾਲ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਬੱਚਿਆਂ ਨੇ ਅਸਾਧਾਰਨ ਬਹਾਦਰੀ ਦਾ ਕੰਮ ਕੀਤਾ ਹੋਵੇ, ਸਪੈਸ਼ਲ ਬੱਚੇ, ਜਿਨ੍ਹਾਂ ਵਿੱਚ ਅਸਧਾਰਨ ਯੋਗਤਾਵਾਂ ਨਾਲ ਵਿਸ਼ੇਸ਼ ਅਸਧਾਰਨ ਉਪਲੱਬਧੀ ਹਾਸਲ ਕੀਤੀ ਹੋਵੇ।ਉਹ ਹੋਣਹਾਰ ਬੱਚੇ ਜਿਨ੍ਹਾਂ ਨੇ ਖੇਡਾਂ, ਸਮਾਜ ਸੇਵਾ, ਵਿਗਿਆਨ ਤੇ ਤਕਨਾਲੋਜੀ, ਵਾਤਾਵਰਣ, ਕਲਾ ਤੇ ਸੱਭਿਆਚਾਰ ਅਤੇ ਨਵੀਨਤਾ ਦੇ ਖੇਤਰਾਂ ਵਿੱਚ ਜੋ ਕਿ ਰਾਸ਼ਟਰੀ ਪੱਧਰ 'ਤੇ ਮਾਨਤਾ ਦੇ ਹੱਕਦਾਰ ਹਨ, ਉਹ ਇਸ ਵੱਕਾਰੀ ਪੁਰਸਕਾਰ ਲਈ ਅਪਲਾਈ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਵੀਰਤਾ ਪੁਰਸਕਾਰ ਲਈ ਚਰਚਿਤ "ਭਾਰਤੀ ਬਾਲ ਕਲਿਆਣ ਪ੍ਰੀਸ਼ਦ" ਨੂੰ ਮਹਿਲਾ ਤੇ ਬਾਲ ਵਿਕਾਸ ਮੰਤਰਾਲਾ ਭਾਰਤ ਸਰਕਾਰ ਵੱਲੋਂ ਕੋਈ ਮਾਨਤਾ ਜਾਂ ਸਹਾਇਤਾ ਨਹੀਂ ਦਿੱਤੀ ਜਾਂਦੀ ਹੈ, ਇਸ ਲਈ "ਭਾਰਤੀ ਬਾਲ ਕਲਿਆਣ ਪ੍ਰੀਸ਼ਦ" ਵੱਲੋਂ ਜਾਰੀ ਕਿਸੇ ਵੀ ਤਰ੍ਹਾਂ ਦੇ ਰਾਸ਼ਟਰੀ ਬਾਲ ਪੁਰਸਕਾਰ ਲਈ ਰਜਿਸਟ੍ਰੇਸ਼ਨ ਨਾ ਕੀਤਾ ਜਾਵੇ।ਸਿਰਫ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਦੀ ਵੈੱਬਸਾਇਟ 'ਤੇ ਆਪਣਾ ਰਜਿਸਟ੍ਰੇਸ਼ਨ ਕਰ ਸਕਦੇ ਹਨ।ਇਸ ਲਈ ਉਨ੍ਹਾਂ ਉਪਰੋਕਤ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਫਿਰੋਜ਼ਪੁਰ ਜ਼ਿਲ੍ਹੇ ਦੇ ਹੋਣਹਾਰ ਬੱਚਿਆਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਅਪਲਾਈ ਕਰਨ ਲਈ ਅਪੀਲ ਕੀਤੀ।ਉਨ੍ਹਾਂ ਦੱਸਿਆ ਕਿ ਪੋਰਟਲ 'ਤੇ ਦੋ ਵਿਕਲਪ ਹਨ ਜਿਵੇਂ ਕਿ ਜਾਂ ਤਾਂ ਬਿਨੈਕਾਰ ਬੱਚਾ ਖੁਦ ਫਾਰਮ ਭਰ ਸਕਦਾ ਹੈ ਜਾਂ ਫ਼ਿਰ ਬੱਚੇ ਦੇ ਮਾਤਾ-ਪਿਤਾ/ਅਧਿਕਾਰੀ/ਅਧਿਆਪਕ ਆਦਿ ਵੀ ਬੱਚੇ ਨੂੰ ਨਾਮਜ਼ਦ ਕਰ ਸਕਦੇ ਹਨ।ਇਸ ਸੰਬੰਧੀ ਵਧੇਰੇ ਜਾਣਕਾਰੀ ਲਈ ਦਫ਼ਤਰ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਫ਼ਿਰੋਜ਼ਪੁਰ ਵਿਖੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਸੰਦੇਸ਼ ਫਾਊਂਡੇਸ਼ਨ ਦੀ ਮੀਟਿੰਗ 'ਚ ਸਮਾਜ ਸੇਵੀ ਪ੍ਰੋਜੈਕਟਾਂ ਬਾਰੇ ਚਰਚਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੰਦੇਸ਼ ਫਾਊਂਡੇਸ਼ਨ ਦੀ ਇੱਕ ਮੀਟਿੰਗ ਕੀਤੀ ਗਈ, ਜਿਸ 'ਚ ਸਮਾਜ ਸੇਵੀ ਪ੍ਰੋਜੈਕਟਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸੰਦੇਸ਼ ਫਾਊਂਡੇਸ਼ਨ ਦੇ ਪ੍ਰਧਾਨ ਅੰਕਿਤ ਸਿੰਗਲਾ, ਸਕੱਤਰ ਸਾਹਿਲ ਸਿੰਗਲਾ, ਕੈਸ਼ੀਅਰ ਨਰਹਰੀ ਭੂਸ਼ਣ ਸੀ.ਏ., ਮੈਂਬਰ ਰੋਹਿਤ ਗਰਗ ਸੀ.ਏ., ਸਿਧਾਰਥ ਸ਼ਰਮਾ, ਸਾਹਿਲ ਸਿੰਗਲਾ, ਮੋਹਿਤ ਮੰਗਲਾ, ਅੰਕੁਰ ਗੁਪਤਾ, ਗੌਰਵ ਮਿੱਤਲ, ਮਹੇਸ਼ ਮੰਗਲਾ, ਸੁਮਿਤ ਬਾਂਸਲ, ਗੌਰਵ ਗੋਇਲ, ਅਨੁਰਾਗ ਸਿੰਗਲਾ ਆਦਿ ਹਾਜ਼ਰ ਸਨ। ਮਧੁਰ ਸਿੰਗਲ, ਅਮਿਤ ਗਰਗ, ਹਰਸ਼ ਸ਼ਰਮਾ, ਅੰਮ੍ਰਿਤ ਗੋਇਲ, ਹਨੀ ਅਗਰਵਾਲ ਆਦਿ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਫਾਊਂਡੇਸ਼ਨ ਦੇ ਅਧਿਕਾਰੀਆਂ ਨੇ ਕਿਹਾ ਕਿ ਲੋੜਵੰਦਾਂ ਦੀ ਸੇਵਾ ਕਰਨ ਤੋਂ ਵਧੀਆ ਹੋਰ ਕੋਈ ਸੇਵਾ ਨਹੀਂ ਹੈ। ਉਨ੍ਹਾ ਕਿਹਾ ਕਿ ਸੰਦੇਸ਼ ਫਾਊਂਡੇਸ਼ਨ, ਜਿੱਥੇ ਡਾਕਟਰੀ ਸੇਵਾਵਾਂ ਨੂੰ ਸਮਰਪਤ ਰਹੇਗੀ ਤੇ ਇਲਾਕਾ ਨਿਵਾਸੀਆਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸਮੇਂ-ਸਮੇਂ ਸਿਰ ਕੰਮ ਕਰੇਗੀ, ਉੱਥੇ ਹੀ ਆਪਣੇ ਸਮਾਜ ਸੇਵਾ ਤੇ ਲੋਕ ਭਲਾਈ ਦੇ ਪ੍ਰੋਜੈਕਟ ਇਸੇ ਤਰ੍ਹਾਂ ਜਾਰੀ ਰੱਖੇਗੀ। ਇਸ ਮੌਕੇ ਅਧਿਕਾਰੀਆਂ ਨੇ ਦੱਸਿਆ ਕਿ ਕਲੱਬ ਵੱਲੋਂ ਮੈਡੀਕਲ ਕੈਂਪ, ਲੋੜਵੰਦਾਂ ਦੀ ਮਦਦ, ਬੂਟੇ ਲਗਾਉਣ, ਖ਼ੂਨਦਾਨ ਕੈਂਪ, ਵਾਟਰ ਕੂਲਰ ਫਿਲਟਰ ਆਰ.ਓ. ਲਗਾਉਣ ਤੋਂ ਇਲਾਵਾ ਸਮਾਜ ਸੇਵਾ ਦੇ ਪ੍ਰੋਜੈਕਟ ਕਲੱਬ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਗਏ ਹਨ ਤੇ ਕਲੱਬ ਵੱਲੋਂ ਸਮਾਜ ਸੇਵਾ ਨੂੰ ਇਸੇ ਤਰ੍ਹਾਂ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ।

## ਸਰਕਾਰੀ ਕਣਕ ਦੀ ਪਰਚੀ ਕੱਟਣ ਤੋਂ ਨਾਂਹ ਕਰਕੇ ਵਿਅਕਤੀ ਦੀ ਕੁੱਟਮਾਰ, 5 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਅਧੀਨ ਆਉਂਦੇ ਪਿੰਡ ਮਾਛੀਵਾੜਾ ਵਿਖੇ ਸਰਕਾਰੀ ਕਣਕ ਦੀ ਪਰਚੀ ਕੱਟਣ ਤੋਂ ਨਾਂਹ ਕਰਕੇ ਇੱਕ ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਪੁਲਸ ਨੇ 5 ਵਿਅਕਤੀਆਂ ਖਿਲਾਫ 341, 323, 148, 149 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਖੜਕ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਮਾਛੀਵਾੜਾ ਨੇ ਦੱਸਿਆ ਕਿ 28 ਮਈ 2024 ਨੂੰ ਸ਼ਾਮ 6 ਵਜੇ ਉਹ ਸਰਕਾਰੀ ਕਣਕ ਦੀ ਪਰਚੀ ਕਟਵਾਉਣ ਲਈ ਗਿਆ, ਜਿੱਥੇ ਬਚਨ ਸਿੰਘ ਲਾਇਨ ਵਿੱਚ ਲੱਗੇ ਬਿਨਾਂ ਪਰਚੀ ਕਟਵਾਉਣ ਲਈ ਅੱਗੇ ਚਲਾ ਗਿਆ, ਜਿਸ ਦਾ ਉਸ ਨੇ ਤੇ ਹੋਰ ਲੋਕਾਂ ਨੇ ਵਿਰੋਧ ਕੀਤਾ। ਖੜਕ ਸਿੰਘ ਨੇ ਦੱਸਿਆ ਕਿ ਜਿਸ 'ਤੇ ਦੋਸ਼ੀਆਨ ਮਹਿਤਾਬ ਸਿੰਘ ਉਰਫ ਭਿੰਦਾ ਪੁੱਤਰ ਨਿਰੰਜਣ ਸਿੰਘ, ਲਖਵਿੰਦਰ ਸਿੰਘ ਉਰਫ ਲੱਖਾ ਪੁੱਤਰ ਨਿਰੰਜਣ ਸਿੰਘ, ਸੁਖਪਾਲ ਸਿੰਘ ਪੁੱਤਰ ਨਿਰੰਜਣ ਸਿੰਘ, ਸੁਖਜਿੰਦਰ ਸਿੰਘ ਉਰਫ ਬੋਹੜਾ ਪੁੱਤਰ ਨਿਰੰਜਣ ਸਿੰਘ ਤੇ ਗੁਰਪ੍ਰੀਤ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਮਾਛੀਵਾੜਾ, ਜੋ ਪਰਚੀਆਂ ਕੱਟ ਰਹੇ ਸਨ, ਜਿਨ੍ਹਾਂ ਨੇ ਉਸ ਦੀ ਪਰਚੀ ਕੱਟਣ ਤੋਂ ਇਨਕਾਰ ਕਰ ਦਿੱਤਾ ਤੇ ਉਸ ਦੀ ਕੁੱਟਮਾਰ ਕੀਤੀ। ਖੜਕ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ 'ਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਹੈੱਡਕਾਂਸਟੇਬਲ ਰਮੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

8-Jun-PAGE-8.qxd 6/7/2024 9:01 PM Page 1



# ਜ਼ਰੂਰਤਮੰਦ ਲੜਕੀਆਂ ਦਾ ਅਨੰਦ ਕਾਰਜ ਕਰਵਾਉਣਾ ਸਭ ਤੋਂ ਵੱਡਾ ਪੁੰਨ : ਸੰਤ ਨਰੇਸ਼ ਗਿਰੀ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਹਰ ਧਰਮ ਦੇ ਗ੍ਰੰਥਾਂ ਵਿੱਚ ਜ਼ਰੂਰਤਮੰਦਾਂ ਦੀ ਮਦਦ ਕਰਨ ਲਈ ਕਿਹਾ ਗਿਆ ਹੈ। ਕਿਸੇ ਭੁੱਖੇ ਨੂੰ ਰੋਟੀ ਖਵਾਣੀ, ਲਾਚਾਰ ਮਰੀਜ਼ਾਂ ਦਾ ਇਲਾਜ ਕਰਵਾਉਣ ਤੋਂ ਇਲਾਵਾ ਗਰੀਬ ਜ਼ਰੂਰਤਮੰਦ ਪਰਵਾਰਾਂ ਦੀਆਂ ਲੜਕੀਆਂ ਦਾ ਅਨੰਦ ਕਾਰਜ ਕਰਵਾਉਣਾ ਸਭ ਤੋਂ ਵੱਡਾ ਪੁੰਨ ਮੰਨਿਆ ਗਿਆ ਹੈ। ਸੰਤ ਨਰੇਸ਼ ਗਿਰੀ ਦੇ ਆਸ਼ੀਰਵਾਦ ਸਦਕਾ ਅਜਿਹੇ ਹੀ ਇਕ ਪਰਵਾਰ ਦੀ ਲੜਕੀ ਦੀ ਸ਼ਾਦੀ ਕਰਵਾਉਣ ਸਬੰਧੀ ਅੱਜ ਮਾਨਵਤਾ ਸੇਵਾ ਸੋਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਦੀ ਅਗਵਾਈ ਵਿੱਚ ਡੇਰਾ ਬਾਬਾ ਭਗਤ ਰਾਮ ਦੇ ਸਹਿਯੋਗ ਨਾਲ ਪਿੰਡ ਨੰਗਲ ਖੂੰਗਾ ਡੇਰੇ ਵਿੱਚ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਡੇਰਾ ਬਾਬਾ ਭਗਤ ਰਾਮ ਦੇ ਗੱਦੀਨਸ਼ੀਨ ਸੰਤ ਬਾਬਾ ਨਰੇਸ਼ ਗਿਰੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਰਾਗੀ ਢਾਡੀ ਜੱਥਿਆਂ ਨੇ ਅਨੰਦ ਕਾਰਜ ਦੇ ਮੌਕੇ ਆਪਣੇ ਕੀਰਤਨਾਂ ਰਾਹੀਂ ਗੁਰਬਾਣੀ ਦਾ ਜਾਪ ਕਰਦੇ ਹੋਏ ਸੰਗਤਾਂ ਨੂੰ ਨਾਮ ਸਿਮਰਨ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ।ਸਮਾਰੋਹ 'ਚ ਸ਼ਾਮਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੰਤ ਬਾਬਾ ਨਰੇਸ਼ ਗਿਰੀ ਨੇ ਕਿਹਾ ਕਿ ਭਾਵੇਂ ਕਿ ਹਰ ਧਰਮ ਦੇ ਸੰਤ ਮਹਾਂਪੁਰਸ਼ ਨਾਮ ਸਿਮਰਨ 'ਤੇ ਹੀ ਜ਼ੋਰ ਦਿੰਦੇ ਹਨ ਪਰ




ਜ਼ਰੂਰਤਮੰਦ ਪਰਵਾਰਾਂ ਦੀਆਂ ਲੜਕੀਆਂ ਦਾ ਅਨੰਦ ਕਾਰਜ ਕਰਵਾ ਕੇ ਕੰਨਿਆ ਦਾਨ ਕਰਨ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਣਾ ਵੀ ਗੁਰੂ ਘਰ ਦੀ ਸੇਵਾ ਕਰਨ ਬਰਾਬਰ ਹੈ। ਉਨ੍ਹਾਂ ਮਾਨਵਤਾ ਸੇਵਾ ਸੋਸਾਇਟੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਹਰ ਸੰਸਥਾ ਨੂੰ ਇਹੋ ਜਿਹੇ ਉਪਰਾਲੇ ਜ਼ਰੂਰ ਕਰਨੇ ਚਾਹੀਦੇ ਹਨ ਤਾਂ ਜੋ ਕਿਸੇ ਵੀ ਗਰੀਬ ਪਰਵਾਰ ਨੂੰ ਉਸ ਦੀ ਲੜਕੀ ਦੀ ਸ਼ਾਦੀ ਕਰਨਾ ਬੋਝ ਮਹਸੂਸ ਨਾ ਹੋਵੇ। ਪ੍ਰਧਾਨ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ ਮਾਨਵਤਾ ਸੇਵਾ ਸੋਸਾਇਟੀ ਨੰਗਲ ਖੂੰਗਾ ਵੱਲੋਂ ਆਏ ਦਿਨ ਜ਼ਰੂਰਤਮੰਦ ਗਰੀਬ ਲੜਕੀਆਂ ਦੇ ਪੂਰੀ ਰੀਤੀ ਰਿਵਾਜ ਨਾਲ ਅਨੰਦ ਕਾਰਜ ਕਰਵਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਆਨੰਦ ਕਾਰਜ ਸਮੇਂ ਚਾਹ-ਪਾਣੀ ਰੋਟੀ ਆਦਿ ਸਾਰਾ ਖਰਚਾ ਡੇਰਾ ਭਗਤ ਰਾਮ ਦੇ ਸਹਿਯੋਗ ਨਾਲ ਮਾਨਵਤਾ ਸੇਵਾ ਸੋਸਾਇਟੀ ਵੱਲੋਂ ਕੀਤਾ ਜਾਂਦਾ ਹੈ ਅਤੇ ਘਰੇਲੂ ਜ਼ਰੂਰਤ ਅਨੁਸਾਰ ਸਾਰਾ ਸਾਜੋ ਸਮਾਨ ਵੀ ਦਿੱਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਸਾਡੀ ਸੋਸਾਇਟੀ ਵੱਲੋਂ ਆਏ ਦਿਨ ਖੂਨਦਾਨ ਤੇ ਮੁਫਤ ਮੈਡੀਕਲ ਚੈੱਕਅਪ ਕੈਂਪ ਵੀ ਲਗਾਏ ਜਾਂਦੇ ਹਨ ਅਤੇ ਜ਼ਿਆਦਾ ਗਰੀਬ ਮਰੀਜ਼ ਦੇ ਇਲਾਜ ਦਾ ਸਾਰਾ ਖਰਚਾ ਵੀ ਸੋਸਾਇਟੀ ਵੱਲੋਂ ਕੀਤਾ ਜਾਂਦਾ ਹੈ । ਇਸ ਮੌਕੇ ਮਾਨਵਤਾ ਸੇਵਾ ਸੋਸਾਇਟੀ ਵੱਲੋਂ ਪਰਵੀਨ ਕੁਮਾਰੀ ਪੁੱਤਰੀ ਨਿਰਮਲ ਸਿੰਘ ਪਿੰਡ ਸ਼ੇਰਪੁਰ ਗੋਲਿੰਡ ਦਾ ਜਸਵਿੰਦਰ ਸਿੰਘ ਪੁੱਤਰ ਮੋਹਨ ਲਾਲ ਪਿੰਡ ਚੱਕੋਵਾਲ ਸ਼ੇਖਾਂ ਨਾਲ ਆਨੰਦ ਕਾਰਜ ਕਰਵਾ ਕੇ ਸ਼ਾਦੀ ਵਾਲੇ ਜੋੜੇ ਨੂੰ ਸੰਤ ਨਰੇਸ਼ ਗਿਰੀ ਅਤੇ ਅਵਤਾਰ ਸਿੰਘ ਤਾਰੀ ਨੇ ਸਦਾ ਸੁਖੀ ਰਹਿਣ ਦਾ ਆਸ਼ੀਰਵਾਦ ਦਿੱਤਾ। ਇਸ ਮੌਕੇ ਤੇ ਸਤਪਾਲ ਸਿੰਘ ਸੱਤਾ, ਬਲਵਿੰਦਰ ਸਿੰਘ ਸੀਕਰੀ, ਨਵਰਾਜ ਦੀਪ ਸਿੰਘ, ਚਰਨਦੀਪ ਸਿੰਘ, ਹੈਡ ਗ੍ਰੰਥੀ ਭਾਈ ਜੈ ਸਿੰਘ, ਪ੍ਰਦੀਪ ਸਿੰਘ ਖੁਣਖੁਣ ਅਤੇ ਹੋਰ ਹਾਜ਼ਰ ਸਨ।

# ਲੋਕ ਸਭਾ ਸ੍ਰੀ ਅਨੰਦਪੁਰ ਸਾਹਿਬ ਦੀ ਜਿੱਤ 'ਚ ਡਿਪਟੀ ਸਪੀਕਰ ਰੌੜੀ ਦਾ ਵੱਡਾ ਯੋਗਦਾਨ : ਭਗਵੰਤ ਮਾਨ



**ਮਾਹਿਲਪੁਰ (ਸ.ਫਰੀ)** - ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਦੀ ਜਿੱਤ ਨੂੰ ਪੱਕੀ ਕਰਨ ਲਈ ਪਹਿਲੇ ਦਿਨ ਤੋਂ ਚੋਣ ਨੂੰ ਵੱਡੇ ਇਕੱਠਾ ਨਾਲ ਚੋਣ ਮੁਹਿੰਮ ਨੂੰ ਸਿੱਖਰ ਉਤੇ ਪਹੁੰਚਾ ਕੇ ਜਿੱਤ ਪੱਕੀ ਕਰਨ ਦੇ ਦਾਅਵੇ ਯਕੀਨ ਵਿੱਚ ਬਦਲੇ ਜਦੋ 4 ਜੂਨ ਨੂੰ ਟੀ ਵੀ ਚੈਨਲਾਂ ਤੇ ਸੋਸ਼ਲ ਮੀਡੀਆ ਉੱਪਰ ਗੜ੍ਹਸ਼ੰਕਰ ਹਲਕੇ ਦੀ ਵੱਡੀ ਜਿੱਤ ਦੀਆਂ ਸੁਰਖੀਆ ਮੋਟੇ ਅੱਖਰਾਂ ਵਿੱਚ ਆਉਣ ਲੱਗੀਆਂ। ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਹਲਕਾ ਗੜ੍ਹਸ਼ੰਕਰ ਦੇ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੂੰ ਵਿਸ਼ੇਸ਼ ਮਿਲਣੀ ਦੌਰਾਨ ਕਿਹਾ ਕਿ ਲੋਕ ਸਭਾ ਸ੍ਰੀ ਅਨੰਦਪੁਰ ਸਾਹਿਬ ਦੀ ਜਿੱਤ ਵਿਚ ਹਲਕਾ ਵਿਧਾਇਕ ਗੜ੍ਹਸ਼ੰਕਰ ਤੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਦਾ ਮਹੱਤਵਪੂਰਨ ਰੋਲ ਸ਼ਲਾਘਾਯੋਗ ਰਿਹਾ।ਮੁੱਖ ਮੰਤਰੀ ਵਲੋਂ ਹਲਕਾ ਗੜ੍ਹਸ਼ੰਕਰ ਦੇ ਵੋਟਰਾਂ ਸਪੋਰਟਰਾਂ ਵਲੰਟੀਅਰਾਂ ਵਰਕਰਾਂ ਨੂੰ ਵਧਾਈ ਦਿੰਦਿਆ ਕਿਹਾ ਕਿ ਹਲਕਾ ਗੜ੍ਹਸ਼ੰਕਰ ਦੀ ਜਿੱਤ ਨੇ ਲੋਕ ਸਭਾ ਸ੍ਰੀ ਅਨੰਦਪੁਰ ਸਾਹਿਬ ਦੀ ਜਿੱਤ ਵਿੱਚ ਵੱਡਾ ਯੋਗਦਾਨ ਪਾਇਆ ਜੋ ਕਾਬਲੇ ਜ਼ਿਕਰ ਹੈ।

# ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਵਸ 9 ਨੂੰ ਮਨਾਇਆ ਜਾਵੇਗਾ



**ਜਲੰਧਰ:** ਜਮਹੂਰੀ ਕਿਸਾਨ ਸਭਾ ਪੰਜਾਬ ਨੇ ਸੂਬੇ ਦੇ ਸਮੂਹ ਵੋਟਰਾਂ ਦਾ ਧੰਨਵਾਦ ਕੀਤਾ ਜਿੰਨਾਂ ਨੇ ਪੰਜਾਬ ਦੇ ਵਿੱਚੋਂ ਭਾਜਪਾ ਨੂੰ ਲੋਕ ਸਭਾ ਦੀਆਂ ਚੋਣਾਂ ਵਿੱਚ ਕਰਾਰੀ ਹਾਰ ਦਿੱਤੀ। ਡਾਕਟਰ ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਸਭਾ ਦੇ ਸੂਬਾਈ ਦਫਤਰ ਸ਼ਹੀਦ ਸਰਵਣ ਸਿੰਘ ਚੀਮਾ ਭਵਨ ਗੜ੍ਹਾ, ਜਲੰਧਰ ਵਿਖੇ ਹੋਈ ਮੀਟਿੰਗ 'ਚ ਆਗੂਆਂ ਨੇ ਅਗਲੇਰੇ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਵੀ ਦਿੱਤਾ।ਸਭਾ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਆਖਿਆ ਕਿ ਦੇਸ਼ ਦੇ ਲੋਕਾਂ ਨੇ ਦੱਸ ਦਿੱਤਾ ਹੈ ਕਿ ਕਿਸਾਨਾਂ-ਮਜ਼ਦੂਰਾਂ ਵਿਰੁੱਧ ਨੀਤੀਆਂ ਲਾਗੂ ਕਰਨ ਵਾਲੇ ਹਾਕਮਾਂ ਨੂੰ ਉਹ ਮੂੰਹ ਨਹੀਂ ਲਾਉਣਗੇ। ਉਹਨਾਂ ਕਿਹਾ ਕਿ ਜਿੱਥੇ ਜਿੱਥੇ ਕਿਸਾਨ ਲਹਿਰ ਜ਼ਿਆਦਾ ਜਥੇਬੰਦ ਸੀ, ਉੱਥੋਂ ਹੀ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਉਹਨਾਂ ਕਿਹਾ ਕਿ ਬੇਸ਼ੱਕ ਕੇਂਦਰ ਵਿੱਚ ਐਨਡੀਏ ਦੀ ਸਰਕਾਰ ਬਣਨ ਜਾ ਰਹੀ ਹੈ, ਪਰ ਇਹ ਸਰਕਾਰ ਆਪਣੇ ਹੀ ਅੰਤਰ ਵਿਰੋਧ ਕਾਰਨ ਜਲਦੀ ਟੁੱਟ ਜਾਵੇਗੀ। ਉਹਨਾਂ ਆਖਿਆ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਅੰਦੋਲਨ ਜਾਰੀ ਰਹੇਗਾ।ਸਭਾ ਦੇ ਸੂਬਾਈ ਪ੍ਰੈਸ ਸਕੱਤਰ ਹਰਨੇਕ ਸਿੰਘ ਗੁੱਜਰਵਾਲ ਨੇ ਆਖਿਆ ਕਿ 9 ਜੂਨ ਨੂੰ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਵਸ ਵਿਸ਼ੇਸ਼ ਸਮਾਗਮ ਕਰਕੇ ਸਾਰੇ ਸੂਬੇ ਵਿੱਚ ਮਨਾਇਆ ਜਾਵੇਗਾ। ਉਹਨਾਂ ਕਿਹਾ ਕਿ ਕਿਸਾਨਾਂ ਦੀਆਂ ਬਿਜਲੀ ਨਾਲ ਸੰਬੰਧਿਤ ਮੁਸ਼ਕਲਾਂ ਦੇ ਹੱਲ ਲਈ 10 ਜੂਨ ਤੋਂ 15 ਜੂਨ ਤੱਕ ਪਾਵਰਕੌਮ ਦੇ ਅਧਿਕਾਰੀਆਂ ਨੂੰ ਮਿਲ ਕੇ ਮੁਸ਼ਕਲਾਂ ਦਾ ਹੱਲ ਕਰਵਾਇਆ ਜਾਵੇਗਾ।

# ਭਾਸ਼ਾ ਵਿਭਾਗ ਐੱਸ ਏ ਐੱਸ ਨਗਰ ਵਿਖੇ ਉਰਦੂ ਆਮੋਜ਼ ਦੀ ਸਿਖਲਾਈ 1 ਜੁਲਾਈ ਤੋਂ

**ਐੱਸ.ਏ.ਐੱਸ.ਨਗਰ: (ਗੁਰਜੀਤ ਬਿੱਲਾ)**- ਭਾਸ਼ਾ ਵਿਭਾਗ, ਪੰਜਾਬ, ਮਾਂ-ਬੋਲੀ ਪੰਜਾਬੀ ਦੇ ਨਾਲ-ਨਾਲ ਹੋਰਨਾਂ ਜ਼ੁਬਾਨਾਂ ਦੇ ਵਿਕਾਸ ਲਈ ਵੀ ਸਰਗਰਮ ਰਹਿੰਦਾ ਹੈ। ਇਸੇ ਕੜੀ ਵਿੱਚ ਦਫ਼ਤਰ, ਜ਼ਿਲ੍ਹਾ ਭਾਸ਼ਾ ਵਿਭਾਗ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਉਰਦੂ ਆਮੋਜ਼ ਦੀ ਸਿਖਲਾਈ 1 ਜੁਲਾਈ ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਇਸ ਸਬੰਧੀ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਵੱਲੋਂ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਐੱਸ.ਏ.ਐੱਸ.ਨਗਰ ਵਿਖੇ ਸਾਲ 2023 ਵਿਚ ਪਹਿਲੀ ਜੁਲਾਈ ਤੋਂ ਉਰਦੂ ਆਮੋਜ਼ ਸਿਖਲਾਈ ਕੇਂਦਰ ਸਥਾਪਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ, ਜਿਸ ਦੇ 2 ਸੈਸ਼ਨ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਉਪਰੰਤ 01 ਜੁਲਾਈ ਤੋਂ ਤੀਜਾ ਸੈਸ਼ਨ ਸ਼ੁਰੂ ਹੋ ਰਿਹਾ ਹੈ।ਖੋਜ ਅਫ਼ਸਰ ਡਾ. ਦਰਸ਼ਨ ਕੌਰ ਨੇ ਦੱਸਿਆ ਕਿ 1 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਉਰਦੂ ਆਮੋਜ਼ ਦੇ ਕੋਰਸ ਦੀ ਦਾਖਲਾ ਅਤੇ ਪ੍ਰੀਖਿਆ ਫੀਸ ਯਕਮੁਸ਼ਤ 500 ਰੁਪਏ ਨਿਸਚਿਤ ਕੀਤੀ ਗਈ ਹੈ। ਇਸ ਕੋਰਸ ਦੀ ਮਿਆਦ 6 ਮਹੀਨੇ ਅਤੇ ਜਮਾਤ ਦਾ ਸਮਾਂ ਰੋਜ਼ਾਨਾ ਇੱਕ ਘੰਟਾ ਹੋਵੇਗਾ। ਕਿਸੇ ਵੀ ਉਮਰ ਦਾ ਵਿਅਕਤੀ ਇਸ ਕੋਰਸ ਵਿੱਚ ਦਾਖ਼ਲਾ ਲੈ ਸਕਦਾ ਹੈ। ਸਰਕਾਰੀ ਅਧਿਕਾਰੀ ਅਤੇ ਕਰਮਚਾਰੀ ਵੀ ਉਰਦੂ ਆਮੋਜ਼ ਦੀ ਸਿਖਲਾਈ ਲੈ ਸਕਦੇ ਹਨ। ਉਰਦੂ ਆਮੋਜ਼ ਦੀ ਸਿਖਲਾਈ ਲਈ ਫ਼ਾਰਮ ਭਰਨ ਦੀ ਮਿਤੀ 11 ਜੂਨ ਤੋਂ 25 ਜੂਨ ਰੱਖੀ ਗਈ ਹੈ। ਦਾਖਲਾ ਲੈਣ ਦੇ ਚਾਹਵਾਨ ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਕਮਰਾ ਨੰ. 518 (ੲ), ਚੌਥੀ ਮੰਜ਼ਿਲ, ਮੋਹਾਲੀ ਤੋਂ ਦਾਖ਼ਲਾ ਫ਼ਾਰਮ ਕਿਸੇ ਵੀ ਕੰਮਕਾਜ ਵਾਲੇ ਦਿਨ (ਦਫ਼ਤਰੀ ਸਮੇਂ ਦੌਰਾਨ) ਮੁਫ਼ਤ ਪ੍ਰਾਪਤ ਕਰ ਸਕਦੇ ਹਨ। ਦਾਖਲਾ ਫ਼ਾਰਮ ਭਰਨ ਉਪਰੰਤ ਦਫ਼ਤਰ ਵਿਖੇ 25 ਜੂਨ ਤੱਕ ਦਸਤੀ ਜਮ੍ਹਾਂ ਕਰਵਾਏ ਜਾ ਸਕਦੇ ਹਨ।

# ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨ ਵੱਲੋਂ ਸਿਖਲਾਈ ਸੈਮੀਨਾਰ



**ਜਲੰਧਰ, (ਇਕਬਾਲ ਸਿੰਘ ਉੱਭੀ)**-ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼ ਨੇ ਅਧਿਆਪਕਾਂ ਨੂੰ ਐਨ.ਈ.ਪੀ.ਅਤੇ ਐਨ.ਸੀ.ਐਫ. ਬਾਰੇ ਜਾਣਕਾਰੀ ਲਈ ਸੈਮੀਨਾਰ ਜਲੰਧਰ ਦੇ ਪਰਕਰਮਾ ਮਾਰਗ ਸਥਿਤ, ਹੋਟਲ ਡੇਜ਼ ਵਿੱਚ ਆਯੋਜਿਤ ਕੀਤਾ । ਜਿਸ ਦੀ ਸ਼ੁਰੂਆਤ ਸ਼ਮ੍ਹਾ ਰੋਸ਼ਨ ਦੇ ਨਾਲ ਹੋਈ। ਇਸ ਸੈਮੀਨਾਰ ਵਿੱਚ ਸੇਂਟ ਸੋਲਜਰ ਗਰੁੱਪ ਦੇ 35 ਸਕੂਲਾਂ ਦੀਆਂ ਸ਼ਾਖਾਵਾਂ ਦੇ ਅਧਿਆਪਕਾਂ ਨੇ ਭਾਗ ਲਿਆ।ਸੈਮੀਨਾਰ ਦਾ ਸੰਚਾਲਣ ਗੁਰਦੀਪ ਸਿੰਘ ਭਮਰਾ ਨੇ ਕੀਤਾ।

ਇਸ ਸੈਮੀਨਾਰ ਨੇ ਐਨ.ਸੀ.ਐਫ. ਅਤੇ ਐਨ.ਈ.ਪੀ. ਦੇ ਨਵ ਵਿਕਾਸ ਅਤੇ ਸੰਕੇਤ ਵਿੱਚ ਬਹੁਮੁੱਲੀ ਅੰਤਰ ਦ੍ਰਿਸ਼ਟੀ ਪ੍ਰਦਾਨ ਕੀਤੀ। ਇਸ ਤੋਂ ਇਲਾਵਾ ਸਿੱਖਿਆ ਵਿਧੀਆਂ, ਮੁਲਾਂਕਣ ਰਣਨੀਤੀਆਂ ਅਤੇ ਕੋਰਸ ਡਿਜ਼ਾਈਨ 'ਤੇ ਚਰਚਾ ਵਿਸ਼ੇਸ਼ ਤੌਰ 'ਤੇ ਲਾਭਦਾਇਕ ਰਹੀ। ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਇਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਪਹੁੰਚੇ ਅਧਿਆਪਕਾਂ ਨੂੰ ਸੈਮੀਨਾਰ ਵਿਚ ਦੱਸੇ ਗਏ ਸਾਰੇ ਬਿੰਦੂਆਂ ਨੂੰ ਲਾਗੂ ਕਰਨ ਲਈ ਉਤਸ਼ਾਹਤ ਕੀਤਾ।

# ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਨਿਊਟ੍ਰੀਸ਼ਨ ਤੇ ਖੇਡਾਂ ਬਾਰੇ ਐਕਸਪਰਟ ਟਾਕ



**ਐੱਸ.ਏ.ਐੱਸ.ਨਗਰ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਦੇ ਖੇਡ ਵਿਭਾਗ ਵੱਲੋਂ 'ਐਥਲੈਟਿਕ ਪ੍ਰਦਰਸ਼ਨ ਨੂੰ ਵਧਾਉਣਾ: ਸਪੋਰਟਸ ਨਿਊਟ੍ਰੀਸ਼ਨ ਦੀ ਤਾਲਮੇਲ' ਅਤੇ 'ਲੋਕ ਕਿਉਂ ਖੇਡਦੇ ਹਨ' ਵਿਸ਼ੇ 'ਤੇ ਮਾਹਰ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਮਾਹਰ ਪ੍ਰੋ: ਅਰਵਿੰਦ ਕੌਸ਼ਲ ਨੇ ਸਬੰਧਤ ਵਿਸ਼ੇ 'ਤੇ ਇੱਕ ਦਿਲਚਸਪ ਭਾਸ਼ਣ ਦਿੱਤਾ ਅਤੇ ਦਿਲਚਸਪ ਤੱਥਾਂ ਅਤੇ ਕਿੱਸਿਆਂ ਨੂੰ ਦਰਸ਼ਕਾਂ ਅੱਗੇ ਪੇਸ਼ ਕੀਤਾ। ਅਸੀਂ ਕਿਉਂ ਖੇਡਦੇ ਹਾਂ, ਇਸ ਬਾਰੇ ਵਿਸਥਾਰ ਵਿੱਚ ਦੱਸਦਿਆਂ, ਉਨ੍ਹਾਂ ਕਿਹਾ ਕਿ ਖੇਡਾਂ ਇੱਕ ਵਿਸ਼ਵਵਿਆਪੀ ਭਾਸ਼ਾ ਹੈ ਜੋ ਸੱਭਿਆਚਾਰਕ ਅਤੇ ਭੂਗੋਲਿਕ ਸੀਮਾਵਾਂ ਤੋਂ ਪਾਰ ਹੈ, ਵਿਅਕਤੀਆਂ ਅਤੇ ਭਾਈਚਾਰਿਆਂ ਵਿੱਚ ਏਕਤਾ ਅਤੇ ਭਾਈਚਾਰਾ ਪੈਦਾ ਕਰਦੀ ਹੈ।ਇਸ ਮੌਕੇ ਡਾ. ਹੀਨੂ ਸ਼ਰਮਾ ਨੇ 'ਐਥਲੈਟਿਕ ਪਰਫਾਰਮੈਂਸ ਨੂੰ ਵਧਾਉਣ ਅਤੇ ਸਪੋਰਟਸ ਨਿਊਟ੍ਰੀਸ਼ਨ ਦੇ ਤਾਲਮੇਲ' ਵਿਸ਼ੇ 'ਤੇ ਗੱਲ ਕੀਤੀ ।ਮਾਹਰਾਂ ਨੂੰ ਸੁਣਨ ਲਈ ਰਿਆਤ ਬਾਹਰਾ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਡਾਇਰੈਕਟਰ, ਡੀਨ ਅਤੇ ਵਿਭਾਗਾਂ ਦੇ ਮੁਖੀ ਅਤੇ ਫੈਕਲਟੀ ਮੈਂਬਰ ਹਾਜ਼ਰ ਸਨ।ਇਸ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਖੇਡਾਂ ਅਤੇ ਪੋਸ਼ਣ ਦੋ ਥੰਮ੍ਹ ਹਨ ਜੋ ਨਾ ਸਿਰਫ਼ ਐਥਲੈਟਿਕ ਉੱਤਮਤਾ ਸਗੋਂ ਸਮੁੱਚੀ ਤੰਦਰੁਸਤੀ ਦਾ ਵੀ ਸਮਰਥਨ ਕਰਦੇ ਹਨ।ਇਸ ਤੋਂ ਪਹਿਲਾਂ ਆਰ ਬੀ ਯੂ ਦੇ ਖੇਡ ਵਿਭਾਗ ਦੇ ਡਾਇਰੈਕਟਰ ਡਾ: ਮਹੇਸ਼ ਜੇਟਲੀ ਵੱਲੋਂ ਮਾਹਰਾਂ ਦਾ ਸਵਾਗਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਹ ਸਮਾਗਮ ਸਾਡੇ ਸਰੀਰ ਅਤੇ ਖੇਡਣ ਲਈ ਸਾਡੇ ਜਨੂੰਨ ਨੂੰ ਅੱਗੇ ਵਧਾਉਣ ਦੇ ਵਿਚਕਾਰ ਡੂੰਘੇ ਸਬੰਧਾਂ ਨੂੰ ਖੋਜਣ ਅਤੇ ਸਮਝਣ ਦੀ ਸਾਡੀ ਵਚਨਬੱਧਤਾ ਦਾ ਪ੍ਰਮਾਣ ਹੈ। ਖੇਡਾਂ ਦੇ ਖੇਤਰ ਵਿੱਚ ਪੋਸ਼ਣ ਪ੍ਰਦਰਸ਼ਨ ਨੂੰ ਵਧਾਉਣ, ਰਿਕਵਰੀ ਨੂੰ ਤੇਜ਼ ਕਰਨ ਅਤੇ ਸੱਟਾਂ ਨੂੰ ਰੋਕਣ ਵਿੱਚ ਜ਼ਰੂਰੀ ਭੂਮਿਕਾ ਨਿਭਾਉਂਦਾ ਹੈ।

# ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਸਾਢੇ 9 ਸਾਲਾਂ 'ਚ 25 ਕਰੋੜ ਗਰੀਬ ਵਿਅਕਤੀ ਗਰੀਬੀ ਰੇਖਾਂ ਤੋਂ ਉੱਪਰ ਆਏ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਨੇ ਕਿਹਾ ਕਿ ਪਿਛਲੇ ਸਾਢੇ 9 ਸਾਲਾਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਗਰੀਬਾਂ ਤਕ ਯੋਜਨਾਵਾਂ ਦਾ ਲਾਭ ਪਹੁੰਚਾਉਣ ਦਾ ਕੰਮ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਰਿਹਾਇਸ਼ ਯੋਜਨਾ ਦਾ ਬਜਟ 3 ਗੁਣਾ ਤਕ ਵਧਾਇਆ ਗਿਆ ਤਾਂ ਜੋ ਹਰ ਗਰੀਰ ਵਿਅਕਤੀ ਨੂੰ ਰਿਹਾਇਸ਼ ਦੀ ਸਹੂਲਤ ਪ੍ਰਦਾਨ ਕੀਤੀ ਜਾ ਸਕੇ।ਮੁੱਖ ਮੰਤਰੀ ਹਰਿਆਣਾ ਵਿਧਾਨ ਸਭਾ ਵਿਚ ਵਿਧਾਇਕ ਅਹੁਦੇ ਦੀ ਸੁੰਹ ਲੈਣ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਸਾਢੇ 9 ਸਾਲਾਂ ਵਿਚ ਅਸੀਂ ਹਰਿਆਣਾ ਸੂਬੇ ਵਿਚ ਨੌਕਰੀਆਂ ਵਿਚ ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਅਤੇ ਗਰੀਬ ਤੋਂ ਗਰੀਬ ਵਿਅਕਤੀ ਤਕ ਸਰਕਾਰੀ ਯੋਜਨਾਵਾਂ ਦਾ ਲਾਭ ਪਹੁੰਚਾਉਣ ਦਾ ਕੰਮ ਕੀਤਾ ਹੈ। ਉਨ੍ਹਾਂ ਨੇ ਕਾਂਗਰਸ ਪਾਰਟੀ ਦੇ 60 ਸਾਲਾਂ ਦੇ ਸ਼ਾਸਨ ਸਮੇਂ 'ਤੇ ਸੁਆਲ ਚੁੱਕੇ ਹੋਏ ਕਿਹਾ ਕਿ ਉਨ੍ਹਾਂ ਨੇ ਆਪਣੇ ਕੰਮ ਸਮੇਂ ਵਿਚ ਗਰੀਬਾਂ ਦੇ ਲਈ ਕੁੱਝ ਨਹੀਂ ਕੀਤਾ, ਜਦੋਂ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸਾਢੇ 9 ਸਾਲਾਂ ਵਿਚ 25 ਕਰੋੜ ਗਰੀਬ ਵਿਅਕਤੀਆਂ ਨੂੰ ਗਰੀਬੀ ਰੇਖਾ ਤੋਂ ਉੱਪਰ ਚੁਕਿਆ ਹੈ। ਇਕ ਸੁਆਲ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੀ ਜਨਤਾ ਨੇ ਤੀਜੀ ਵਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਭਰੋਸਾ ਪ੍ਰਗਟਾਉਂਦੇ ਹੋਏ ਜਨ ਸੇਵਾ ਦਾ ਮੌਕਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਲੋਕ ਸਭਾ ਚੋਣ ਵਿਚ ਕਾਂਗਰਸ ਪਾਰਟੀ ਨੇ ਝੂਠ ਫੈਲਾਉਣ ਦਾ ਕੰਮ ਕੀਤਾ।ਰਾਹੁਲ ਗਾਂਧੀ ਸਮੇਤ ਕਾਂਗਰਸ ਪਾਰਟੀ ਦੇ ਤਮਾਮ ਨੇਤਾਵਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਫਿਰ ਤੋਂ ਸੱਤਾ ਵਿਚ ਆਏ ਤਾਂ ਉਹ ਸੰਵਿਧਾਨ ਅਤੇ ਰਾਖਵਾਂ ਨੂੰ ਖਤਮ ਕਰ ਦੇਣਗੇ। ਇੰਨ੍ਹੇ ਵੱਡੇ ਝੂਠ ਦੇ ਬਾਵਜੂਦ ਲੋਕਾਂ ਨੇ ਨਰੇਂਦਰ ਮੋਦੀ ਦੀ ਅਗਵਾਈ 'ਤੇ ਇਕ ਵਾਰ ਫਿਰ ਮੋਹਰ ਲਗਾਈ ਹੈ। ਭਾਰਤੀ ਜਨਤਾ ਪਾਰਟੀ ਦਾ ਵੋਟ ਫੀਸਦੀ ਕਾਂਗਰਸ ਪਾਰਟੀ ਤੋਂ ਵੱਧ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਜਿਸ ਤਰ੍ਹਾਂ ਪਿਛਲੇ ਸਾਢੇ 9 ਸਾਲਾਂ ਵਿਚ ਸੰਵਿਧਾਨ ਦੇ ਅਨੁਸਾਰ ਕੰਮ ਕੀਤਾ ਗਿਆ, ਅੱਗੇ ਵੀ ਸੰਵਿਧਾਨ ਦੇ ਅਨੁਸਾਰ ਹੀ ਦੇਸ਼ ਚੱਲੇਗਾ। ਇਕ ਸੁਆਲ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਅੱਜ ਵੀ ਸੂਬੇ ਦੀ ਹਰਿਆਣਾ ਸਰਕਾਰ ਪੂਰਨ ਬਹੁਮਤ ਵਿਚ ਹੈ ਅਤੇ ਸਦਨ ਵਿਚ ਪਿਛਲੇ 12 ਮਾਰਚ ਨੂੰ ਬਹੁਮਤ ਸਿੱਦ ਕੀਤਾ ਸੀ। ਕਾਂਗਰਸ ਪਾਰਟੀ ਸਿਰਫ ਗਲਤ ਪ੍ਰਚਾਰ ਕਰ ਰਹੀ ਹੈ।ਇਸ ਮੌਕੇ 'ਤੇ ਵਿਧਾਨ ਸਭਾ ਡਿਪਟੀ ਸਪੀਕਰ ਰਣਬੀਰ ਗੰਗਵਾ, ਉਦਯੋਗ ਅਤੇ ਵਪਾਰ ਮੰਤਰੀ ਮੂਲਚੰਦ ਸ਼ਰਮਾ, ਉਰਜਾ ਮੰਤਰੀ ਰਣਜੀਤ ਸਿੰਘ, ਜਨ ਸਿਹਤ ਇੰਜੀਨੀਅਰਿੰਗ ਮੰਤਰੀ ਡਾ. ਬਨਵਾਰੀ ਲਾਲ, ਸਿਹਤ ਮੰਤਰੀ ਡਾ. ਕਮਲ ਗੁਪਤਾ, ਸਮਾਜਿਕ ਨਿਆਂ ਅਤੇ ਅਧਿਕਾਰਤਾ ਰਾਜ ਮੰਤਰੀ ਬਿਸ਼ੰਭਰ ਸਿੰਘ, ਵਿਧਾਇਕ ਲੀਲਾ ਰਾਮ, ਮੋਹਨ ਲਾਲ ਬੜੌਲੀ, ਨਰੇਂਦਰ ਗੁਪਤਾ, ਸੱਤਪ੍ਰਕਾਸ਼ ਜਰਾਵਤਾ ਸਮੇਤ ਸੂਚਨਾ, ਜਨ ਸੰਪਰਕ, ਭਾਸ਼ਾ ਅਤੇ ਸਭਿਆਚਾਰ ਵਿਭਾਗ ਦੇ ਮਹਾਨਿਦੇਸ਼ਕ ਮੰਦੀਪ ਸਿੰਘ ਬਰਾੜ ਵੀ ਮੌਜੂਦ ਰਹੇ।

# ਮਹੀਨੇ ਦੇ ਆਖਰੀ ਹਫਤੇ ਨੰਗਲ ਵਿਖੇ ਧਰਨਾ ਮਾਰਿਆ ਜਾਏਗਾ : ਸੈਣੀ



**ਭਲਾਣ (ਹਰਭਜਨ ਢਿੱਲੋਂ)** ਆਲ ਬੀ ਬੀ ਐਮ ਬੀ ਰੀਟਾਇਰੀਜ ਯੂਨੀਅਨ ਨੰਗਲ ਯੂਨਿਟ ਦੀ ਮੀਟਿੰਗ ਬਾਬਾ ਹਰਵੰਤ ਸਿੰਘ ਦੀ ਪ੍ਰਧਾਨਗੀ ਹੇਠ ਗੰਗੂਵਾਲ ਵਿਖੇ ਹੋਈ ਜਿਸ ਨੂੰ ਸਾਥੀ ਮੋਹਨ ਲਾਲ ਸੈਣੀ, ਕਰਮ ਚੰਦ ਟੋਬਾ, ਅਵਤਾਰ ਸਿੰਘ, ਗੁਰਨਾਮ ਸਿੰਘ ਔਲਖ, ਸੁਸ਼ੀਲ ਕੁਮਾਰ, ਗਰੀਬ ਸਿੰਘ ਆਦਿ ਨੇ ਸੰਬੋਧਨ ਕੀਤਾ।ਬੁਲਾਰਿਆਂ ਨੇ ਰੀਟਾਇਰੀਜ ਸਾਥੀਆਂ ਦੀਆਂ ਸਮੱਸਿਆਂਵਾਂ ਅਤੇ ਇਹਨਾਂ ਸਬੰਧੀ ਬੀ ਬੀ ਐਮ ਬੀ ਬੋਰਡ ਦੇ ਰਵਈਏ ਦੀ ਚਰਚਾ ਕੀਤੀ । ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਜਥੇਬੰਦੀ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਆਵਾਜ ਉਠਾਉਣ ਲਾਈ ਜੂਨ ਮਹੀਨੇ ਦੇ ਆਖਰੀ ਹਫਤੇ ਨੰਗਲ ਵਿਖੇ ਇਕ ਦਿਨ ਦਾ ਧਰਨਾ ਮਾਰਿਆ ਜਾਏਗਾ। ਇਹ ਵੀ ਫੈਸਲਾ ਕੀਤਾ ਗਿਆ ਕਿ ਪੰਜਾਬ ਪੈਨਸ਼ਨਰਜ਼ ਮਹਾਂਸੰਘ ਦੀ ਲੁਧਿਆਣਾ ਵਿਖੇ 11 ਜੂਨ 2024 ਨੂੰ ਹੋ ਰਹੀ ਮੀਟਿੰਗ ਵਿੱਚ ਜਥੇਬੰਦੀ ਵੱਲੋਂ ਸਾਥੀ ਹਿੱਸਾ ਲੈਣਗੇ। ਪੰਜਾਬ ਵਿੱਚ ਲੋਕ ਸਭਾ ਚੋਣਾਂ ਦੇ ਆਏ ਨਤੀਜਿਆਂ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ । ਬੁਲਾਰਿਆਂ ਨੇ ਮੁੱਖ ਮੰਤਰੀ ਪੰਜਾਬ ਨੂੰ ਬੇਨਤੀ ਕੀਤੀ ਕਿ ਉਹ ਆਏ ਚੋਣ ਨਤੀਜਿਆਂ ਤੋਂ ਸਬਕ ਸਿੱਖੇ ਅਤੇ ਮੁਲਾਜ਼ਮਾਂ ਅਤੇ ਰੀਟਾਇਰੀਜ ਕਰਮਚਾਰੀਆਂ ਦੇ ਮਸਲੇ ਫੌਰੀ ਤੌਰ 'ਤੇ ਹੱਲ ਕਰੇ। ਇਥੇ ਯਾਦ ਕਰਾਉਣਾ ਜ਼ਰੂਰੀ ਹੈ ਕਿ ਮੁਲਾਜਮਾਂ ਅਤੇ ਪੈਨਸ਼ਨਰਜ ਜਥੇਬੰਦੀਆਂ ਨੇ ਉਹਨਾਂ ਪ੍ਰਤੀ ਪੰਜਾਬ ਸਰਕਾਰ ਦੀ ਟਾਲ ਮਟੋਲ ਦੀ ਨੀਤੀ ਕਾਰਨ ਇਹਨਾਂ ਇਲੈਕਸ਼ਨਾਂ ਵਿੱਚ ਮੁੱਖ ਮੰਤਰੀ ਦੀ ਪਾਰਟੀ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਸੀ।

# ਦੁਨੀਆਦਾਰੀ ਦੇ ਚੱਕਰ ਛੱਡ ਕੇ ਖੁਦਾ ਦੀ ਬੰਦਗੀ ਕਰਨੀ ਚਾਹੀਦੀ : ਬਾਬਾ ਪ੍ਰਸ਼ੋਤਮ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਥਾਨਕ ਇੰਡੀਸਟਰੀਅਲ ਏਰੀਆ ਫੋਕਲ ਪੁਆਇੰਟ ਮਿੱਲ ਕਲੋਨੀ ਕਿਲਾ ਮੁਹੱਲਾ ਦਰਬਾਰ ਕਿਲੇ ਵਾਲੀ ਸਰਕਾਰ ਦੀ 'ਤੇ ਲੱਗੇ 26ਵੇਂ ਸਲਾਨਾ ਮੇਲੇ ਦੌਰਾਨ ਬਹੁਤ ਵੱਡੀ ਗਿਣਤੀ 'ਚ ਸੰਗਤਾਂ ਨੇ ਆਪਣੀ ਹਾਜ਼ਰੀ ਲਵਾਈ।ਦਰਬਾਰ ਦੇ ਗੱਦੀਨਸ਼ੀਨ ਬਾਬਾ ਪ੍ਰਸ਼ੋਤਮ ਲਾਲ ਨੇ ਦੱਸਿਆ ਕਿ 4 ਜੂਨ ਮਹਿੰਦੀ, 5 ਜੂਨ ਨੂੰ ਚਿਰਾਗ ਰੋਸ਼ਨ ਤੇ ਚਾਦਰ ਚੜ੍ਹਾਉਣ ਅਤੇ 6 ਜੂਨ ਨੂੰ ਝੰਡੇ ਦੀ ਰਸਮ ਅਦਾ ਕੀਤੀ ਗਈ। ਸਮੁੱਚੇ ਨਗਰ ਦੀ ਖੁਸ਼ਹਾਲੀ ਅਤੇ ਸ਼ਾਂਤੀ ਲਈ ਅਰਦਾਸ ਕੀਤੀ ਗਈ। ਕੱਵਾਲੀਆਂ ਦੇ ਪ੍ਰੋਗਰਾਮ 'ਚ ਕਲਾਕਾਰਾਂ ਨੇ ਆਪਣੀ ਹਾਜ਼ਰੀ ਲਗਵਾਈ ।

ਲੰਗਰ ਅਤੁੱਟ ਵਰਤਾਇਆ ਗਿਆ। ਬਾਬਾ ਪ੍ਰਸ਼ੋਤਮ ਲਾਲ ਨੇ ਕਿਹਾ ਕਿ ਸਾਨੂੰ ਦੁਨੀਆਦਾਰੀ ਦੇ ਚੱਕਰ ਛੱਡ ਕੇ ਖੁਦਾ ਦੀ ਬੰਦਗੀ ਕਰਨੀ ਚਾਹੀਦੀ ਹੈ।ਬੰਦਗੀ ਤੋਂ ਬਗੈਰ ਬੰਦਾ ਮਿੱਟੀ ਦੇ ਸਮਾਨ ਹੈ।ਇਸ ਮੌਕੇ ਬਾਬਾ ਰਾਜੇਸ਼ ਦਾਸ, ਬਾਬਾ ਪਰਮਜੀਤ ਪੰਮਾ ਬਾਬਾ ਵਰੁਨ ਸੋਬਤੀ ਤੇ ਹੋਰ ਫੱਕਰ ਮੌਜੂਦ ਸਨ।

# ਮੁੱਖ ਮੰਤਰੀ ਕਿਸਾਨ ਤੇ ਖੇਤੀਹਰ ਮਜ਼ਦੂਰ ਜੀਵਨ ਸੁਰੱਖਿਆ ਯੋਜਨਾ ਤੋਂ ਖਤਮ ਹੋਵੇਗੀ ਉਮਰ ਸੀਮਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਅਤੇ ਖੇਤੀਹਰ ਮਜਦੂਰਾਂ ਦੇ ਲਈ ਚਲਾਈ ਜਾ ਰਹੀ ਮੁੱਖ ਮੰਤਰੀ ਕਿਸਾਨ ਅਤੇ ਖੇਤੀਹਰ ਮਜਦੂਰ ਜੀਵਨ ਸੁਰੱਖਿਆ ਯੋਜਨਾ ਵਿਚ ਉਮਰ ਸੀਮਾ ਨੂੰ ਖਤਮ ਕਰਨ ਦਾ ਵੱਡਾ ਫੈਸਲਾ ਕੀਤਾ ਹੈ। ਹੁਣ 10 ਸਾਲ ਤੋਂ ਘੱਟ ਉਮਰ ਅਤੇ 65 ਸਾਲ ਤੋਂ ਵੱਧ ਉਮਰ ਵਾਲੇ ਵਿਅਕਤੀਆਂ ਨੂੰ ਵੀ ਯੋਜਨਾ ਦੇ ਤਹਿਤ ਲਾਭ ਮਿਲ ਸਕੇਗਾ।ਇਸ ਯੋਜਨਾ ਦੇ ਤਹਿਤ ਕਿਸਾਨਾਂ, ਖੇਤੀਹਰ ਮਜਦੂਰਾਂ, ਮਾਰਕਿਟ ਯਾਰਡ ਵਿਚ ਕੰਮ ਕਰਨ ਵਾਲੇ ਮਜਦੂਰਾਂ ਨੂੰ ਖੇਤੀਬਾੜੀ ਮਸ਼ੀਨਰੀ 'ਤੇ ਕੰਮ ਕਰਨ ਦੌਰਾਨ ਮੌਤ ਜਾਂ ਅੰਗਹਾਨੀ ਹੋਣ 'ਤੇ 37,500 ਰੁਪਏ ਤੋਂ ਲੈ ਕੇ 5 ਲੱਖ ਰੁਪਏ ਤਕ ਦੀ ਮਾਲੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।ਇਹ ਫੈਸਲਾ ਮੁੱਖ ਮੰਤਰੀ ਨਾਇਬ ਸਿੰਘ ਦੀ ਅਗਵਾਈ ਹੇਠ ਅੱਜ ਇੱਥੇ ਹੋਈ ਖੇਤੀਬਾੜੀ ਅਤੇ ਕਿਸਾਨ ਭਲਾਈ , ਬਾਗਬਾਨੀ ਵਿਪਾਗ ਅਤੇ ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗਠ ਬੋਰਡ ਦੀ ਸਮੀਖਿਆ ਮੀਟਿੰਗ ਵਿਚ ਕੀਤਾ ਗਿਆ। ਮੀਟਿੰਗ ਵਿਚ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕੰਵਰ ਪਾਲ ਵੀ ਮੌਜੂਦ ਰਹੇ। ਮੁੱਖ ਮੰਤਰੀ ਨੇ ਬਿੰਦੂਵਾਰ ਸਾਰੀ ਪਰਿਯੋਜਨਾਵਾਂ ਦੀ ਸਮੀਖਿਆ ਕਰਦੇ ਹੋਏ ਵਿਸਤਾਰ ਦਿਸ਼ਾ-ਨਿਰਦੇਸ਼ ਦਿੱਤੇ। ਨਾਇਬ ਸਿੰਘ ਨੇ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਸਾਰੀ ਪਰਿਯੋਜਨਾਵਾਂ ਨੂੰ ਤੈਅ ਸਮੇਂ ਵਿਚ ਪੂਰਾ ਕੀਤਾ ਜਾਵੇ। ਕਿਸੇ ਵੀ ਪੱਧਰ ਤੇ ਕਿਸੇ ਵੀ ਤਰ੍ਹਾ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਦੇ ਨਾਲ ਹੀ ਆਉਣ ਵਾਲੀ 15 ਜੁਲਾਈ ਤੋਂ ਕਾਲਕਾ ਵਿਚ ਸੇਬ ਮੰਡੀ ਵਿਚ ਵੀ ਕੰਮ ਸ਼ੁਰੂ ਕੀਤਾ ਜਾਵੇ।

ਮੀਟਿੰਗ ਵਿਚ ਦਸਿਆ ਗਿਆ ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਵੱਲੋਂ ਸੂਬੇ ਦੀ 40 ਮੰਡੀਆਂ ਵਿਚ ਅਟੱਲ ਮਜਦੂਰ ਕੈਂਟੀਨ ਚਲਾਈ ਜਾ ਰਹੀ ਹੈ। ਇੰਨ੍ਹਾਂ ਕੈਂਟੀਨਾਂ ਵਿਚ ਕੋਈ ਵੀ ਨਾਗਰਿਕ ਵਿਸ਼ੇਸ਼ਕਰ ਕਿਸਾਨ ਤੇ ਮਜਦੂਰ ਸਿਰਫ 10 ਰੁਪਏ ਵਿਚ ਪੇਟ ਭਰ ਭੋਜਨ ਕਰ ਸਕਦੇ ਹਨ। ਪਹਿਲਾਂ ਇਹ ਕੈਂਟੀਨ ਸੀਜਨ ਦੇ ਅਨੁਸਾਰ ਚਲਾਈ ਜਾਂਦੀ ਸੀ, ਪਰ ਪਿਛਲੇ 4 ਮਹੀਨੇ ਤੋਂ ਹੁਣ ਇਹ ਕੈਂਟੀਨ ਪੂਰੇ ਸਾਲ ਦੇ ਲਈ ਚਲਾਈ ਜਾ ਰਹੀ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਅੰਕੁਰ ਗੁਪਤਾ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਮੁੱਖ ਮੰਤਰੀ ਦੀ ਵਧੀਕ ਪ੍ਰਧਾਨ ਸਕੱਤਰ ਆਸ਼ਿਮਾ ਬਰਾੜ, ਹਰਿਆਣਾ ਕੌਮਾਂਤਰੀ ਬਾਗਬਾਨੀ ਮਾਰਕਟਿੰਗ ਨਿਗਮ ਗਨੌਰ ਦੇ ਪ੍ਰਬੰਧ ਨਿਦੇਸ਼ਕ ਜੇ ਗਣੇਸ਼ਨ, ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਦੇ ਮੁੱਖ ਪ੍ਰਸਾਸ਼ਕ ਮੁਕੇਸ਼ ਕੁਮਾਰ ਆਹੂਜਾ, ਖੇਤੀਬਾੜੀ ਵਿਭਾਗ ਦੇ ਨਿਦੇਸ਼ਕ ਰਾਜ ਨਰਾਇਣ ਕੌਸ਼ਿਕ, ਬਾਗਬਾਨੀ ਵਿਭਾਗ ਦੇ ਮਹਾਨਿਦੇਸ਼ਕ ਅਰਜੁਨ ਸਿੰਘ ਸੈਨੀ ਅਤੇ ਮਹਾਰਾਣਾ ਪ੍ਰਤਾਪ ਬਾਗਬਾਨੀ ਯੂਨੀਵਰਸਿਟੀ ਕਰਨਾਲ ਦੇ ਵਾਇਸ ਚਾਂਸਲਰ ਡਾ. ਸੁਰੇਸ਼ ਕੇ ਮਲਹੋਤਰਾ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ।

# ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਤੇ ਪਾਣੀ ਦੀ ਸੁਚੱਜੀ ਵਰਤੋਂ ਸੰਬੰਧੀ ਕੈਂਪ ਲਗਾਇਆ

ਮੋਰਿੰਡਾ. ( ਜੈਜ਼ੀ ਸਰਦਾਰ ) ਸਾਉਣੀ ਦੀਆਂ ਫਸਲਾਂ ਦੀ ਕਾਸ਼ਤ, ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਅਤੇ ਪਾਣੀ ਦੀ ਸੁਚੱਜੀ ਵਰਤੋਂ ਲਈ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਡਾ. ਗੁਰਬਚਨ ਸਿੰਘ, ਮੁੱਖ ਖੇਤੀਬਾੜੀ ਅਫਸਰ, ਰੂਪਨਗਰ ਅਗਵਾਈ ਅਤੇ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਜ਼ਸਵੰਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੋਰਿੰਡਾ ਵਿਖੇ ਲਗਾਇਆ ਗਿਆ। ਕੈਂਪ ਦਾ ਉਦਘਾਟਨ ਡਾਇਰੈਕਟਰ ਖੇਤੀਬਾੜੀ ਪੰਜਾਬ ਵੱਲੋਂ ਕੀਤਾ ਗਿਆ।ਕੈਂਪ ਦੌਰਾਨ ਵੱਖ ਵੱਖ ਵਿਭਾਗਾਂ ਅਤੇ ਕੰਪਨੀਆਂ ਵੱਲੋਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਜਿਸ ਦਾ ਕਿਸਾਨਾਂ ਵੱਲੋਂ ਭਰਪੂਰ ਲਾਹਾ ਲਿਆ ਗਿਆ। ਡਾ. ਗੁਰਬਚਨ ਸਿੰਘ ਮੁੱਖ ਖੇਤੀਬਾੜੀ ਅਫਸਰ, ਰੂਪਨਗਰ ਨੇ ਵਿਭਾਗ ਵੱਲੋਂ ਕਿਸਾਨੀ ਹਿੱਤ ਵਿੱਚ ਕੀਤੇ ਗਏ ਕੰਮਾਂ ਦੀ ਕਾਰਗੁਜ਼ਾਰੀ ਅਤੇ ਸਾਉਣੀ ਦੀਆਂ ਫਸਲਾਂ ਲਈ ਐਕਸ਼ਨ ਪਲਾਨ ਸਮੂਹ ਕਿਸਾਨਾਂ ਨਾਲ ਸਾਂਝਾ ਕੀਤਾ।ਸੰਯਕਤ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ (ਇੰਜੀ) ਜਗਦੀਸ਼ ਸਿੰਘ ਨੇ ਕਿਸਾਨਾਂ ਨੂੰ ਸੰਬੋਧਨ ਹੁੰਦੇ ਕਿਸਾਨਾਂ ਨੂੰ ਦੱਸਿਆ ਗਿਆ ਕਿ ਪਰਾਲੀ ਦੀ ਸਾਂਭ ਸੰਭਾਲ ਲਈ ਸਰਕਾਰ ਵੱਲੋਂ ਇਸ ਵਾਰ ਵੱਖ-ਵੱਖ ਖੇਤੀ ਮਸ਼ੀਨਾਂ ਨਿੱਜੀ ਕਿਸਾਨਾਂ ਨੂੰ 50 ਪ੍ਰਤੀਸ਼ਤ ਅਤੇ ਕੋਆਪ੍ਰੇਟਿਵ ਸੁਸਾਇਟੀ, ਗ੍ਰਾਮ ਪੰਚਾਇਤਾਂ, ਗਰੁੱਪਾਂ ਨੂੰ 80 ਪ੍ਰਤੀਸ਼ਤ ਸਬਸਿਡੀ ਤੇ ਮੁਹੱਈਆ ਕਰਵਾਈ ਜਾਵੇਗੀ। ਬਿਨੈਕਾਰ ਮਸ਼ੀਨਾਂ ਲਈ ਆਨਲਾਈਨ ਪੋਰਟਲ ਤੇ 20 ਜੂਨ ਤੱਕ ਅਪਲਾਈ ਕਰ ਸਕਦੇ ਹਨ। ਇਸ ਵਾਰ ਟਰੈਕਟਰ ਵੀ ਕੋਆਪ੍ਰੇਟਿਵ ਸੁਸਾਇਟੀ, ਗ੍ਰਾਮ ਪੰਚਾਇਤਾਂ ਅਤੇ ਗਰੁੱਪਾਂ ਨੂੰ ਸਬਸਿਡੀ ਤੇ ਮੁਹੱਈਆ ਕਰਵਾਇਆ ਜਾਵੇਗਾ।ਡਾ. ਰਾਜੇਸ਼ ਕੁਮਾਰ ਸਹਾਇਕ ਡਾਇਰੈਕਟਰ ਬਾਗਬਾਨੀ ਵਿਭਾਗ ਰੂਪਨਗਰ ਨੇ ਕਿਸਾਨਾਂ ਨੂੰ ਪੋਲੀ ਹਾਊਸ, ਨੈਟ ਹਾਊਸ, ਸਪਰੇਅ ਪੰਪ, ਛੋਟੇ ਟਰੈਕਟਰ, ਕਿਚਨ ਗਾਰਡਨ ਟੂਲ ਅਤੇ ਖੁੰਭਾਂ 'ਤੇ ਵਿਭਾਗ ਦਿੱਤੀ ਜਾ ਰਹੀ ਸਬਸਿਡੀ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਇਆ। ਡਾ. ਸਤਬੀਰ ਸਿੰਘ ਡਿਪਟੀ ਡਾਇਰੈਕਟਰ ਕੇ.ਵੀ.ਕੇ ਰੂਪਨਗਰ ਵੱਲੋਂ ਆਪਣੀ ਸੰਸਥਾ ਦੀ ਮਹੱਤਤਾ ਸਬੰਧੀ ਕਿਸਾਨਾਂ ਨੂੰ ਰੁਬਰੂ ਕਰਵਾਇਆ। ਡਾ. ਉਰਵੀ ਸ਼ਰਮਾ ਨੇ ਸਰਵਪੱਖੀ ਕੀਟ ਪ੍ਰਬੰਧਨ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਇਆ। ਡਾ. ਅਪਰਨਾ ਵੱਲੋਂ ਦੁਧਾਰੂ ਪਸ਼ੂਆਂ ਵਿੱਚ ਮੂੰਹਖੋਰ ਅਤੇ ਗਲਘੋਟੂ ਬਿਮਾਰੀਆਂ ਦੇ ਟੀਕਾਕਰਨ ਸਬੰਧੀ ਦੱਸਿਆ ਗਿਆ। ਡਾ. ਜਗਮੋਹਨ ਸਿੰਘ ਸਹਾਇਕ ਪ੍ਰੋਫੈਸਰ ਵੱਲੋਂ ਮਿੱਟੀ ਅਤੇ ਪਾਣੀ ਪਰਖ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਡਾ. ਅੰਕੁਰਦੀਪ ਸਹਾਇਕ ਪ੍ਰੋਫੈਸਰ ਵੱਲੋਂ ਖੇਤੀ ਵਿੱਚ ਪਾਪੂਲਰ ਦੀ ਖੇਤੀ ਦੇ ਪ੍ਰਬੰਧਨ ਬਾਰੇ ਜਾਣੂ ਕਰਵਾਇਆ ਗਿਆ। ਡਾ. ਰਵਿੰਦਰ ਸਿੰਘ ਘੁੰਮਣ ਸਹਾਇਕ ਪ੍ਰੋਫੈਸਰ ਵੱਲੋਂ ਖਾਦਾਂ ਅਤੇ ਪਾਣੀ ਪ੍ਰਬੰਧਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਡਾ. ਸੰਜੀਵ ਕੁਮਾਰ ਅਹੂਜਾ ਨੇ ਫਲਾਂ ਅਤੇ ਫੁੱਲਾਂ ਦੀ ਕਾਸ਼ਤ ਬਾਰੇ ਕਿਸਾਨਾਂ ਨੂੰ ਉਤਸ਼ਹਿਤ ਕੀਤਾ ਗਿਆ।



ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਦੱਸਿਆ ਗਿਆ ਕਿ ਇਸ ਸਮੇਂ ਪੰਜਾਬ ਵਿੱਚ ਪਰਾਲੀ ਪ੍ਰਬੰਧਨ ਲਈ ਲਗਭਗ 1,25,000 ਮਸ਼ੀਨਰੀ ਸਬਸਿਡੀ ਤੇ ਮੁਹੱਈਆ ਕਰਵਾਈ ਜਾ ਚੁੱਕੀ ਹੈ। ਕਿਸਾਨਾਂ ਨੂੰ ਇਸ ਮਸ਼ੀਨਰੀ ਦੀ ਸੁਚੱਜੀ ਵਰਤੋ 'ਤੇ ਜ਼ੋਰ ਦੇਣ ਦੀ ਜ਼ਰੂਰਤ ਹੈ ਤਾਂ ਜ਼ੋ ਮਸ਼ੀਨਾਂ ਦੀ ਕਾਰਗੁਜਾਰੀ ਵਿੱਚ ਵਾਧਾ ਕੀਤਾ ਜਾ ਸਕੇ। ਉਨ੍ਹਾਂ ਵੱਲੋਂ ਪਾਣੀ ਦੇ ਡਿੱਗਦੇ ਪੱਧਰ ਨੂੰ ਨਜਿੱਠਣ ਲਈ ਝੋਨੇ ਦੀ ਸਿੱਧੀ ਬਿਜਾਈ ਕਰਨ ਤੇ ਜ਼ੋਰ ਦਿੱਤਾ ਗਿਆ। ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਵਿੱਤੀ ਸਹਾਇਤਾ ਦਿੱਤੀ ਜਾਵੇਗੀ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਪ ਮੰਡਲ ਮੈਜਿਸਟ੍ਰੇਟ ਮੋਰਿੰਡਾ ਸੁਖਪਾਲ ਸਿੰਘ ਅਤੇ ਤਹਿਸੀਲਦਾਰ ਪ੍ਰਵੀਨ ਬੰਸਲ ਵੱਲੋਂ ਕੈਂਪ ਵਿੱਚ ਸ਼ਿਰਕਤ ਕੀਤੀ ਗਈ।

ਉਪ ਮੰਡਲ ਮੈਜਿਸਟ੍ਰੇਟ ਵੱਲੋਂ ਵੀ ਕਿਸਾਨਾਂ ਨੂੰ ਪਾਣੀ ਦੀ ਬੱਚਤ ਕਰਨ ਲਈ ਹੋਰ ਫਸਲਾਂ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਇਸ ਵਾਰ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਿੱਚ ਕਾਫੀ ਵਾਧਾ ਵੇਖਿਆ ਗਿਆ ਹੈ। ਕਿਸਾਨਾਂ ਨੂੰ ਇਸ ਸਬੰਧੀ ਆਪਣੀ ਨੈਤਿਕ ਜਿੰਮੇਵਾਰੀ ਸਮਝਣੀ ਚਾਹੀਦੀ ਹੈ ਤਾਂ ਜੋ ਵਾਤਾਵਰਨ ਸਾਫ ਸੁਥਰਾ ਰੱਖਿਆ ਜਾ ਸਕੇ। ਉਨ੍ਹਾਂ ਨੇ ਕਿਸਾਨਾਂ ਨੂੰ ਖੇਤੀ ਸਬੰਧੀ ਵੱਖ ਵੱਖ ਤਕਨੀਕੀ ਜਾਣਕਾਰੀ ਲੈਣ ਲਈ ਸਮੇਂ-ਸਮੇਂ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰਨ ਲਈ ਕਿਹਾ ਗਿਆ ਤਾਂ ਜ਼ੋ ਕਿਸਾਨਾਂ ਨੂੰ ਖੇਤੀ ਤਕਨੀਕਾਂ ਸਬੰਧੀ ਜਾਣਕਾਰੀ ਮਿਲਦੀ ਰਹੇ।ਉਨ੍ਹਾਂ ਦੱਸਿਆ ਕਿ ਝੋਨੇ ਦੀ ਪੂਸਾ 44 ਕਿਸਮ ਦੀ ਕਾਸ਼ਤ ਨੂੰ ਸਰਕਾਰ ਵੱਲੋਂ ਬੈਨ ਕੀਤਾ ਗਿਆ ਹੈ। ਉਨ੍ਹਾਂ ਵੱਲੋਂ ਘੱਟ ਪਾਣੀ ਲੈਣ ਵਾਲੀਆਂ ਝੋਨੇ ਦੀਆਂ ਕਿਸਮਾਂ ਦੀ ਬਿਜਾਈ ਤੇ ਜ਼ੋਰ ਦੇਣ ਲਈ ਕਿਹਾ ਗਿਆ ਤਾਂ ਜ਼ੋ ਪਰਾਲੀ ਪ੍ਰਬੰਧਨ ਅਤੇ ਡਿੱਗਦੇ ਪਾਣੀ ਦੀ ਸਮੱਸਿਆ ਤੇ ਕਾਬੂ ਪਾਇਆ ਜਾ ਸਕੇ। ਕਣਕ ਅਤੇ ਝੋਨੇ ਦੇ ਬਦਲ ਲਈ ਜ਼ਿਲ੍ਹੇ ਵਿੱਚ ਪਾਪੂਲਰ ਨਰਸਰੀ ਸਥਾਪਤ ਕਰਨ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਸਾਲ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਮਸ਼ੀਨਾਂ ਸਬਸਿਡੀ ਤੇ ਜਲਦੀ ਹੀ ਉਪਲਬਧ ਕਰਵਾਈਆਂ ਜਾ ਰਹੀਆਂ ਹਨ ਤਾਂ ਜ਼ੋ ਕਿਸਾਨ ਵੀਰ ਸਮੇਂ ਸਿਰ ਪਰਾਲੀ ਪ੍ਰਬੰਧਨ ਕਰ ਸਕਣ।

ਉਨ੍ਹਾਂ ਨੇ ਕਿਸਾਨਾਂ ਨੂੰ ਦੱਸਿਆ ਕਿ ਇਸ ਸੀਜ਼ਨ ਦੌਰਾਨ ਖਾਦ ਅਤੇ ਬੀਜ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਕੈਂਪ ਦੌਰਾਨ ਕਿਸਾਨ ਜਥੇਬੰਦੀ ਅਤੇ ਡੀਲਰ ਐਸੋਸੀਏਸ਼ਨ ਮੋਰਿੰਡਾ ਵੱਲੋ ਡਾਇਰੈਕਟਰ ਖੇਤੀਬਾੜੀ ਨੂੰ ਸਨਮਾਨਿਤ ਕੀਤਾ ਗਿਆ ਅਤੇ ਵਧੀਆ ਕਾਰਗੁਜਾਰੀ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਗਏ। ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਜ਼ਿਲ੍ਹੇ ਦੇ ਕਿਸਾਨਾਂ ਵੱਲੋਂ ਭਾਗ ਲਿਆ ਗਿਆ।

8-Jun-PAGE-9.qxd 6/7/2024 9:01 PM Page 1



# ਕਿਸਾਨ ਮਜ਼ਦੂਰ ਮੋਰਚਾ ਦੇ ਆਗੂਆਂ ਨੇ ਕੁਲਵਿੰਦਰ ਕੌਰ ਨੂੰ ਦਿੱਤੀ ਸ਼ਾਬਾਸ਼





**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਕੰਗਣਾ ਰਨੌਤ ਐਪੀਸੋਡ ’ਤੇ ਪ੍ਰਤੀਕਰਿਆ ਦਿੰਦੇ ਹੋਏ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਦੇ ਆਗੂਆਂ ਨੇ ਕਲਵਿੰਦਰ ਕੌਰ ਨੂੰ ਸ਼ਾਬਾਸ਼ ਦਿੱਤੀ ਅਤੇ ਕਿਹਾ ਕਿ ਇਤਿਹਾਸਕ ਕਿਸਾਨ ਅੰਦੋਲਨ ਨੂੰ ਅਪਮਾਨਤ ਕਰਨ ਦੀ ਤਪਸ਼ ਸਦੀਆਂ ਤੱਕ ਰਹੇਗੀ, ਇਹ ਤਪਸ਼ ਬਾਰ ਬਾਰ ਪੰਜਾਬੀਆਂ ਦੀਆਂ ਜਾਗਦੀਆਂ ਜਮੀਰਾਂ ਦਾ ਪ੍ਰਗਟਾਵਾ ਕਰਦੀ ਰਹੇ। ਆਗੂਆਂ ਨੇ ਕਿਹਾ ਕਿ ਪੰਜਾਬ ਦੀ ਧੀ ਨੇ ਕਿਸਾਨੀ ਅੰਦੋਲਨ ਨੂੰ ਅਪਮਾਨਤ ਕਰਨ ਵਾਲੀ ਵਿਚਾਰਧਾਰਾ ਨੂੰ ਸਖਤ ਸੁਨੇਹਾ ਦਿੱਤਾ ਹੈ ਜਿਸ ਤੋਂ ਕਿਸਾਨਾਂ ਜਿਸ ਤੋਂ ਕਿਸਾਨਾਂ ਮਜ਼ਦੂਰਾਂ ਨੂੰ ਸਾਜਿਸ਼ਾਂ ਰਚ ਕੇ ਅਪਮਾਨਤ ਕਰਨ ਵਾਲੇ ਲੋਕਾਂ ਨੂੰ ਸਬਕ ਸਿੱਖਣਾ ਪਵੇਗਾ। ਆਗੂਆਂ ਨੇ ਕਿਹਾ ਕਿ ਉਹਨਾਂ ਦੀ ਜਥੇਬੰਦੀ ਪੰਜਾਬ ਦੀ ਧੀ ਕੁਲਵਿੰਦਰ ਕੌਰ ਦੇ ਨਾਲ ਹੈ ਅਤੇ ਹਰ ਵਕਤ ਉਸ ਦੀ ਹਰ ਤਰ੍ਹਾਂ ਦੀ ਮਦਦ ਕਰੇਗੀ। ਸਾਥੀ ਕਰਨ ਸਿੰਘ ਰਾਣਾ ਸੂਬਾਈ ਜਨਰਲ ਸਕੱਤਰ ਸਾਥੀ ਪਰਮਿੰਦਰ ਮੇਨ ਕਾ ਸੀਪੀਆਈ ਆਗੂ ਹਰਪਾਲ ਸਿੰਘ ਮੱਕੋਵਾਲ ਅਤੇ ਕਰਨੈਲ ਸਿੰਘ ਭੱਲਾ ਨੇ ਕਿਹਾ ਕਿ ਪੰਜਾਬ ਦੇ ਸਮੂਹ ਕਿਸਾਨ ਮਜ਼ਦੂਰ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ਾਂ ਨੂੰ ਹੋਰ ਤੇਜ ਕਰਨ ਅਤੇ ਦੇਸ਼ ਦੇ ਸਮੂਹ ਲੋਕਾਂ ਨੂੰ ਨਾਲ ਲੈ ਕੇ ਸੰਘਰਸ਼ਾਂ ਦਾ ਘੇਰਾ ਹੋਰ ਵਿਸ਼ਾਲ ਕਰਨ ਤਾਂ ਕਿ ਕੇਂਦਰ ਵਿੱਚ ਨਵੀਂ ਬਣੀ ਸਰਕਾਰ ਨੂੰ ਮਜਬੂਰ ਕੀਤਾ ਜਾਵੇ ਕਿ ਉਹ ਐਮਐਸ ਪੀ ਤੇ ਕਾਨੂੰਨੀ ਗਰੰਟੀ ਦੇਵੇ ਕਿਸਾਨਾਂ ਮਜ਼ਦੂਰਾਂ ਦਾ ਕਰਜਾ ਮਾਫ ਕਰੇ।

# ਡਰੋਲੀ ਕਲਾਂ ’ਚ ਸ਼ਹੀਦੀ ਦਿਹਾੜਾ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)**:- ਧੰਨ ਧੰਨ ਬਾਬਾ ਮਤੀ ਜੀ ਡਰੋਲੀ ਕਲਾਂ ਵਿਖੇ ਜੂਨ 1984 ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਘੱਲੂਘਾਰਾ ਦਿਵਸ ਸਮੂਹ ਨਗਰ ਨਿਵਾਸੀ ਸੰਗਤਾਂ ਤੇ ਗੁਰੂ ਘਰ ਦੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ ਦੇ ਸਹਿਯੋਗ ਨਾਲ ਮਨਾਇਆ ਗਿਆ।ਜਿਸ ਦੇ ਸੰਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਜਿਸ ਵਿਚ ਹਜ਼ੂਰੀ ਰਾਗੀ ਭਾਈ ਤਰਸੇਮ ਸਿੰਘ ਗੁਰਦੁਆਰਾ ਸ਼ਹੀਦ ਬਾਬਾ ਮਤੀ ਸਾਹਿਬ, ਹਜ਼ੂਰੀ ਰਾਗੀ ਭਾਈ ਹਰਭੇਜ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਢਾਡੀ ਜਥਾ ਗਿਆਨੀ ਭਾਈ ਅਵਤਾਰ ਸਿੰਘ ਧਾਲੀਵਾਲ ਤਰਨ ਤਾਰਨ ਸਾਹਿਬ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਇਤਿਹਾਸਕ ਵਾਰਾਂ ਰਾਹੀਂ ਨਿਹਾਲ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਸੁਰਜੀਤ ਸਿੰਘ ਵਲੋਂ ਨਿਭਾਈ ਗਈ।ਇਸ ਸਮਾਗਮ ਦੌਰਾਨ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ।ਇਸ ਮੌਕੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ, ਨਰਿੰਦਰ ਸਿੰਘ, ਰਛਪਾਲ ਸਿੰਘ, ਰਣਵੀਰਪਾਲ ਸਿੰਘ, ਜਸਪਾਲ ਸਿੰਘ, ਭਾਈ ਪ੍ਰਤੀਮ ਸਿੰਘ, ਕਰਮ ਸਿੰਘ, ਕਮਲਜੀਤ ਸਿੰਘ, ਹਰਵਿੰਦਰ ਸਿੰਘ, ਹਰਦੀਪ ਸਿੰਘ ਅਤੇ ਹੋਰ ਸੇਵਾਦਾਰ ਹਾਜ਼ ਰ ਸਨ।

# ਕੰਗਣਾ ਰਨੌਤ ਦੀ ਝੂਠੀ ਬਿਆਨਬਾਜੀ ’ਤੇ ਕੁਲਵਿੰਦਰ ਕੌਰ ਦੇ ਖਿਲਾਫ ਕਾਰਵਾਈ ਮੰਦਭਾਗੀ : ਬੂਰੇ ਜੱਟਾਂ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਬੀਰ ਸਿੰਘ ਸੈਣੀ )** ਫਿਰਕੂ ਤੇ ਵਿਵਾਦਪੂਰਨ ਬਿਆਨਬਾਜੀ ਕਰਨ ਲਈ ਮਸ਼ਹੂਰ ਹਿਮਾਚਲ ਦੇ ਮੰਡੀ ਇਲਾਕੇ ਤੋਂ ਨਵ ਨਿਯੁਕਤ ਸਾਂਸਦ ਕੰਗਣਾ ਰਣੌਤ ਨੇ ਚੰਡੀਗੜ੍ਹ ਏਅਰਪੋਰਟ ਤੇ ਸੀ ਆਈ ਐਸ ਐਫ ਅਧਿਕਾਰੀ ਕੁਲਵਿੰਦਰ ਕੌਰ ਨਾਲ ਸਿਕਿਉਰਟੀ ਚੈੱਕ ਅਪ ਦੌਰਾਨ ਹੋਏ ਵਿਵਾਦ ਤੋਂ ਬਾਅਦ ਝੂਠੀ ਬਿਆਨਬਾਜੀ ਕੀਤੀ ਅਤੇ ਏਅਰਪੋਰਟ ਪ੍ਰਸ਼ਾਸਨ ਵੱਲੋਂ ਤੁਰੰਤ ਸੀ ਆਈ ਐਸ ਐਫ ਅਧਿਕਾਰੀ ਕੁਲਵਿੰਦਰ ਕੌਰ ਖਿਲਾਫ ਜਾਂਚ ਤੋਂ ਬਗੈਰ ਵਿਭਾਗੀ ਕਾਰਵਾਈ ਕਰਦਿਆਂ ਪਹਿਲਾਂ ਸਸਪੈਂਡ ਕੀਤਾ ਗਿਆ ਤੇ ਐਫਆਈਆਰ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਜੋ ਕਿ ਮੰਦਭਾਗੀ ਕਾਰਵਾਈ ਹੈ ਜਿਸ ਦੀ ਆਜਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਸਖਤ ਲਫਜ਼ਾਂ ਵਿੱਚ ਨਿਖੇਧੀ ਕਰਦੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਬੰਦੀ ਦੀ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਅਕਬਰ ਸਿੰਘ ਬੂਰੇ ਜੱਟਾਂ ਸੀਨੀਅਰ ਮੀਤ ਪ੍ਰਧਾਨ ਨੇ ਕੀਤਾ। ਉਹਨਾਂ ਕਿਹਾ ਕਿ ਕਿਸਾਨੀ ਸੰਘਰਸ਼ ਦੌਰਾਨ ਨਵ ਨਿਯੁਕਤ ਸਾਂਸਦ ਮੈਂਬਰ ਕੰਗਣਾ ਰਣੌਤ ਨੇ ਉਸ ਸਮੇਂ ਸੰਘਰਸ਼ ਕਰ ਰਹੀਆਂ ਔਰਤਾਂ ਖਿਲਾਫ ਇਹ ਕਹਿ ਕੇ ਘਟੀਆ ਟਿੱਪਣੀਆਂ ਕੀਤੀਆਂ ਸਨ ਜੋ ਅੰਦੋਲਨ ਵਿੱਚ ਔਰਤਾਂ ਧਰਨੇ ’ਤੇ ਹਨ ਉਹ 100 -100 ਰੁਪਏ ਲੈ ਕੇ ਉੱਥੇ ਬੈਠੀਆਂ ਹਨ ਜਿਸ ਦੀ ਬਦੌਲਤ ਕੰਗਨਾ ਦਾ ਉਸ ਸਮੇਂ ਭਾਰੀ ਵਿਰੋਧ ਹੋਇਆ ਸੀ। ਉਹਨਾਂ ਕਿਹਾ ਕਿ ਨਵ ਨਿਯੁਕਤ ਸਾਂਸਦ ਮੈਂਬਰ ਕੰਗਣਾ ਰਣੌਤ ਸਨਕੀ ਕਿਸਮ ਦੀ ਔਰਤ ਹੈ ਤੇ ਆਪਣੀਆਂ ਆਦਤਾਂ ਅਤੇ ਬੋਲਬਾਣੀ ਕਰਕੇ ਅਕਸਰ ਵਿਵਾਦਾਂ ਵਿੱਚ ਰਹਿੰਦੀ ਹੈ, ਨੇ ਬਾਅਦ ਵਿੱਚ ਸੋਸ਼ਲ ਮੀਡੀਆ ਤੇ ਘਟਨਾ ਦੀ ਜਾਣਕਾਰੀ ਦਿੰਦੇ ਹੋਏ ਫਿਰ ਪੰਜਾਬ ਵਿੱਚ ਉਗਰਵਾਦ ਅਤੇ ਅਤੰਕਵਾਦ ਹੋਣ ਦੀ ਗੱਲ ਕਰਕੇ ਪੰਜਾਬ ਦੇ ਲੋਕਾਂ ਦਾ ਵੱਡਾ ਅਪਮਾਨ ਕੀਤਾ ਹੈ ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਸਖਤੀ ਨਾਲ ਵਿਰੋਧ ਕੀਤਾ ਜਾਵੇਗਾ ਅਤੇ ਕੁਲਵਿੰਦਰ ਕੌਰ ਦੀ ਹਰ ਪੱਖੋਂ ਮਦਦ ਕੀਤੀ ਜਾਵੇਗੀ। ਇਸ ਸਮੇਂ ਗੁਰਦੀਪ ਸਿੰਘ ਖੁਣ ਖੁਣ, ਰਣਧੀਰ ਸਿੰਘ ਅਸਲਪੁਰ, ਹਰਪ੍ਰੀਤ ਸਿੰਘ ਲਾਲੀ, ਬਾਬਾ ਕਿਰਪਾਲ ਸਿੰਘ ਪੰਡੋਰੀ ਖਜੂਰ, ਬਲਦੇਵ ਸਿੰਘ ਅਸਲਪੁਰ, ਲੰਬੜਦਾਰ ਮਨਜੀਤ ਸਿੰਘ ਆਦਿ ਹਾਜ਼ਰ ਸਨ।

# ਅਸਧਾਰਨ ਬੱਚਿਆਂ ਨੂੰ ਰਾਸ਼ਟਰੀ ਬਾਲ ਪੁਰਸਕਾਰ

**ਨਵਾਂਸ਼ਹਿਰ, (ਮਨੋਜ ਲਾਡੀ)**-ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਵਲੋਂ ਜਾਰੀ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਵਲੋਂ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਹਰ ਸਾਲ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਬੱਚਿਆਂ ਨੇ ਅਸਧਾਰਨ ਬਹਾਦਰੀ ਦਾ ਕੰਮ ਕੀਤਾ ਹੋਵੇ, ਸਪੈਸ਼ਲ ਬੱਚੇ ਜਿਨ੍ਹਾ ਵਿੱਚ ਅਸਧਾਰਨ ਯੋਗਤਾਵਾਂ ਨਾਲ ਵਿਸੇਸ਼ ਅਸਧਾਰਨ ਉਪਲਬਧੀਆਂ ਹਾਸਿਲ ਕੀਤੀਆਂ ਹੋਣ। ਉਹ ਅਸਧਾਰਨ ਬੱਚੇ ਜਿਨ੍ਹਾ ਨੇ ਖੇਡਾਂ, ਸਮਾਜ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ, ਕਲਾ ਅਤੇ ਸੱਭਿਆਚਾਰ ਅਤੇ ਨਵੀਨਤਾ ਦੇ ਖੇਤਰਾਂ ਵਿੱਚ, ਜੋ ਕਿ ਰਾਸ਼ਟਰੀ ਪੱਧਰ ’ਤੇ ਮਾਨਤਾ ਦੇ ਹੱਕਦਾਰ ਹਨ, ਜੋ ਬੱਚੇ ਭਾਰਤ ਦੇ ਨਾਗਰਿਕ ਹਨ ਅਤੇ 5 ਤੋਂ 18 ਸਾਲ ਤੱਕ ਦੀ ਉਮਰ ਦੇ ਹਨ।ਉਨ੍ਹਾ ਦੱਸਿਆ ਕਿ ਮੰਗੀ ਗਈ ਯੋਗਤਾ ਵਾਲੇ ਬੱਚੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਰ ਦੀ ਵੈਬਸਾਈਟ https://awards.gov.in ’ਤੇ ਆਪਣਾ ਰਜਿਸਟ੍ਰੇਸ਼ਨ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅਪੀਲ ਕੀਤੀ ਕਿ ਇਹ ਪੁਰਸਕਾਰ ਪਹਿਲਾ ਰਾਸ਼ਟਰੀ ਪੁਰਸਕਾਰ ਹੈ, ਇਸ ਲਈ ਜ਼ਿਲ੍ਹੇ ਦੇ ਅਜਿਹੇ ਬੱਚਿਆਂ ਦਾ ਰਜਿਸਟ੍ਰੇਸ਼ਨ ਕਰਵਾਇਆ ਜਾਵੇ ਤਾਂ ਜੋ ਇਨ੍ਹਾ ਬੱਚਿਆਂ ਨੂੰ ਇੱਕ ਵੱਖਰੀ ਪਹਿਚਾਣ ਮਿਲ ਸਕੇ। ਉਨ੍ਹਾ ਕਿਹਾ ਕਿ ਵਧੇਰੀ ਜਾਣਕਾਰੀ ਲਈ ਦਫਤਰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਤੀਜੀ ਮੰਜ਼ਲ, ਕਮਰਾ ਨੰ. 413, ਸ਼ਹੀਦ ਭਗਤ ਸਿੰਘ ਨਗਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਡੇਅਰੀ ਫਾਰਮਿੰਗ ਬਾਰੇ ਕਿੱਤਾਮੁਖੀ ਸਿਖਲਾਈ ਕੋਰਸ 11 ਤੋਂ 25 ਤੱਕ

**ਨਵਾਂਸ਼ਹਿਰ, (ਮਨੋਜ ਲਾਡੀ)**-ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ ਵੱਲੋਂ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਸਿਖਲਾਈ ਕੋਰਸ ਆਯੋਜਿਤ ਕੀਤੇ ਜਾਂਦੇ ਹਨ। ਇਸੇ ਲੜੀ ਅਧੀਨ ਡੇਅਰੀ ਫਾਰਮਿੰਗ ਬਾਰੇ ਕਿੱਤਾ-ਮੁਖੀ ਸਿਖਲਾਈ ਕੋਰਸ ਦਾ ਆਯੋਜਨ ਮਿਤੀ 11 ਜੂਨ ਤੋਂ 25 ਜੂਨ ਤੱਕ ਕੀਤਾ ਜਾ ਰਿਹਾ ਹੈ। ਇਸ ਬਾਰੇ ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕ੍ਰਿਸ਼ੀ ਵਿਗਿਆਨ ਕੇਂਦਰ, ਡਾ. ਮਨਿੰਦਰ ਸਿੰਘ ਬੌਂਸ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਸਿਖਲਾਈ ਕੋਰਸ ਦੌਰਾਨ ਸਿਖਿਆਰਥੀਆਂ ਨੂੰ ਦੁਧਾਰੂ ਪਸ਼ੂਆਂ ਦੀਆਂ ਨਸਲਾਂ, ਨਸਲਕੁਸ਼ੀ, ਪਸ਼ੂਆਂ ਦੀ ਖੁਰਾਕ, ਡੇਅਰੀ ਫਾਰਮ ਦੇ ਪ੍ਰਬੰਧ ਬਾਰੇ ਜਾਣਕਾਰੀ ਦੇ ਨਾਲ-ਨਾਲ ਪਸ਼ੂਆਂ ਦੀਆਂ ਪ੍ਰਮੁੱਖ ਬਿਮਾਰੀਆਂ ਬਾਰੇ ਜਾਣਕਾਰੀ ਤੇ ਉਨ੍ਹਾਂ ਦੀ ਰੋਕਥਾਮ, ਇਲਾਜ ਅਤੇ ਡੇਅਰੀ ਫਾਰਮ ਦੀ ਆਰਥਿਕਤਾ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਕੋਰਸ ਪੂਰਾ ਹੋਣ ਉਪਰੰਤ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ। ਚਾਹਵਾਨ ਸਿਖਿਆਰਥੀ 11 ਜੂਨ ਨੂੰ ਅਧਾਰ ਕਾਰਡ ਦੀ ਕਾਪੀ ਅਤੇ ਪਾਸਪੋਰਟ ਸਾਇਜ਼ ਫੋਟੋ ਨਾਲ ਲੈ ਕੇ ਕੇਂਦਰ ਵਿਖੇ ਸਵੇਰੇ 10 ਵਜੇ ਪਹੁੰਚ ਕੇ ਸਿਖਲਾਈ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨ।

# ਸਰਕਾਰੀ ਕਾਲਜ ’ਚ ਵਾਤਾਵਰਣ ਦਿਵਸ ਮਨਾਇਆ



**ਭੁਲੱਥ, (ਮਨਪ੍ਰੀਤ ਸਿੰਘ )** ਸਰਕਾਰੀ ਕਾਲਜ ਭੁਲੱਥ ਵਿਖੇ ਪ੍ਰਿੰਸੀਪਲ ਡਾ: ਸ਼ਸ਼ੀ ਬਾਲਾ ਦੀ ਅਗਵਾਈ ਹੇਠ ਵਾਤਾਵਰਣ ਦਿਵਸ ਮਨਾਇਆ ਗਿਆ। ਉਹਨਾਂ ਨੇ ਕਾਲਜ ਕੈਂਪਸ ਵਿੱਚ ਪੌਦਾ ਲਗਾ ਕੇ ਸਮਾਗਮ ਦਾ ਆਗ਼ਾਜ਼ ਕੀਤਾ। ਇਸ ਮੌਕੇ ਕਾਲਜ ਵਿਦਿਆਰਥੀਆਂ ਅਤੇ ਸਟਾਫ਼ ਨੇ ਵੀ ਕਾਲਜ ਵਿੱਚ ਪੌਦੇ ਲਗਾਏ। ਇਸ ਮੌਕੇ ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰੁੱਖ ਲਗਾਉਣਾ ਹਰ ਮਨੁੱਖ ਦਾ ਪਹਿਲਾ ਫ਼ਰਜ਼ ਹੈ ਤੇ ਹਰ ਮਨੁੱਖ ਨੂੰ ਆਪਣਾ ਇਹ ਫ਼ਰਜ਼ ਪੂਰਾ ਕਰਨਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਇਸ ਮੌਕੇ ਪ੍ਰੋ. ਵਿਜੇ ਸ਼ੰਕਰ ਨੇ ਕਿਹਾ ਖੁਸ਼ੀ ਵਾਲੀ ਗੱਲ ਕਿ ਸਰਕਾਰੀ ਕਾਲਜ ਭੁਲੱਥ ਆਪਣੇ ਹਰੇ-ਭਰੇ ਕੈਂਪਸ ਕਾਰਨ ਇਲਾਕੇ ਵਿੱਚ ਵਾਤਾਵਰਨ ਪ੍ਰੇਮੀਆਂ ਦੀ ਮਨਪਸੰਦ ਜਗ੍ਹਾ ਹੈ। ਇਸ ਕਾਲਜ ਨੂੰ ਹੋਰ ਸਜਾਵਟੀ ਰੁੱਖ ਲਗਾ ਕੇ ਹੋਰ ਖ਼ੂਬਸੂਰਤ ਬਣਾਇਆ ਜਾਵੇਗਾ। ਇਸ ਮੌਕੇ ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਸੀਮਾ, ਹਰਮਨਜੀਤ ਸਿੰਘ ਭੰਡਾਲ, ਰਾਕੇਸ਼ ਕੁਮਾਰ ਖੰਨਾ, ਲਾਲ, ਰਾਜ ਕੁਮਾਰ ਅਤੇ ਕਾਲਜ ਵਿਦਿਆਰਥੀ ਹਾਜ਼ਰ ਸਨ। ਸਮਾਗਮ ਦੇ ਅੰਤ ਵਿੱਚ ਡਾ: ਸੁਖਵੀਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ

# ਬਾਬਾ ਬਲਬੀਰ ਸਿੰਘ ਵੱਲੋਂ ਬੀਬਾ ਕੁਲਵਿੰਦਰ ਕੌਰ ਤੇ ਪਰਵਾਰ ਦਾ ਮਾਣ ਸਨਮਾਨ ਕਾਇਮ ਰੱਖਣ ਦਾ ਐਲਾਨ

**ਸ੍ਰੀ ਅਨੰਦਪੁਰ ਸਾਹਿਬ ( ਅਰਵਿੰਦਰ ਸਿੰਘ ਬਿੰਦੀ)** ਹਿਮਾਚਲ ਦੀ ਨਵੀਂ ਬਣੀ ਮੈਂਬਰ ਪਾਰਲੀਮੈਂਟ ਅਤੇ ਫਿਲਮੀ ਅਦਾਕਾਰਾ ਕੰਗਨਾ ਰਣੌਤ ਅਤੇ ਬੀਬਾ ਕੁਲਵਿੰਦਰ ਕੌਰ ਦਰਮਿਆਨ ਵਾਪਰੀ ਘਟਨਾ ’ਤੇ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਤਿੱਖਾ ਪ੍ਰਤੀਕਰਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਏਅਰਪੋਰਟ ’ਤੇ ਕੰਗਨਾ ਰਣੌਤ ਦੀਆਂ ਆਪਹੁਦਰੀਆਂ ਅਤੇ ਕਿਸਾਨ ਭਾਈਚਾਰੇ ਬਾਰੇ ਦਿੱਤੇ ਵਿਵਾਦਪੂਰਨ ਬਿਆਨਾਂ ਦੇ ਵਿਰੋਧ ਵਿੱਚ ਸੀ.ਆਈ. ਐਸ. ਐਫ ਦੀ ਮਹਿਲਾ ਕਾਂਸਟੇਬਲ ਦੀ ਵਾਪਰੀ ਘਟਨਾ ਵੱਡੇ ਰੋਸ ਦਾ ਪ੍ਰਗਟਾਵਾ ਹੈ।

ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਸ ਪ੍ਰੈਸ ਬਿਆਨ ਵਿੱਚ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਕੰਗਨਾ ਰਣੌਤ ਵੱਲੋਂ ਡਿਊਟੀ ਦੇ ਰਹੇ ਕਿਸੇ ਮੁਲਾਜ਼ਮ ਨੂੰ ਉਕਸਾਉਣਾ, ਚਿੜਾਉਣਾ ਜਾਂ ਉਸ ਦੀ ਅਣਖ ਨੂੰ ਵੰਗਾਰਨਾ ਸਰਾਸਰ ਗਲਤ ਹੈ। ਉਨ੍ਹਾਂ ਕਿਹਾ ਜੇ ਤੁਸੀ ਵਿਸ਼ੇਸ਼ਤਾ ਜਾਂ ਵੀ.ਆਈ.ਪੀ ਦੀ ਕੋਈ ਹੈਸੀਅਤ ਰੱਖਦੇ ਹੋ ਤਾਂ ਉਸ ਲਈ ਤੁਹਾਨੂੰ ਸਹਿਜ, ਠਰੰਮਾ, ਸਹਿਣਸ਼ੀਲਤਾ, ਧੀਰਜ ਅਤੇ ਵਿਸ਼ਾਲਤਾ ਨੂੰ ਧਾਰਨ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੁਲਵਿੰਦਰ ਕੌਰ ਦੀ ਘਟਨਾ ਨੇ ਸਾਬਤ ਕੀਤਾ ਹੈ ਕਿ ਅਣਖ, ਸੂਰਮਗਤੀ ਪੰਜਾਬੀ ਖੂਨ ਅੰਦਰ ਜਿਊਂਦੀ ਹੈ।

# ਸਬ-ਸੈਂਟਰ ਜਹੂਰਾ ’ਚ ਐਂਟੀ ਮਲੇਰੀਆ ਕੈਂਪ ਲਗਾਇਆ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਐਸ ਐਮ ਓ ਟਾਂਡਾ ਡਾ. ਕਰਨ ਕੁਮਾਰ ਸੈਣੀ ਦੀ ਯੋਗ ਅਗਵਾਈ ਹੇਠ ਹੈਲਥ ਇੰਸਪੈਕਟਰ ਗੁਰਜੀਤ ਸਿੰਘ ਦੀ ਹਾਜਰੀ ਵਿੱਚ ਸਲੱਮ ਏਰੀਆ ਜਹੂਰਾ, ਘੋੜੇਵਾਹਾ ਵਿਖੇ ਸਪੈਸ਼ਲ ਫੀਵਰ ਸਰਵੇ ਅਤੇ ਐਂਟੀ ਮਲੇਰੀਆ ਕੈਪ ਦਾ ਆਯੋਜਨ ਕੀਤਾ ਗਿਆ।ਇਸ ਸਮੇਂ ਹੈਲਥ ਇੰਸਪੈਕਟਰ ਗੁਰਜੀਤ ਸਿੰਘ ਅਤੇ ਸਿਹਤ ਕਰਮਚਾਰੀ ਗੁਰਜੋਤ ਸਿੰਘ ਨੇ ਲੋਕਾਂ ਨੂੰ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਠੰਢ ਅਤੇ ਕਾਂਬੇ ਨਾਲ ਬੁਖਾਰ, ਸਿਰਦਰਦ ਹੋਣਾ, ਥਕਾਵਟ ਅਤੇ ਕਮਜ਼ੋਰੀ ਹੋਣਾ ਆਦਿ ਲੱਛਣ ਹੋਣ ਤਾਂ ਨੇੜੇ ਦੇ ਸਿਹਤ ਕੇਂਦਰ ਵਿਖੇ ਜਾ ਕੇ ਖੂਨ ਦੀ ਜਾਂਚ ਕਰਵਾਓ। ਇਸ ਮੌਕੇ ਬੁਖਾਰ ਵਾਲੇ ਕੇਸਾਂ ਦਾ ਆਰ. ਡੀ.ਟੀ ਟੈਸਟ ਕੀਤੇ ਗਏ। ਉਨ੍ਹਾ ਕਿਹਾ ਕਿ ਮਲੇਰੀਆ ਬੁਖਾਰ ਤੋਂ ਬਚਣ ਲਈ ਘਰਾਂ ਦੇ ਆਲੇ ਦੁਆਲੇ ਟੋਇਆਂ ਵਿੱਚ ਪਾਣੀ ਇਕੱਠਾ ਨਹੀਂ ਹੋਣਾ ਦੇਣਾ ਚਾਹੀਦਾ ਤੇ ਟੋਇਆਂ ਨੂੰ ਮਿੱਟੀ ਨਾਲ ਭਰ ਦੇਣਾ ਚਾਹੀਦਾ ਹੈ। ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਪੂਰੀ ਤਰ੍ਹਾਂ ਢਕਿਆ ਰਹੇ ਤਾਂ ਕਿ ਤੁਹਾਨੂੰ ਮੱਛਰ ਨਾ ਕੱਟ ਸਕੇ ਅਤੇ ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ।ਇਸ ਮੌਕੇ ਜਤਿੰਦਰ ਸਿੰਘ, ਕੁਲਬੀਰ ਸਿੰਘ, ਰੰਜੀਵਪਾਲ ਸਿੰਘ ਹੈਲਥ ਇੰਸਪੈਕਟਰ, ਬਿੰਦਰਾ ਰਾਣੀ, ਅਵਤਾਰ ਸਿੰਘ, ਆਸ਼ਾ ਵਰਕਰ ਅਤੇ ਪ੍ਰਵਾਸੀ ਲੋਕ ਹਾਜ਼ਰ ਸਨ।

# ਲੱਕੀ ਸਰਵਟਾ ਤੇ ਬੰਟੀ ਗਿੱਲ ਦੀ ਅਗਵਾਈ ’ਚ ਲੱਡੂ ਵੰਡ ਕੇ ਮਨਾਈ ਡਾ. ਚੱਬੇਵਾਲੀ ਜਿੱਤ ਦੀ ਖ਼ੁਸ਼ੀ



**ਫਗਵਾੜਾ 7 ਜੂਨ ( ਡਾ. ਰਮਨ, ਢੱਡਾ )** ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ: ਰਾਜਕੁਮਾਰ ਚੱਬੇਵਾਲ ਦੀ ਜਿੱਤ ਦੀ ਖ਼ੁਸ਼ੀ ਮੁਹੱਲਾ ਪਲਾਹੀ ਗੇਟ ਵਿਖੇ ‘ਆਪ’ ਵਰਕਰਾਂ ਨੇ ਨੌਜਵਾਨ ਆਗੂਆਂ ਲੱਕੀ ਸਰਵਟਾ ਅਤੇ ਬੰਟੀ ਗਿੱਲ ਦੀ ਅਗਵਾਈ ’ਚ ਲੱਡੂ ਵੰਡ ਕੇ ਸਾਂਝੀ ਕੀਤੀ। ਇਸ ਦੌਰਾਨ ਆਮ ਆਦਮੀ ਪਾਰਟੀ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਦੇ ਸਪੁੱਤਰ ਹਰਨੂਰ ਸਿੰਘ ਹਰਜੀ ਮਾਨ ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਏ। ਉਹਨਾਂ ਨੇ ਭਗਵਾਨ ਵਾਲਮੀਕਿ ਜੀ ਅੱਗੇ ਨਤਮਸਤਕ ਹੁੰਦਿਆਂ ਆਸ਼ੀਰਵਾਦ ਲੈਣ ਉਪਰੰਤ ਲੱਕੀ ਸਰਵਟਾ ਅਤੇ ਹੋਰ ‘ਆਪ’ ਵਰਕਰਾਂ ਤੇ ਸਮਰਥਕਾਂ ਦਾ ਮੂੰਹ ਮਿੱਠਾ ਕਰਵਾਇਆ। ਹਰਜੀ ਮਾਨ ਨੇ ਲੋਕ ਸਭਾ ਚੋਣਾਂ ਦੌਰਾਨ ਡਾ: ਰਾਜਕੁਮਾਰ ਦੀ ਜਿੱਤ ਯਕੀਨੀ ਬਣਾਉਣ ਲਈ ਦਿੱਤੇ ਸਹਿਯੋਗ ਲਈ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਅਤੇ ਸੰਸਦ ਮੈਂਬਰ ਵਜੋਂ ਡਾ.ਰਾਜਕੁਮਾਰ ਚੱਬੇਵਾਲ ਫਗਵਾੜਾ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਮੁਹੱਲਾ ਪਲਾਹੀ ਗੇਟ ਦੇ ਵਿਕਾਸ ਨਾਲ ਸਬੰਧਤ ਜੋ ਕੰਮ ਅਧੂਰੇ ਪਏ ਹਨ, ਉਨ੍ਹਾਂ ਨੂੰ ਵੀ ਪਹਿਲ ਦੇ ਆਧਾਰ ’ਤੇ ਪੂਰਾ ਕਰਵਾਇਆ ਜਾਵੇਗਾ। ਲੱਕੀ ਸਰਵਟਾ ਨੇ ਹਰਜੀ ਮਾਨ ਦਾ ਪਹੁੰਚਣ ਲਈ ਧੰਨਵਾਦ ਕੀਤਾ। ਇਸ ਮੌਕੇ ‘ਆਪ’ ਦੇ ਸੀਨੀਅਰ ਆਗੂ ਹਰਮੇਸ਼ ਪਾਠਕ, ਬਿੱਟੂ ਸਰਵਟਾ ਪ੍ਰਧਾਨ, ਅਸ਼ੋਕ ਬੋਬੀ, ਲਲਿਤ ਸਰਵਟਾ, ਲਾਡੀ ਬਘਾਨੀਆ, ਰਿੰਕੂ ਘਈ, ਇੰਦੂ ਸਰਵਟਾ, ਸੀਮਾ ਗਿੱਲ, ਧਨਿਸ਼ਠਾ ਗਿੱਲ, ਸੰਜੀਵ ਮਿੰਟਾ, ਬੰਟੀ ਸਰਵਟਾ, ਗੌਰਵ ਸਰਵਟਾ, ਕਰਨ ਸਰਵਟਾ, ਜਤਿੰਦਰ ਸਰਵਟਾ, ਜਿੰਦਰ ਢੰਡਾ, ਰਾਜੇਸ਼ ਸਰਵਟਾ, ਆਕਾਸ਼ ਸਰਵਟਾ, ਰਾਜੀ ਢੰਡਾ, ਸੋਨੂੰ ਸਰਵਟਾ, ਕੁਸ਼ ਸਰਵਟਾ, ਸੋਢੀ

# ਮੋਟਰਸਾਈਕਲ ’ਤੇ ਆਏ ਨੌਜਵਾਨ ਕਾਰ ਚੋਰੀ ਕਰ ਕੇ ਫਰਾਰ



**ਅਲਾਵਲਪੁਰ (ਮਦਨ ਬੰਗੜ)**- ਕਿਸ਼ਨਗੜ੍ਹ ਵਿਖੇ ਅਣਪਛਾਤੇ ਮੋਟਰਸਾਈਕਲ ਸਵਾਰ ਚੋਰਾਂ ਨੇ ਖੜੀ ਕਾਰ ਨੂੰ ਨਿਸ਼ਾਨਾ ਬਣਾਇਆ ਅਤੇ ਕਾਰ ਨੂੰ ਚੋਰੀ ਕਰਕੇ ਜਲੰਧਰ ਵੱਲ ਨੂੰ ਫਰਾਰ ਹੋ ਗਏ। ਹਰਮੀਤ ਸਿੰਘ ਫੁੱਲ ਪੁੱਤਰ ਸਤਨਾਮ ਸਿੰਘ ਫੁੱਲ ਵਾਸੀ ਕਿਸ਼ਨਗੜ੍ਹ ਨੇ ਦੱਸਿਆ ਕਿ ਉਨਾਂ ਨੇ ਆਪਣੀ ਚਿੱਟੇ ਰੰਗ ਦੀ 2000 ਮਾਡਲ ਜੈਨ ਕਾਰ ਨੰਬਰ ਪੀਬੀ 08 ਏ ਏ 8090 ਨੂੰ ਆਪਣੇ ਘਰ ਦੇ ਪਿਛਲੇ ਪਾਸੇ ਪਿੰਡ ਦੇ ਵਿਚਕਾਰ ਖਾਲੀ ਜਗ੍ਹਾ ’ਤੇ ਜਿੱਥੇ ਅਕਸਰ ਹੀ ਸੱਤ ਤੋਂ ਅੱਠ ਕਾਰਾਂ ਖੜੀਆਂ ਰਹਿੰਦੀਆਂ ਹਨ, ਖੜੀ ਕੀਤੀ ਹੋਈ ਸੀ। ਪਰ ਜਦੋਂ ਉਹ ਸਵੇਰੇ ਆਪਣੀ ਜਲੰਧਰ ਵਿਖੇ ਦੁਕਾਨ ’ਤੇ ਜਾਣ ਲਈ ਕਾਰ ਲੈਣ ਗਏ ਤਾਂ ਇਹ ਦੇਖ ਕੇ ਉਹਨਾਂ ਦੇ ਹੋਸ਼ ਉੱਡ ਗਏ ਕਿ ਉਨਾਂ ਦੀ ਕਾਰ ਉਥੇ ਮੌਜੂਦ ਹੀ ਨਹੀਂ ਸੀ। ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕਰਨ ਤੋਂ ਬਾਅਦ ਪਤਾ ਲੱਗਿਆ ਕਿ ਰਾਤ ਦੇ ਕਰੀਬ 2 ਵਜੇ ਦੋ ਅਣਪਛਾਤੇ ਮੋਟਰਸਾਈਕਲ ਸਵਾਰ ਚੋਰ ਆਏ ਅਤੇ ਕਾਰ ਨੂੰ ਚੋਰੀ ਕਰਕੇ ਜਲੰਧਰ ਵੱਲ ਨੂੰ ਲੈ ਗਏ। ਜਿਸ ਦੌਰਾਨ ਇਹ ਪਤਾ ਲੱਗਿਆ ਕਿ ਇਕ ਚੋਰ ਮੋਟਰਸਾਈਕਲ ’ਤੇ ਅੱਗੇ ਜਾ ਰਿਹਾ ਹੈ ਅਤੇ ਦੂਸਰਾ ਚੋਰ ਕਾਰ ਨੂੰ ਚਲਾ ਕੇ ਜਲੰਧਰ ਵੱਲ ਨੂੰ ਲੈ ਕੇ ਜਾ ਰਿਹਾ ਹੈ। ਇਸ ਚੋਰੀ ਦੀ ਘਟਨਾ ਸਬੰਧੀ ਪੀੜਿਤ ਪਰਵਾਰ ਵੱਲੋਂ ਚੌਕੀ ਕਿਸ਼ਨਗੜ੍ਹ ਵਿਖੇ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ।

# ਬਾਬਾ ਸ੍ਰੀ ਚੰਦ ਦੇ ਜੀਵਨ ਇਤਿਹਾਸ ਨਾਲ ਸੰਬੰਧਤ ਪੁਸਤਕ ਰਿਲੀਜ਼



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**- ਗੁਰਦੁਆਰਾ ਗੁਰੂ ਨਾਨਕ ਦਰਬਾਰ ਅਸਥਾਨ ਬਾਬਾ ਸ੍ਰੀ ਚੰਦ ਜੀ ਟਾਂਡਾ ਸ੍ਰੀ ਹਰਗੋਬਿੰਦ ਪੁਰ ਨੇੜੇ ਪਿੰਡ ਗਿੱਲ ਕੋਟਲੀ ਵਿਖੇ ਭਾਈ ਲਾਲੋ ਸਹਿਤ ਸੁਸਾਇਟੀ ਟਾਂਡਾ ਦੇ ਪ੍ਰਧਾਨ ਪ੍ਰਿੰਸੀਪਲ ਵਿਸਾਖਾ ਸਿੰਘ ਵੱਲੋਂ ਲਿਖੀ ਹੋਈ ਪੁਸਤਕ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁਖਦੇਵ ਸਿੰਘ ਜੀ ਬੇਦੀ ਸੋਲਵੀਂ ਸੰਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਅੰਸ਼-ਵੰਸ਼ ਦਰਬਾਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਵਾਲਿਆਂ ਨੇ ਰਿਲੀਜ਼ ਕੀਤੀ। ਇਸ ਮੌਕੇ ਬਾਬਾ ਸੁਖਦੇਵ ਸਿੰਘ ਜੀ ਬੇਦੀ ਨੇ ਬੇਦੀ ਕੁੱਲ ਦੇ ਰੱਖਿਅਕ ,ਮਹਾਨ ਤਪਸਵੀ ਬਾਬਾ ਸ੍ਰੀ ਚੰਦ ਜੀ ਦੇ ਜੀਵਨ ਇਤਿਹਾਸ ਨਾਲ ਸੰਬੰਧਿਤ ਬਾਰਠ ਬਾਬਾ ਸ੍ਰੀ ਚੰਦ ਜੀ ਰਿਲੀਜ਼ ਕਰਦੇ ਹੋਏ ਜਿੱਥੇ ਪੁਸਤਕ ਦੇ ਲੇਖਕ ਪ੍ਰਿੰਸੀਪਲ ਵਿਸਾਖਾ ਸਿੰਘ ਨੂੰ ਮੁਬਾਰਕਬਾਦ ਦਿੱਤੀ ਉੱਥੇ ਹੀ ਉਹਨਾਂ ਨੇ ਦੱਸਿਆ ਕਿ ਇਸ ਪੁਸਤਕ ਵਿੱਚ ਬੇਦੀ ਕੁਲ ਦੇ ਰੱਖਿਅਕ ਬਾਬਾ ਸ੍ਰੀ ਚੰਦ ਜੀ ਤੇ ਬੇਦੀ ਪਰਵਾਰ ਦੇ ਸਬੰਧ ਵਿੱਚ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ। ਉਹਨਾਂ ਹੋਰ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਪ੍ਰਿੰਸੀਪਲ ਵਿਸਾਖਾ ਸਿੰਘ ਵੱਲੋਂ ਧਾਰਮਿਕ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਵਿਸ਼ੇਸ਼ ਉਪਰਾਲਾ ਕਰਦੇ 34 ਪੁਸਤਕਾਂ ਲਿਖ ਕੇ ਸੰਗਤ ਦੀ ਸੇਵਾ ਵਿੱਚ ਹਾਜ਼ਰ ਕੀਤੀਆਂ ਗਈਆਂ ਹਨ। ਇਸ ਮੌਕੇ ਪ੍ਰਿੰਸੀਪਲ ਵਿਸਾਖਾ ਸਿੰਘ ਨੇ ਬਾਬਾ ਸੁਖਦੇਵ ਸਿੰਘ ਬੇਦੀ ਤੇ ਹਾਜ਼ਰ ਹੋਰ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਭਾਈ ਲਾਲੋ ਸਾਹਿਤ ਸੁਸਾਇਟੀ ਟਾਂਡਾ ਵਲੋ ਧਾਰਮਿਕ ਸਾਹਿਤ ਦੇ ਪ੍ਰਚਾਰ ਅਤੇ ਪਸਾਰ ਵਾਸਤੇ ਯਤਨ ਕੀਤੇ ਜਾ ਰਹੇ ਹਨ ਅਤੇ ਸੁਸਾਇਟੀ ਦੇ ਜਨਰਲ ਸਕੱਤਰ ਡਾ. ਕੇਵਲ ਸਿੰਘ ਤੇ ਹੋਰ ਮੈਂਬਰਾਂ ਵੱਲੋਂ ਇਸ ਵਿੱਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਮੌਕੇ ਉਨਾਂ ਹੋਰ ਦੱਸਿਆ ਕਿ ਸਾਹਿਤ ਨੂੰ ਪ੍ਰਫੁੱਲਤ ਕਰਨ ਦੇ ਮੰਤਵ ਨਾਲ ਆਉਣ ਵਾਲੇ ਸਮੇਂ ਵਿੱਚ ਵੀ ਇਹ ਵੱਡਮੁੱਲੀਆਂ ਸੇਵਾਵਾਂ ਜਾਰੀ ਰਹਿਣਗੀਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਾਜਰ ਸਿੰਘ ਸਾਹਿਬ, ਹੈਡ ਗ੍ਰੰਥੀ ਬਾਬਾ ਗੁਰਬੰਤ ਸਿੰਘ, ਸੇਵਾਦਾਰ ਗੁਰਦੀਪ ਸਿੰਘ ਰਿੰਕੂ, ਜਥੇਦਾਰ ਪਰਮਜੀਤ ਸਿੰਘ ਖਾਲਸਾ ਸਤਨਾਮ ਸਿੰਘ, ਲਖਬੀਰ ਸਿੰਘ ਗਿੱਲਾਂ, ਬਲਦੇਵ ਸਿੰਘ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਕਾਂਗਰਸ ਦੀ ਪੰਜਾਬ ’ਚ ਜਿੱਤ ’ਤੇ ਵਰਕਰਾਂ ਤੇ ਵੋਟਰਾਂ ਦਾ ਧੰਨਵਾਦ : ਸੁਖਦੇਵ ਸੱਖਾ ਗੋਰਾਇਆ



**ਅੱਡਾ ਸਰਾਂ (ਜਸਵੀਰ ਕਾਜਲ )**-ਹਲਕਾ ਸ਼ਾਮ 84 ਅਧੀਨ ਅੱਡਾ ਭੂੰਗਾ ਨਜ਼ਦੀਕ ਪੈਂਦੇ ਪਿੰਡ ਗੋਰਾਇਆਂ ਦੇ ਐਸ ਸੀ ਵਿੰਗ ਦੇ ਪ੍ਰਧਾਨ ਸੁਖਦੇਵ ਸਿੰਘ ਸੁੱਖਾ ਅਤੇ ਕਾਂਗਰਸੀ ਵਰਕਰਾਂ ਨੇ ਕਾਂਗਰਸ ਪਾਰਟੀ ਵੱਲੋਂ ਲੋਕ ਸਭਾ ਦੀਆਂ ਵੋਟਾਂ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਦੇ ਹੋਏ ਜਿੱਤ ਪ੍ਰਾਪਤ ਕੀਤੀ, ਇਸ ਲਈ ਅਸੀਂ ਬਹੁਤ ਖੁਸ਼ੀ ਮਹਿਸੂਸ ਕਰਦੇ ਹਾਂ। ਅਸੀਂ ਆਪਣੇ ਹਲਕੇ ਦੇ ਸਮੂਹ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ,ਜਿਨ੍ਹਾਂ ਦੀ ਤਾਕਤ ਨਾਲ ਹੀ ਅਸੀਂ ਮਜ਼ਬੂਤ ਹੋਏ ਹਾਂ।ਸਾਬਕਾ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਨੇ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕੀਤੀ ਜੋ ਉਨ੍ਹਾਂ ’ਤੇ ਮੁੱਖ ਮੰਤਰੀ ਕਾਲ ਵਿੱਚ ਰੋਜ਼ਾਨਾ ਹੀ ਵਿਰੋਧੀ ਮਾੜੀਆਂ ਟਿੱਪਣੀਆਂ ਕਰਦੇ ਰਹਿੰਦੇ ਸਨ, ਜਿਸ ਦਾ ਜਵਾਬ ਜਲੰਧਰ ਦੇ ਵੋਟਰਾਂ ਨੇ ਦੇ ਦਿੱਤਾ ਹੈ। ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਦੀ ਸ਼ਾਨਦਾਰ ਜਿੱਤ ’ਤੇ ਅਸੀਂ ਵਧਾਈ ਦਿੰਦੇ ਹਾਂ। ਜਦੋਂ ਵੀ ਸੂਬੇ ਅੰਦਰ ਵਿਧਾਨ ਸਭਾ ਦੀਆਂ ਚੋਣਾਂ ਹੋਣਗੀਆਂ ਤਾਂ ਕਾਂਗਰਸ ਵਧੀਆ ਪ੍ਰਦਰਸ਼ਨ ਕਰੇਗੀ।

ਇਸ ਮੌਕੇ ਸਰਪੰਚ ਮਨਦੀਪ ਕੌਰ, ਸਾਬਕਾ ਸਰਪੰਚ ਜਗਜੀਤ ਸਿੰਘ, ਸਰਬਜੀਤ ਸਿੰਘ, ਰਜਿੰਦਰ ਸਿੰਘ ਸਾਬਕਾ ਪੰਚ , ਬਲਵਿੰਦਰ ਕੌਰ ਸਾਬਕਾ ਪੰਚ ਆਦਿ ਹਾਜ਼ਰ ਸਨ।

# ਲਾਇਨ ਕਲੱਬ ਐਕਟਿਵ ਵਲੋਂ ਪੜ੍ਹਾਈ ’ਚ ਮੱਲਾਂ ਮਾਰਨ ਵਾਲੇ ਵਿਦਿਆਰਥੀ ਸਨਮਾਨਤ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਲਾਇਨ ਕਲੱਬ ਐਕਟਿਵ ਨਵਾਂਸ਼ਹਿਰ ਦੇ ਪ੍ਰਧਾਨ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਵਿਸ਼ਕਰਮਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਤੇ ਬਾਬਾ ਵਜੀਦ ਹਾਈ ਸਕੂਲ ਨਵਾਂਸ਼ਹਿਰ ਦੇ 5, 8,10,12ਵੀਂ ਕਲਾਸ ਵਿਚੋਂ ਪੜ੍ਹਾਈ ਵਿੱਚ ਪਹਿਲਾ, ਦੂਜਾ,ਤੀਜਾ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ ਲਾਇਨ ਕਲੱਬ ਦੇ ਜ਼ੋਨਲ ਚੇਅਰਮੈਨ ਤਰਲੋਚਨ ਸਿੰਘ ਵਿਰਦੀ ਦੀ ਟੀਮ ਵੱਲੋਂ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ। ਉਨ੍ਹਾਂ ਰਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਉਤਸ਼ਾਹਿਤ ਕਰਨ ਵਾਲੇ ਅਧਿਆਪਕਾਂ ਨੂੰ ਵੀ ਬੱਚਿਆਂ ਦੇ ਨਾਲ ਨੂੰ ਸਨਮਾਨਿਤ ਕਰਦੇ ਰਹਾਂਗੇ। ਚੇਅਰਮੈਨ ਨੇ ਕਿਹਾ ਕਿ ਕਲੱਬ ਵਲੋਂ ਮਨੁੱਖਤਾ ਦੇ ਭਲੇ ਲਈ ਗੁਰਦੁਆਰਾ ਟਾਹਲੀ ਸਾਹਿਬ ਨਵਾਂਸ਼ਹਿਰ ਵਿਖੇ ਹਰ ਸੰਗਰਾਂਦ ’ਤੇ ਮੁਫ਼ਤ ਮੈਡੀਕਲ ਕੈਂਪ ਅਤੇ ਅੱਖਾਂ ਦਾ ਚੈੱਕ ਅੱਪ ਕੈਂਪ 10 ਵਜੇ ਤੋਂ 2 ਵਜੇ ਤੱਕ ਲਾਇਆ ਜਾਂਦਾ ਹੈ। ਪ੍ਰਿੰਸੀਪਲ ਰਜਨੀਸ਼ ਕੁਮਾਰੀ, ਜਸਵੀਰ ਸਿੰਘ ਪ੍ਰਿੰਸੀਪਲ ਨੇ ਕਲੱਬ ਵੱਲੋਂ ਬੱਚਿਆਂ ਅਤੇ ਅਧਿਆਪਕਾਂ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਤ ਕਰਨ ਲਈ ਧੰਨਵਾਦ ਕੀਤਾ।ਇਸ ਮੌਕੇ ਸੰਜੀਵ ਕੁਮਾਰ ਕੈਂਥ, ਚੇਤ ਰਾਮ ਰਤਨ,ਮਨਪ੍ਰੀਤ ਸਿੰਘ, ਰਾਜੀਵ ਕੁਮਾਰ, ਆਦਿ ਹਾਜ਼ਰ ਸਨ।



# ਡਿਸਪੋਜ਼ਲ ਦਾ ਗੇਟ ਵਾਲ ਖ਼ੁਦ ਖੋਲ੍ਹ ਕੇ ਸੀਵਰੇਜ ਦੇ ਗੰਦੇ ਪਾਣੀ ਦਾ ਹੱਲ ਕੀਤਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਨਗਰ ਕੌਂਸਲ ਨਵਾਂਸ਼ਹਿਰ ਦੇ ਲਾਰਿਆਂ ਤੋਂ ਅੱਕੇ ਅਤੇ ਸੀਵਰੇਜ ਦੇ ਗੰਦੇ ਪਾਣੀ ਤੋਂ ਸਤਾਏ ਗੁਰੂ ਤੇਗਬਹਾਦਰ ਨਗਰ, ਬੰਗਾ ਰੋਡ ਦੇ ਲੋਕਾਂ ਨੇ ਸਵੇਰੇ 9 ਵਜੇ ਦੇ ਕਰੀਬ ਆਪ ਡਿਸਪੋਜਲ ਦਾ ਗੇਟ ਵਾਲ ਖੋਹਲ ਕੇ ਗੰਦਾ ਪਾਣੀ ਡਰੇਨ ਵਿਚ ਪਾ ਦਿੱਤਾ।ਵਰਨਣਯੋਗ ਹੈ ਕਿ ਮੁਹੱਲਾ ਵਾਸੀ ਕਰੀਬ ਦੋ ਮਹੀਨੇ ਤੋਂ ਗੰਦੇ ਪਾਣੀ ਦੇ ਨਿਕਾਸ ਦੀ ਮੰਗ ਨੂੰ ਲੈ ਕੇ ਨਗਰ ਕੌਂਸਲ ਨਵਾਂਸ਼ਹਿਰ ਦੇ ਗੇੜੇ ਮਾਰ ਰਹੇ ਸਨ ਪਰ ਨਾਹੀਂ ਉਹਨਾਂ ਦੀ ਕਿਸੇ ਅਧਿਕਾਰੀ ਨੇ ਸੁਣੀ ਅਤੇ ਨਾ ਹੀ ਕਿਸੇ ਐਮ.ਸੀ ਨੇ ਉਹਨਾਂ ਦੀ ਬਾਂਹ ਫੜੀ।ਸਵੇਰੇ ਸ਼ਾਮ ਸੀਵਰੇਜ ਦਾ ਗੰਦਾ ਪਾਣੀ ਓਵਰ ਫਲੋਅ ਹੋਕੇ ਗਲੀਆਂ ਵਿਚ ਘੁੰਮਣ ਲੱਗਦਾ।ਹੱਦ ਤਾਂ ਉਦੋਂ ਹੋ ਗਈ ਜਦੋਂ ਸੀਵਰੇਜ ਦਾ ਗੰਦਾ ਪਾਣੀ ਵਾਟਰ ਸਪਲਾਈ ਵਾਲੇ ਪਾਈਪਾਂ ਵਿਚ ਮਿਲਕੇ ਟੂਟੀਆਂ ਵਿਚ ਆਉਣ ਲੱਗਾ ਅਤੇ ਘਰਾਂ ਦੀਆਂ ਪਾਣੀ ਦੀਆਂ ਟੈਂਕੀਆਂ ਵਿਚ ਪੁੱਜ ਕੇ ਬਿਮਾਰੀਆਂ ਨੂੰ ਸੱਦਾ ਦੇਣ ਲੱਗਾ।ਲੋਕਾਂ ਨੂੰ ਲਾਮਬੰਦ ਕਰਨ ਅਤੇ ਉਹਨਾਂ ਨੂੰ ਸੰਘਰਸ਼ਾਂ ਵਿਚ ਪਾਉਣ ਵਾਲੇ ਇਸ ਮੁਹੱਲੇ ਦੇ ਵਾਸੀ ਕੁਲਵਿੰਦਰ ਸਿੰਘ ਵੜੈਚ ਨੇ ਮੁਹੱਲਾ ਵਾਸੀਆਂ ਦੀਆਂ ਕਈ ਮੀਟਿੰਗਾਂ ਕੀਤੀਆਂ।ਬੀਤੀ ਸ਼ਾਮ ਕੀਤੀ ਮੀਟਿੰਗ ਵਿਚ ਲੋਕਾਂ ਨੇ ਡਿਸਪੋਜ਼ਲ ਦੇ ਗੇਟ ਵਾਲ ਖੋਲਣ ਦਾ ਸਰਬਸੰਮਤੀ ਨਾਲ ਫੈਸਲਾ ਕਰ ਲਿਆ।ਇਸ ਫੈਸਲੇ ਨੂੰ ਸਵੇਰੇ ਅਮਲ ਵਿਚ ਲਿਆਂਦਾ ਗਿਆ।ਇਸ ਮੌਕੇ ਮੁਹੱਲੇ ਦੀਆਂ ਔਰਤਾਂ ਵੀ ਵੱਡੀ ਗਿਣਤੀ ਵਿਚ ਸ਼ਾਮਲ ਸਨ। ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਸੀਵਰੇਜ ਦੇ ਗੰਦੇ ਪਾਣੀ ਨਾਲ ਬਿਮਾਰੀਆਂ ਫੈਲ ਰਹੀਆਂ ਸਨ ਪਰ ਐਮ. ਸੀ ਲੋਕ ਸਭਾ ਦੀਆਂ ਚੋਣਾਂ ਨੂੰ ਤਰਜੀਹ ਦੇ ਰਹੇ ਸਨ ਅਤੇ ਅਫਸਰਸ਼ਾਹੀ ਲਾਰਿਆਂ ਤੋਂ ਬਿਨਾਂ ਹੋਰ ਕੁਝ ਵੀ ਪੱਲੇ ਨਹੀਂ ਸੀ ਪਾ ਰਹੀ।ਭਿਆਨਕ ਬਿਮਾਰੀਆਂ ਫੈਲ ਰਹੀਆਂ ਸਨ।ਵਾਟਰ ਸਪਲਾਈ ਦੀਆਂ ਪਾਈਪਾਂ ਵਿਚ ਬਹੁਤ ਹੀ ਗੰਦਾ ਪਾਣੀ ਆ ਰਿਹਾ ਸੀ ।ਘਰਾਂ ਵਿਚ ਲੱਗੇ ਆਰ.ਓ ਸਿਸਟਮ ਵੀ ਜਵਾਬ ਦੇ ਚੁੱਕੇ ਸਨ ਅਤੇ ਲੋਕ ਗੰਦਾ ਪਾਣੀ ਪੀਣ ਲਈ ਮਜਬੂਰ ਸਨ।ਉਹਨਾਂ ਕਿਹਾ ਕਿ ਜਦੋਂ ਕੋਈ ਵੀ ਲੋਕਾਂ ਦੀ ਬਾਂਹ ਨਹੀਂ ਫੜਦਾ ਤਾਂ ਲੋਕ ਖ਼ੁਦ ਅਜਿਹਾ ਫੈਸਲਾ ਲੈਣ ਲਈ ਮਜਬੂਰ ਹੁੰਦੇ ਹਨ।ਇਸ ਮੌਕੇ ਪੁਨੀਤ ਕਲੇਰ, ਇਸਲਾਮੁਦੀਨ ਹਰਮਿਲਾ ਦੇਵੀ,ਆਜਾਦ, ,ਕੁਲਦੀਪ ਦੀਪਾ ਕਰਿਆਮ, ਅਮਰਜੀਤ, ਭੁਪਿੰਦਰ ਕੌਰ, ਰਾਮ ਬ੍ਰਿਛ,ਕੇਸਰ, ਰਾਮ ਸਰੂਪ ਅਤੇ ਸਤਿੰਦਰ ਕੌਰ ਅਤੇ ਹੋਰ ਮੁਹੱਲਾ ਵਾਸੀ ਵੱਡੀ ਗਿਣਤੀ ਵਿਚ ਮੌਜੂਦ ਸਨ।

# ਕਿਸਾਨਾਂ ਦੇ ਕੁਝ ਭੱਖਦੇ ਮਸਲੇ... (ਸ.ਫਾ 4 ਦੀ ਬਾਕੀ)

ਉਪਰੋਕਤ ਵੇਰਵਿਆਂ ਮੁਤਾਬਕ ਪਿਛਲੇ ਚਾਰ ਸਾਲਾਂ ਦੌਰਾਨ ਕਿਸਾਨਾਂ ਦੀ ਜੋ ਤਿੰਨ ਫਸਲਾਂ ਦੀ ਤਬਾਹੀ ਹੋਈ, ਉਨ੍ਹਾਂ ਫਸਲਾਂ ਨੂੰ ਪੈਦਾ ਕਰਨ ਲਈ ਕਿਸਾਨਾਂ ਦੀ ਜੇਬ ਵਿੱਚੋਂ ਬਤੌਰ ਖੇਤੀ ਲਾਗਤਾਂ ਦਾ ਵੱਡਾ ਖਰਚ ਹੋਇਆ। ਉਦਾਹਰਣ ਵਿੱਚ ਦਿੱਤੇ ਅੰਕੜਿਆਂ ਅਨੁਸਾਰ ਉਨ੍ਹਾਂ ਲਾਗਤਾਂ ਦਾ ਜੋੜ 5 ਏਕੜ ਦੇ ਮਾਲਕ ਕਿਸਾਨਾਂ ਲਈ ਚਾਰ ਲੱਖ ਬੱਤੀ ਹਜ਼ਾਰ 10 ਏਕੜ ਦੇ ਮਾਲਕ ਕਿਸਾਨਾਂ ਲਈ ਅੱਠ ਲੱਖ ਚੌਂਹਟ ਹਜ਼ਾਰ ਅਤੇ 15 ਏਕੜ ਦੇ ਮਾਲਕ ਕਿਸਾਨਾਂ ਲਈ ਬਾਰਾਂ ਲੱਖ ਛਿਆਨਵੇਂ ਹਜ਼ਾਰ ਰੁਪਏ ਦੇ ਬਰਾਬਰ ਬਣਦਾ ਹੈ, ਕਿਸਾਨਾਂ ਲਈ ਮਜਬੂਰਨ ਚੱਟੀ ਭਰਨ ਦੇ ਬਰਾਬਰ ਹੈ।

ਜੇਕਰ ਕਿਸਾਨ ਦੀ ਇੱਕ ਫਸਲ ਵੀ ਤਬਾਹ ਹੋ ਜਾਵੇ ਤਾਂ ਉਸ ਦੇ ਪਰਵਾਰ ਵਿੱਚ ਵੱਡੀ ਉਥਲ-ਪੁਥਲ ਹੁੰਦੀ ਹੈ, ਜਿਸ ਤੋਂ ਉਭਰਨਾ ਬਹੁਤ ਔਖਾ ਹੁੰਦਾ ਹੈ, ਪਰ ਜਿਨ੍ਹਾਂ ਕਿਸਾਨਾਂ ਦੀਆਂ ਚਾਰ ਸਾਲਾਂ ਵਿੱਚ 3 ਫਸਲਾਂ ਤਬਾਹ ਹੋ ਚੁੱਕੀਆਂ ਹੋਣ, ਉਨ੍ਹਾਂ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਅੰਦਾਜ਼ਾ ਲਾਉਣਾ ਸੌਖਾ ਨਹੀਂ। ਖੇਤੀ ਲਾਗਤਾਂ ਵਜੋਂ ਕਈ-ਕਈ ਲੱਖ ਰੁਪਏ ਦੀਆਂ ਰਕਮਾਂ ਦੀ ਵਸੂਲੀ ਬਕਾਇਆ ਪਈ ਹੈ। ਕਿਸਾਨਾਂ ਕੋਲ ਨਾਂ ਤਾ ਕੋਈ ਖਜ਼ਾਨਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਟੈਕਸ ਲਗਾ ਕੇ ਆਪਣਾ ਬਕਾਇਆ ਵਸੂਲਣ ਦਾ ਅਧਿਕਾਰ ਹੈ, ਜਦੋਂ ਕਿ ਸਰਕਾਰਾਂ ਕੋਲ ਤਾਂ ਆਮਦਨ ਦੇ ਅਨੇਕਾਂ ਬਦਲ ਮੌਜੂਦ ਹਨ, ਪਰ ਫਿਰ ਵੀ ਮੁਆਵਜ਼ੇ ਦੀ ਅਦਾਇਗੀ ਸਾਲਾਂਬੱਧੀ ਟਾਲਣ ਦੇ ਕਾਰਨ ਤਾਂ ਸਰਕਾਰਾਂ ਖੁਦ ਹੀ ਜਾਣਦੀਆਂ ਹਨ। ਕਿਸਾਨਾਂ ਵੱਲੋਂ ਬੈਂਕਾਂ ਤੋਂ ਲਏ ਕਰਜ਼ਿਆਂ ਦੀਆਂ ਕਿਸ਼ਤਾਂ ਵਾਪਸ ਨਹੀਂ ਹੁੰਦੀਆਂ ਆੜ੍ਹਤੀਆਂ ਕੋਲੋਂ ਕਰਜ਼ਿਆਂ ’ਤੇ ਵਿਆਜ ਕਾਰਨ ਵਧਦਾ ਭਾਰੀ ਬੋਝ ਅਤੇ ਆੜ੍ਹਤੀਆਂ ਦੇ ਕਰਜ਼ਿਆਂ ਦੀ ਅਦਾਇਗੀ ਨਾ ਹੋਣ ਕਾਰਨ ਆੜ੍ਹਤੀਆਂ ਵੱਲੋਂ ਹੋਰ ਕਰਜ਼ਾ ਲੈਣਾ ਵੀ ਸੰਭਵ ਨਹੀਂ ਹੁੰਦਾ ਅਤੇ ਕਿਸਾਨਾਂ ਦੇ ਸਾਰੇ ਕੰਮ ਠੱਪ ਹੋ ਕੇ ਰਹਿ ਜਾਂਦੇ ਹਨ।

ਉਪਰੋਕਤ ਵੇਰਵਿਆਂ ਤੋਂ ਸਪੱਸ਼ਟ ਹੈ ਕਿ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਖੇਤੀ ਫਸਲਾਂ ਨਾਲ ਸੰਬੰਧਤ ਅਰਥ ਸ਼ਾਸਤਰ ਦੇ ਮੂਲ ਸਿਧਾਂਤਾਂ ਦੀ ਉਲੰਘਣਾ ਹੁੰਦੀ ਹੈ, ਜਿਸ ਦੇ ਨਤੀਜੇ ਵਜੋਂ ਕਿਸਾਨਾਂ ਦੀ ਆਰਥਿਕ ਦਸ਼ਾ ਨਿਘਾਰ ਵੱਲ ਜਾਂਦੀ ਹੈ। ਇਸ ਦੇ ਸੁਧਾਰ ਲਈ ਰਾਜ ਸਰਕਾਰ ਨੂੰ ਖੇਤੀ ਮੁਆਵਜ਼ੇ ਲਾਗਤ ਮੁੱਲ ਦੀ ਪੂਰੀ ਰਕਮ ਦੇ ਹਿਸਾਬ ਨਾਲ ਤਬਾਹ ਹੋਈ ਸਾਰੀ ਫਸਲ ਦਾ ਮੁਆਵਜ਼ਾ ਬਗੈਰ ਦੇਰੀ ਦੇ ਅਦਾ ਕਰਨਾ ਬਣਦਾ ਹੈ।

ਇਸੇ ਤਰ੍ਹਾਂ ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਹਰੇਕ ਫਸਲ ਦਾ ਸਮਰਥਨ ਮੁੱਲ ਤਹਿ ਕਰਨ ਸਮੇਂ ਅਰਥ ਸ਼ਾਸਤਰ ਦੇ ਮੂਲ ਸਿਧਾਂਤਾਂ ਦੀ ਉਲੰਘਣਾ ਤੋਂ ਬਚਿਆ ਜਾਵੇ ਅਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕੀਤਾ ਜਾਵੇ, ਇਸ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਅਤੇ ਕਿਸਾਨਾਂ ਨੂੰ 6000 ਰੁਪਏ ਵਰਗੀਆਂ ਸਮਾਜਿਕ ਸੁਰੱਖਿਆ ਯੋਜਨਾਵਾਂ ਲਾਗੂ ਕਰਨ ਕਾਰਨ ਕੇਂਦਰ ਸਰਕਾਰ ’ਤੇ ਪੈਂਦੇ ਵੱਡੇ ਵਿੱਤੀ ਬੋਝ ਨੂੰ ਘੱਟ ਕਰਨ ਦਾ ਇਕ ਹੋਰ ਬਦਲ ਵੀ ਲਾਗੂ ਕੀਤਾ ਜਾ ਸਕਦਾ ਹੈ। ਇਸ ਬਦਲ ਮੁਤਾਬਕ ਸਰਕਾਰ ਵੱਲੋਂ ਖੁੱਲ੍ਹੀ ਮੰਡੀ ਵਿੱਚ ਅਨਾਜ ਜਾਰੀ ਕਰਨ ਲਈ ਦੋਹਰੇ ਭਾਅ ਦੀ ਪ੍ਰਣਾਲੀ ਲਾਗੂ ਕਰਕੇ ਦੇਸ਼ ਦੇ ਆਰਥਿਕ ਤੌਰ ’ਤੇ ਸਮਰੱਥ ਲੋਕਾਂ ਪਾਸੋਂ ਥੋੜਾ ਜ਼ਿਆਦਾ ਭਾਅ ਵਸੂਲ ਕੇ ਵਿੱਤੀ ਬੋਝ ਨੂੰ ਘੱਟ ਕੀਤਾ ਜਾ ਸਕਦਾ ਹੈ।

ਇਸ ਤੋਂ ਅੱਗੇ ਇੱਕ ਹੋਰ ਮਹੱਤਵਪੂਰਨ ਮਸਲੇ ਬਾਰੇ ਪੜਚੋਲ ਕਰਨੀ ਜ਼ਰੂਰੀ ਹੈ, ਜਿਸ ਅਨੁਸਾਰ ਇੱਕ ਪਾਸੇ ਕੇਂਦਰ ਸਰਕਾਰ ਅਤੇ ਵੱਖ-ਵੱਖ ਰਾਜ ਸਰਕਾਰਾਂ ਵੱਲੋਂ ਅਲੱਗ-ਅਲੱਗ ਨਾਵਾਂ ਹੇਠ ਬਹੁਤ ਸਾਰੀਆਂ ਸਮਾਜਿਕ ਸੁਰੱਖਿਆ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਅਧੀਨ ਕਰੋੜਾਂ ਦੀ ਗਿਣਤੀ ਵਿੱਚ ਲਾਭਪਾਤਰੀਆਂ ਨੂੰ ਹਰ ਸਾਲ ਕਈ ਲੱਖ ਕਰੋੜ ਰੁਪਏ 100 ਫੀਸਦੀ ਸਬਸਿਡੀ ’ਤੇ ਦੇਣ ਲਈ ਖਰਚ ਕੀਤੇ ਜਾ ਰਹੇ ਹਨ। ਇਨ੍ਹਾਂ ਯੋਜਨਾਵਾਂ ਵਿੱਚੋਂ ਕੇਂਦਰ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਸਭ ਤੋਂ ਵੱਡੀ ਯੋਜਨਾ ਹੈ, ਜੋ ਸੰਨ 2023 ਤੋਂ ਚੱਲ ਰਹੀ ਹੈ। ਸੰਨ 2024 ਤੋਂ ਅਗਲੇ 5 ਸਾਲਾਂ ਤੱਕ ਅੱਗੇ ਵਧਾ ਦਿੱਤੀ ਗਈ ਹੈ, ਜਿਸ ਵਿੱਚ ਲਾਭਪਾਤਰੀਆਂ ਦੀ ਗਿਣਤੀ 81 ਕਰੋੜ ਤੋਂ ਵੀ ਵੱਧ ਹੈ।

ਉਪਰੋਕਤ ਯੋਜਨਾਵਾਂ ਸਮੇਤ ਬਹੁਤ ਸਾਰੀਆਂ ਹੋਰ ਯੋਜਨਾਵਾਂ ਅਧੀਨ ਅਦਾ ਕਰਨ ਵਾਲੀ ਮੁਫਤ ਸਹਾਇਤਾ ਪ੍ਰਦਾਨ ਕਰਨ ਲਈ ਸਰਕਾਰਾਂ ਲਗਾਤਾਰ ਵਿੱਤੀ ਸਾਧਨਾਂ ਦਾ ਇੰਤਜ਼ਾਮ ਕਰਦੀਆਂ ਰਹਿੰਦੀਆਂ ਹਨ, ਜਦੋਂਕਿ ਇਸ ਦੇ ਮੁਕਾਬਲੇ ਕਿਸਾਨਾਂ ਦੀਆਂ ਤਬਾਹ ਹੋਈਆਂ ਫਸਲਾਂ ਦੇ ਮੁਆਵਜ਼ੇ ਦੀ ਪੂਰੀ ਰਕਮ ਅਦਾ ਕਰਨ ਲਈ ਆਪਣੀ ਜੇਬ ਵਿੱਚੋਂ ਖੇਤੀ ਲਾਗਤਾਂ ਅਦਾ ਕੀਤੇ ਜਾਣ ਦੀ ਅਣਦੇਖੀ ਕੀਤੀ ਜਾਂਦੀ ਹੈ, ਜਦੋਂ ਕਿ ਕਿਸਾਨਾਂ ਦਾ ਮੁਆਵਜ਼ੇ ਦੀ ਰਕਮ ਵਸੂਲ ਕਰਨ ਦਾ ਅਧਿਕਾਰ ਹੈ ਅਤੇ ਮੁਆਵਜ਼ੇ ਦੀ ਅਦਾਇਗੀ ਨਾ ਹੋਣ ਕਾਰਨ ਕਿਸਾਨਾਂ ਨੂੰ ਖੇਤੀ ਲਾਗਤਾਂ ਵਸੂਲ ਨਾ ਹੋਣ ਕਾਰਨ ਬਗੈਰ ਕਿਸੇ ਕਸੂਰ ਦੇ ਵੱਡੀ ਚੱਟੀ ਭਰਨੀ ਪੈਂਦੀ ਹੈ ਅਤੇ ਸਰਕਾਰਾਂ ਦਾ ਇਸ ਤਰ੍ਹਾਂ ਦਾ ਵਤੀਰਾ ਕਿਸਾਨਾਂ ਨਾਲ ਵਿਤਕਰਾ ਕਰਨ ਦੇ ਬਰਾਬਰ ਹੈ।

ਬੇਸ਼ੱਕ ਕਿਸਾਨਾਂ ਨੂੰ ਕਿਸੇ ਵੀ ਵਰਗ ਦੇ ਲਾਭਪਾਤਰੀਆਂ ਦੀ ਸਰਕਾਰ ਵੱਲੋਂ ਸਹਾਇਤਾ ਕਰਨ ਬਾਰੇ ਕੋਈ ਇਤਰਾਜ਼ ਨਹੀਂ ਹੈ, ਪਰ ਇਸ ਵਿਤਕਰੇ ਕਾਰਨ ਕਿਸਾਨਾਂ ਨੂੰ ਮੁਫਤ ਦੀ ਚੱਟੀ ਭਰਨ ਲਈ ਮਜਬੂਰ ਕਰਨਾ ਭਾਰਤੀ ਸੰਵਿਧਾਨ ਅਨੁਸਾਰ ਭਾਰਤੀ ਨਾਗਰਿਕਾਂ ਨੂੰ ਮਿਲੇ ਮੌਲਿਕ ਅਧਿਕਾਰਾਂ ਦੀ ਸਰਾਸਰ ਉਲੰਘਣਾ ਹੈ ਅਤੇ ਇਸ ਬਰਾਬਰਤਾ ਦੇ ਅਧਿਕਾਰ ਦੀ ਉਲੰਘਣਾ ਹੋਣ ਕਾਰਨ ਅਸਿੱਧੇ ਤੌਰ ’ਤੇ ਕਿਸਾਨਾਂ ਦੇ ਜਿਊਣ ਦੇ ਅਧਿਕਾਰ ਅਤੇ ਸੰਪਤੀ ਦੇ ਅਧਿਕਾਰ ਵਰਗੇ ਮੌਲਿਕ ਅਧਿਕਾਰਾਂ ਦੀ ਵੀ ਉਲੰਘਣਾ ਹੈ।

ਉਪਰੋਕਤ ਵੇਰਵਿਆਂ ਦੇ ਮੱਦੇ-ਨਜ਼ਰ ਕਿਸਾਨਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਨ ਦੀ ਸ਼ਿਕਾਇਤ ਨੂੰ ਦੂਰ ਕਰਨ ਲਈ ਰਾਜ ਸਰਕਾਰ ਨੂੰ ਚਾਹੀਦਾ ਹੈ ਫਸਲਾਂ ਦੀਆਂ ਲਾਗਤਾਂ ਬੀਤੀ ਵੀਹਵੀਂ ਸਦੀ ਦੀ ਥਾਂ ’ਤੇ ਵਰਤਮਾਨ ਖਰਚਿਆਂ ਦੇ ਪੱਧਰ ’ਤੇ ਤਹਿ ਕਰਕੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਅਤੇ ਜਾਂ ਫਿਰ ਕੇਂਦਰ ਸਰਕਾਰ ਵੱਲੋਂ ਸਪੈਸ਼ਲ ਗਰਾਂਟ ਮਨਜ਼ੂਰ ਕਰਕੇ ਕਿਸਾਨਾਂ ਦੇ ਮੌਲਿਕ ਅਧਿਕਾਰਾਂ ਦੀ ਭਰਪਾਈ ਕਰਦੇ ਹੋਏ ਖੁੱਲ੍ਹਦਿਲੀ ਦਿਖਾਈ ਜਾਵੇ।

ਵੈਸੇ ਵੀ ਇਸ ਮੁੱਦੇ ’ਤੇ ਆਖਰੀ ਛੋਹ ਦਿੰਦੇ ਹੋਏ ਇੱਕ ਸੁਝਾਅ ਦੇਣਾ ਬਣਦਾ ਹੈ ਕਿ ਕੇਂਦਰ ਸਰਕਾਰ ਭਾਰਤੀ ਅਰਥਚਾਰੇ ਨੂੰ ਹੋਰ ਹੁਲਾਰਾ ਦੇਣ ਲਈ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਬਾਰੇ ਅਰਥ ਸ਼ਾਸਤਰ ਦੇ ਮੂਲ ਸਿਧਾਂਤ ਦੀ ਪਾਲਣਾ ਕਰਨ ਬਾਰੇ ਗੌਰ ਕਰੇ।

**# ਸੰਪਰਕ : 90235-11216**

# ਡੇਰਾ ਸੰਤ ਬਾਬਾ ਫੂਲ ਨਾਥ , ਸੰਤ ਬ੍ਰਹਮਨਾਥ ਚਹੇੜੂ ਵਿਖੇ ਸਾਲਾਨਾ ਜੋੜ ਮੇਲਾ ਭਲਕੇ

**ਅਲਾਵਲਪੁਰ ( ਮਦਨ ਬੰਗੜ )** ਮਹਾਨ ਤੱਪਸਵੀ, ਪਰਉਪਕਾਰੀ, ਸ਼ਾਂਤੀ ਦੇ ਪੁੰਜ, ਸਰਬਸਾਂਝੀਵਾਲਤਾ ਦੇ ਮੁੱਦਈ ਸੰਤ ਬਾਬਾ ਫੂਲ ਨਾਥ ਮਹਾਰਾਜ, ਸੰਤ ਬਾਬਾ ਬ੍ਰਹਮਨਾਥ ਮਹਾਰਾਜ ਦੀ ਬਰਸੋਈ ਹੋਈ ਪਾਵਨ ਧਰਮ ਸਥਲੀ ਡੇਰਾ ਚਿਹੇੜੂ ਵਿਖੇ ਸੰਤ ਮਹਾਂਪੁਰਸ਼ਾਂ ਦੀ ਚਿਰ ਸਦੀਵੀ ਯਾਦ ਨੂੰ ਤਾਜਾ ਰੱਖਣ ਲਈ ਸਾਲਾਨਾ ਜੋੜ ਮੇਲਾ 9 ਜੂਨ ਨੂੰ ਦੇਸ਼ ਵਿਦੇਸ਼ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਅਯੋਜਿਤ ਕਰਵਾਇਆ ਜਾਵੇਗਾ। ਸਮੁੱਚੇ ਸਮਾਗਮ ਮੌਜੂਦਾ ਗੱਦੀਨਸ਼ੀਨ, ਅਵਾਜ-ਏ -ਕੌਮ ਸੰਤ ਕ੍ਰਿਸ਼ਨ ਨਾਥ ਮਹਾਰਾਜ ਦੀ ਯੋਗ ਸ੍ਰਪ੍ਰਸਤੀ ਹੇਠ ਆਯੋਜਿਤ ਕਰਵਾਏ ਜਾਣਗੇ। ਸਮਾਗਮਾਂ ਸਬੰਧੀ ਪ੍ਰਬੰਧਕਾਂ ਭੁੱਲਾ ਰਾਮ ਸੁਮਨ,ਧਰਮਪਾਲ ਕਲੇਰ, ਕਮਲਜੀਤ ਖੋਥੜਾਂ ਨੇ ਦੱਸਿਆ ਕਿ ਸਮਾਗਮ ਸਮੇਂ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੇ ਪਾਠਾਂ ਦੇ ਭੋਗ ਉਪਰੰਤ ਖੁੱਲੇ ਪੰਡਾਲ ਵਿੱਚ ਡੇਰੇ ਦੇ ਹਜ਼ੂਰੀ ਰਾਗੀ ਜਥਿਆਂ ਵਲੋਂ ਗੁਰਬਾਣੀ ਦਾ ਰਸਭਿੰਨਾ ਸ਼ਬਦ ਕੀਰਤਨ ਹੋਵੇਗਾ ।ਇਸ ਮੌਕੇ ’ਤੇ ਵੱਖ-ਵੱਖ ਡੇਰਿਆਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ ਅਤੇ ਸੰਤ ਮਹਾਂਪੁਰਸ਼ਾਂ ਦੇ ਜੀਵਨ ਸੰਘਰਸ਼ ਸਬੰਧੀ ਆਪਣੇ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸੰਗਤਾਂ ਲਈ ਠੰਡੇ ਜਲ ਤੇ ਗੁਰੂ ਕੇ ਅਟੁੱਟ ਲੰਗਰ ਵਰਤਾਏ ਜਾਣਗੇ।

# ਡਾਕਟਰ ਬੀ ਆਰ ਅੰਬੇਡਕਰ ਦਾ ਜਨਮ ਦਿਨ ਅੱਜ ਮਨਾਇਆ ਜਾਵੇਗਾ

**ਫਗਵਾੜਾ (ਜਸਵਿੰਦਰ ਢੱਡਾ)**- ਭਾਰਤੀ ਸੰਵਿਧਾਨਕ ਦੇ ਨਿਰਮਾਤਾ ਭਾਰਤ ਰਤਨ ਡਾਕਟਰ ਬੀ ਆਰ ਅੰਬੇਡਕਰ ਦਾ ਜਨਮ ਦਿਨ 8 ਜੂਨ ਨੂੰ ਸ਼ਾਮ 7 ਵਜੇ ਤੋਂ ਦੇਰ ਰਾਤ ਤੱਕ ਮੇਨ ਰੋਡ ਰਾਜਾ ਗਾਰਡਨ ਫਗਵਾੜਾ ਵਿਖੇ ਸਮੂਹ ਨਗਰ ਨਿਵਾਸੀਆਂ ਤੇ ਮੂਲ ਨਿਵਾਸੀ ਸੰਘ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਦੀ ਪ੍ਰਧਾਨਗੀ ਮੁਲਖ ਰਾਜ ਪ੍ਰਧਾਨ ਮੂਲ ਨਿਵਾਸੀ ਸੰਘ ਪੰਜਾਬ ਕਰਨਗੇ ਜਦ ਕਿ ਡਾਕਟਰ ਆਨੰਦ ਰਾਸ਼ਟਰੀ ਪ੍ਰੈਸ ਸਕੱਤਰ ਮੂਲ ਨਿਵਾਸੀ ਸੰਘ, ਨਿਤਿਨ ਥਾਬਲਕੇ ਵਾਈਸ ਪ੍ਰਧਾਨ ਬਾਮਸੇਫ ਪੰਜਾਬ ਹੋਣਗੇ। ਉਹ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਦੇ ਜੀਵਨ ਤੇ ਸੰਘਰਸ਼ ’ਤੇ ਵਿਸਥਾਰ ਪੂਰਵਕ ਚਾਨਣਾ ਪਾਉਣਗੇ। ਇਸ ਮੌਕੇ ਮਿਸ਼ਨਰੀ ਗਾਇਕ ਗਿਆਨ ਬੰਗੜ ਲੁਧਿਆਣਾ ਵਾਲੇ ਮਿਸ਼ਨਰੀ ਪ੍ਰੋਗਰਾਮ ਪੇਸ਼ ਕਰਨਗੇ। ਪ੍ਰੈਸ ਨੂੰ ਉਕਤ ਜਾਣਕਾਰੀ ਚਰਨਜੀਤ ਬਿੱਲ ਮੂਲ ਨਿਵਾਸੀ ਸੰਘ ਦੇ ਆਗੂ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਫਗਵਾੜਾ ਨੇ ਦਿੱਤੀ।

8-JUNE-PAGE-10.qxd 6/7/2024 8:57 PM Page 1



# ਹਨੇਰੀ ਦੌਰਾਨ ਅੱਗ ਲੱਗਣ ਨਾਲ ਦੋ ਬੱਸਾਂ ਤੇ ਟਾਟਾ ਏਸ ਟੈਂਪੂ ਸੜੇ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸ਼ਹਿਰ ਵਿੱਚ ਸਟੇਸ਼ਨਰੀ ਦੇ ਇੱਕ ਸ਼ੋ-ਰੂਮ ਨੂੰ ਲੱਗੀ ਭਿਆਨਕ ਅੱਗ ਵਿੱਚ ਹੋਇਆ ਕਰੋੜਾਂ ਰੁਪਏ ਦਾ ਨੁਕਸਾਨ ਹਾਲੇ ਲੋਕਾਂ ਦੇ ਚੇਤਿਆਂ ਵਿੱਚੋਂ ਵਿਸਰਿਆ ਨਹੀਂ ਸੀ ਕਿ ਬੀਤੀ ਰਾਤ ਇਲਾਕੇ ਵਿੱਚ ਆਈ ਤੇਜ਼ ਹਨੇਰੀ ਦੇ ਚਲਦਿਆਂ ਸੰਗਰੂਰ ਰੋਡ ਉੱਤੇ ਇੱਕ ਟਰਾਂਸਪੋਰਟ ਕੰਪਨੀ ਦੇ ਗੈਰਾਜ ਵਿੱਚ ਅੱਗ ਲੱਗਣ ਕਰਕੇ ਗੈਰਾਜ ਵਿੱਚ ਖੜੀਆਂ ਦੋ ਬੱਸਾਂ ਤੇ ਇੱਕ ਟਾਟਾ ਏਸ ਟੈਂਪੂ ਸੜ ਕੇ ਸੁਆਹ ਹੋ ਗਿਆ।ਪਤਾ ਲੱਗਦਿਆਂ ਹੀ ਮੌਕੇ ਉੱਤੇ ਪਹੁੰਚੇ ਲੋਕਾਂ ਨੇ ਅੱਗ ਉੱਪਰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਤੇਜ਼ ਹਨੇਰੀ ਕਰਕੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਘਟਨਾ ਦਾ ਪਤਾ ਲੱਗਣ ਉੱਤੇ ਹੀ ਦੇਰੀ ਨਾਲ ਪਹੁੰਚੀਆਂ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਦੇ ਆਉਣ ਮਗਰੋਂ ਫਾਇਰ ਅਮਲੇ ਵੱਲੋਂ ਅੱਗ ਉੱਤੇ ਕਾਬੂ ਪਾਇਆ ਜਾ ਸਕਿਆ। ਜਾਣਕਾਰੀ ਦਿੰਦਿਆਂ ਫਰੈਂਕੋ ਬੱਸ ਸਰਵਿਸ ਦੇ ਮਾਲਕ ਹੰਸ ਰਾਜ ਨੇ ਦੱਸਿਆ ਕਿ ਉਹ ਟਰਾਂਸਪੋਰਟ ਦੇ ਨਾਲ ਨਾਲ ਪੁਰਾਣੀਆਂ ਬੱਸਾਂ ਦੀ ਵੇਚ ਖਰੀਦ ਦਾ ਕੰਮ ਕਰਦਾ ਸੀ ਅਤੇ ਇਸ ਕੰਮ ਲਈ ਉਸ ਨੇ ਸ਼ਹਿਰ ਦੇ ਸੰਗਰੂਰ ਰੋਡ 'ਤੇ ਇੱਕ ਗੈਰਾਜ ਬਣਾਈ ਹੋਈ ਸੀ, ਜਿਸ ਉਪਰੋਂ ਬਿਜਲੀ ਦੀਆਂ ਹਾਈ ਵੋਲਟੇਜ ਤਾਰਾਂ ਲੰਘਦੀਆਂ ਹੋਣ ਦੇ ਨਾਲ ਨਾਲ ਇੱਕ ਛੋਟੀ ਬਿਜਲੀ ਦੀ ਲਾਈਨ ਵੀ ਨੇੜਿਓਂ ਲੰਘਦੀ ਹੈ।ਉਨ੍ਹਾਂ ਦੱਸਿਆ ਕਿ ਬੀਤੀ ਰਾਤ ਆਈ ਤੇਜ਼ ਹਨੇਰੀ ਦੌਰਾਨ ਅਚਾਨਕ ਗੈਰਾਜ ਵਿੱਚ ਅੱਗ ਲੱਗ ਗਈ, ਜਿਸ ਨਾਲ ਗੈਰਾਜ ਵਿੱਚ ਖੜੀਆਂ ਦੋ ਬੱਸਾਂ ਤੇ ਇੱਕ ਟਾਟਾ ਏਸ ਛੋਟੀ ਗੱਡੀ ਅੱਗ ਦੀ ਲਪੇਟ ਵਿੱਚ ਆ ਗਈਆਂ।ਉਨ੍ਹਾਂ ਦੱਸਿਆ ਕਿ ਅਗਜਨੀ ਦੀ ਵਾਪਰੀ ਇਸ ਘਟਨਾ ਦੌਰਾਨ ਦੋਵੇਂ ਬੱਸਾਂ ਤੇ ਟੈਂਪੂ ਸੜ ਕੇ ਸਵਾਹ ਹੋ ਗਏ, ਜਦੋਂ ਕਿ ਗੈਰਾਜ ਵਿੱਚ ਖੜੀਆਂ ਹੋਰ ਬੱਸਾਂ ਨੂੰ ਲੋਕਾਂ ਨੇ ਬੜੀ ਮੁਸ਼ਕਲ ਨਾਲ ਬਾਹਰ ਕੱਢਿਆ।


ਪਾਤੜਾਂ ਵਿਖੇ ਗੈਰਾਜ 'ਚ ਲੱਗੀ ਅੱਗ ਦਾ ਦ੍ਰਿਸ਼।

## ਮਿਹਨਤਕਸ਼ ਲੋਕਾਂ ਦਾ ਸਾਥ ਸਾਡਾ ਉਦੇਸ਼ : ਐਡਵੋਕੇਟ ਮੱਤੜ



**ਸਿਰਸਾ (ਸੁਰਿੰਦਰ ਪਾਲ ਸਿੰਘ)**

ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ (ਕਾਨੂੰਨੀ ਵਿਭਾਗ) ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਮਨਜੀਤ ਮੱਤੜ ਨੇ ਸਿਰਸਾ ਲੋਕ ਸਭਾ ਹਲਕੇ 'ਚ ਕਾਂਗਰਸ ਦੇ ਉਮੀਦਵਾਰ ਕੁਮਾਰੀ ਸ਼ੈਲਜਾ ਦੀ ਭਾਰੀ ਵੋਟਾਂ ਨਾਲ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਇਹ ਜਿੱਤ ਸਿਰਸਾ ਹਲਕੇ ਦੇ ਮਿਹਨਤੀ ਵਰਕਰਾਂ ਸਮੇਤ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਆਮ ਲੋਕਾਂ ਦੀ ਜਿੱਤ ਸਮੇਤ ਇਮਾਨਦਾਰੀ ਦੀ ਜਿੱਤ ਹੈ।ਉਨ੍ਹਾਂ ਕਿਹਾ ਕਿ ਮਰਹੂਮ ਚੌਧਰੀ ਦਲਬੀਰ ਸਿੰਘ ਦੀ ਸਪੁੱਤਰੀ ਕੁਮਾਰੀ ਸ਼ੈਲਜਾ ਵਰਕਰਾਂ ਦੇ ਦੁੱਖ-ਸੁੱਖ ਵਿੱਚ ਹਮੇਸ਼ਾ ਉਨ੍ਹਾਂ ਦੇ ਸਾਥੀ ਰਹੇ ਹਨ।ਉਨ੍ਹਾਂ ਕਿਹਾ ਕਿ ਮੇਰੇ ਪਿੰਡ ਮੱਤੜ ਸਮੇਤ ਕਾਂਗਰਸ ਨੂੰ ਦਿਹਾਤੀ ਹਲਕਿਆਂ ਵਿੱਚ 70% ਵੋਟਾਂ ਪਈਆਂ ਹਨ, ਜੋ ਮਾਣ ਵਾਲੀ ਗੱਲ ਹੈ। ਐਡਵੋਕੇਟ ਮਨਜੀਤ ਸਿੰਘ ਮੱਤੜ ਨੇ ਕਿਹਾ ਕਿ ਅਸੀਂ ਕਾਲਾਂਵਾਲੀ ਹਲਕੇ ਵਿੱਚ ਪਿਛਲੇ ਸਾਲ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਸਨ।ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਕਾਂਗਰਸ ਪਾਰਟੀ ਵੱਲੋਂ ਨਿਭਾਈ ਸਾਰਥਕ ਭੂਮਿਕਾ ਕਰਕੇ ਵੀ ਸਾਨੂੰ ਵਿਰੋਧੀਆਂ ਤੋਂ ਵੱਧ ਵੋਟਾਂ ਮਿਲੀਆਂ ਤੇ ਅਸੀਂ ਦਿਹਾਤੀ ਖੇਤਰ 'ਚ ਵੱਡੀ ਲੀਡ ਹਾਸਲ ਕੀਤੀ ਹੈ।

# ਮੰਗਾਂ ਪੂਰੀਆਂ ਨਾ ਹੋਣ ਤੱਕ ਟੋਲ ਰਹੇਗਾ ਫ੍ਰੀ : ਸੁੱਖ ਗਿੱਲ

**ਮੋਗਾ (ਇਕਬਾਲ ਸਿੰਘ ਖਹਿਰਾ)**

ਬੀਤੀ 2 ਜੂਨ ਤੋਂ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਵੱਲੋਂ ਐੱਨ ਐੱਚ 703 'ਤੇ ਪੈਂਦੇ ਚੱਕ ਬਾਹਮਣੀਆਂ ਨੇੜੇ ਸ਼ਾਹਕੋਟ ਟੋਲ ਨੂੰ ਲੋਕਾਂ ਦੀ ਸਹੂਲਤ ਲਈ ਬਿਲਕੁੱਲ ਫਰੀ ਕੀਤਾ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਐੱਨ ਐੱਚ 703 ਨਾਲ ਸਬੰਧਤ ਸਾਰੀਆਂ ਮੰਗਾਂ ਜਿੰਨਾ ਚਿਰ ਪੂਰੀਆਂ ਨਹੀਂ ਹੁੰਦੀਆਂ, ਇਹ ਧਰਨਾ ਨਿਰੰਤਰ ਜਾਰੀ ਰਹੇਗਾ। ਉਨ੍ਹਾ ਕਿਹਾ ਕਿ ਸਾਡੀ ਜਥੇਬੰਦੀ ਕਿਸਾਨਾਂ-ਮਜ਼ਦੂਰਾਂ, ਦੁਕਾਨਦਾਰਾਂ, ਮੁਲਾਜ਼ਮਾਂ ਤੇ ਹਰ ਉਸ ਵਰਗ ਦੇ ਨਾਲ ਖੜੀ ਹੈ, ਜੋ ਪੰਜਾਬ ਦੀ ਮਿੱਟੀ ਨਾਲ ਜੁੜੇ ਹੋਏ ਹਨ, ਸੁੱਖ ਗਿੱਲ ਮੋਗਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਐੱਨ ਐੱਚ ਆਈ ਏ ਦੇ ਦਫਤਰ, ਐੱਸ ਡੀ ਐੱਮ ਸ਼ਾਹਕੋਟ ਤੇ ਹੋਰ ਉੱਚ ਅਧਿਕਾਰੀਆਂ ਨੂੰ ਇਨ੍ਹਾਂ ਸਮੱਸਿਆਵਾਂ ਸਬੰਧੀ ਮੰਗ ਪੱਤਰ ਦੇ ਕੇ ਜਾਣੂ ਕਰਵਾਇਆ ਗਿਆ ਹੈ, ਪਰ ਇਨ੍ਹਾਂ ਮੰਗਾਂ 'ਤੇ ਗੌਰ ਨਹੀਂ ਕੀਤੀ ਗਈ ਅਤੇ ਟੋਲ ਪਲਾਜਾ ਤੇ ਇਸ ਹਾਈਵੇ 'ਤੇ ਕੋਈ ਵੀ ਸਹੂਲਤ ਉਪਲਬਧ ਨਹੀਂ ਕਰਵਾਈ ਗਈ। ਇਸ ਮੌਕੇ ਕੇਵਲ ਸਿੰਘ ਖਹਿਰਾ ਕੌਮੀ ਜਨਰਲ ਸਕੱਤਰ ਪੰਜਾਬ, ਸਾਬ ਢਿੱਲੋਂ ਤੋਤੇਵਾਲਾ, ਲਖਵਿੰਦਰ ਸਿੰਘ ਕਰਮੂੰਵਾਲਾ ਜ਼ਿਲ੍ਹਾ ਪ੍ਰਧਾਨ, ਗੁਰਨਾਮ ਸਿੰਘ ਜਲੰਧਰੀਆ, ਦਵਿੰਦਰ ਸਿੰਘ ਸ਼ਹਿਰੀ ਪ੍ਰਧਾਨ ਕੋਟ ਈਸੇ ਖਾਂ, ਤਜਿੰਦਰ ਸਰਪੰਚ, ਜਸਵੰਤ ਸਿੰਘ ਲੋਹਗੜ੍ਹ, ਪਰਮਜੀਤ ਸਿੰਘ ਗਦਾਈਕੇ, ਚਮਕੌਰ ਸਿੰਘ ਸੀਤੋ, ਲਾਡੀ ਭੱਦਮਾ, ਅੰਮ੍ਰਿਤਪਾਲ ਬਾਊਪੁਰ, ਨਿਸ਼ਾਨ ਸਿੰਘ, ਭੁਪਿੰਦਰ ਸਿੰਘ ਹੀਰੋ, ਤਜਿੰਦਰ ਸਿੰਘ ਸਿੱਧਵਾਂ ਬੇਟ, ਗੁਰਜੀਤ ਸਿੰਘ ਭਿੰਡਰ, ਮੰਨਾਂ ਬੱਡੂਵਾਲਾ, ਨਿਰਮਲ ਸਿੰਘ ਇਕਾਈ ਪ੍ਰਧਾਨ, ਰਣਜੀਤ ਚੱਕ ਤਾਰੇਵਾਲਾ, ਤੀਰਥ ਸਿੰਘ ਸਰਪੰਚ ਖਹਿਰਾ, ਨਿਰਵੈਰ ਸਿੰਘ ਮੌਜਗੜ੍ਹ ਬਲਾਕ ਪ੍ਰਧਾਨ ਮੱਖੂ, ਗੁਰਸੇਵਕ ਸਿੰਘ ਜੋਗੇਵਾਲਾ ਸਰਕਲ ਪ੍ਰਧਾਨ, ਰਣਯੋਧ ਸਿੰਘ ਕੋਟ ਈਸੇ ਖਾਂ, ਮਹਿਲ ਸਿੰਘ ਕੋਟ ਈਸੇ ਖਾਂ, ਬੋਹੜ ਸਿੰਘ ਦਾਨੇਵਾਲਾ, ਸਤਨਾਮ ਸਿੰਘ ਦਾਨੇਵਾਲਾ, ਸੁਖਦੇਵ ਸਿੰਘ ਇੰਦਗੜ੍ਹ, ਤਲਵਿੰਦਰ ਗਿੱਲ ਤੋਤੇਵਾਲਾ ਹਾਜ਼ਰ ਸਨ।

■ ਚੱਕ ਬਾਹਮਣੀਆਂ ਟੋਲ ਪਲਾਜ਼ੇ 'ਤੇ ਬੀ ਕੇ ਯੂ ਤੋਤੇਵਾਲ ਦਾ ਧਰਨਾ ਜਾਰੀ



# ਡਕੌਂਦਾ 'ਧਨੇਰ' ਵੱਲੋਂ ਕੈਮੀਕਲ ਕੰਪਨੀ ਦਫਤਰ ਬਠਿੰਡਾ ਅੱਗੇ ਧਰਨਾ ਅੱਜ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਭਾਕਿਯੂ ਡਕੌਂਦਾ 'ਧਨੇਰ' ਬਲਾਕ ਨਥਾਣਾ ਵੱਲੋਂ ਪਿੰਡ ਲਹਿਰਾ ਮੁਹੱਬਤ ਵਾਸੀ ਸਰਬਜੀਤ ਸਿੰਘ ਪੁੱਤਰ ਜਗਜੀਤ ਸਿੰਘ (ਜੋ ਘਾਰੜਾ ਕੈਮੀਕਲ ਵਿੱਚ ਬਰਨਾਲਾ ਵਿਖੇ ਏਰੀਆ ਸੇਲਜ਼ ਇੰਚਾਰਜ ਵਜੋਂ ਸਾਲ 2000 ਤੋਂ ਨਵੰਬਰ 2021 ਤੱਕ ਲਗਾਤਾਰ ਕੰਮ ਕਰਦਾ ਰਿਹਾ ਹੈ) ਨੂੰ ਬਿਮਾਰ ਹੋਣ 'ਤੇ ਅਰਲੀ ਰਿਟਾਇਰਮੈਂਟ ਦੇਣ ਤੋਂ ਬਾਅਦ ਕੰਪਨੀ ਵੱਲੋਂ ਵੀ ਆਰ ਐੱਸ ਦੇ ਬਣਦੇ ਵਿੱਤੀ ਲਾਭ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਕੰਪਨੀ ਦੇ ਬਠਿੰਡਾ ਗਡਾਊਨ ਸਥਿਤ ਦਫਤਰ ਅੱਗੇ 8 ਜੂਨ ਨੂੰ ਸਵੇਰੇ 11 ਵਜੇ ਤੋਂ ਅਣਮਿੱਥੇ ਸਮੇਂ ਦਾ ਧਰਨਾ ਦਿੱਤਾ ਜਾਵੇਗਾ। ਜਥੇਬੰਦੀ ਦੇ ਬਲਾਕ ਮੀਤ ਪ੍ਰਧਾਨ ਜਗਰਾਜ ਸਿੰਘ, ਬਲਾਕ ਜਰਨਲ ਸਕੱਤਰ ਜਗਦੇਵ ਸਿੰਘ ਤੇ ਪਿੰਡ ਇਕਾਈ ਪ੍ਰਧਾਨ ਸੁਖਚਰਨ ਸਿੰਘ (ਸਾਬਕਾ ਪੰਚ) ਨੇ ਇੱਥੇ ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਥੇਬੰਦੀ ਵੱਲੋਂ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਦੀ ਅਗਵਾਈ ਵਿੱਚ ਵਫਦ ਪਿਛਲੇ ਤਿੰਨ ਮਹੀਨੇ ਤੋਂ ਕੰਪਨੀ ਅਧਿਕਾਰੀਆਂ ਤੱਕ ਪਹੁੰਚ ਕਰਦਾ ਆ ਰਿਹਾ ਹੈ, ਪ੍ਰੰਤੂ ਅਧਿਕਾਰੀ ਮਸਲੇ ਦਾ ਹੱਲ ਨਹੀਂ ਕਰ ਰਹੇ, ਜਿਸ ਦੇ ਵਿਰੋਧ ਵਿੱਚ ਜਥੇਬੰਦੀ ਨੂੰ ਮਜਬੂਰ ਹੋ ਕੇ ਸੰਘਰਸ਼ ਦਾ ਰਸਤਾ ਅਖਤਿਆਰ ਕਰਨਾ ਪੈ ਰਿਹਾ ਹੈ। ਪੀੜਤ ਸਰਬਜੀਤ ਸਿੰਘ ਨੇ ਦੱਸਿਆ ਕਿ ਸਿਹਤ ਠੀਕ ਨਾ ਰਹਿਣ ਕਰਕੇ ਕੰਪਨੀ ਅਧਿਕਾਰੀਆਂ ਨੇ ਇਹ ਕਹਿੰਦਿਆਂ ਉਸ ਨੂੰ ਅਰਲੀ ਰਿਟਾਇਰਮੈਂਟ ਦੇ ਦਿੱਤੀ ਕਿ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਤੋਂ ਬਾਅਦ ਜੋ ਨਿਯਮਾਂ ਮੁਤਾਬਿਕ ਵੀ ਆਰ ਐੱਸ ਦਾ ਪੈਸਾ ਬਣੇਗਾ, ਉਹ ਉਸ ਨੂੰ ਦੇ ਦਿੱਤਾ ਜਾਵੇਗਾ। ਮੈਨੂੰ ਵਿਸ਼ਵਾਸ ਦਿਵਾ ਕੇ ਨਵੰਬਰ 2021 ਦੌਰਾਨ ਅਸਤੀਫਾ ਲੈ ਲਿਆ, ਜਿਸ 'ਤੇ ਮੈਂ ਦਸਤਖਤ ਵੀ ਕਰ ਦਿੱਤੇ। ਉਸ ਤੋਂ ਬਾਅਦ ਕੰਪਨੀ ਵੱਲ ਮੇਰੀ ਆਪਣੀ ਬਕਾਇਆ ਰਾਸ਼ੀ ਲੈਣ ਲਈ ਵਾਰ ਵਾਰ ਅਰਜੋਈ ਕਰਨ 'ਤੇ ਕਰੀਬ 11 ਮਹੀਨੇ ਬਾਅਦ ਅਕਤੂਬਰ 2022 ਵਿੱਚ ਮੇਰੇ ਆਪਣੇ ਬਕਾਇਆ ਰਹਿੰਦੇ 2 ਲੱਖ 35 ਹਜ਼ਾਰ ਰੁਪਏ ਤਾਂ ਮੇਰੇ ਅਕਾਊਂਟ ਵਿੱਚ ਭੇਜ ਦਿੱਤੇ, ਪ੍ਰੰਤੂ ਵੀ ਆਰ ਐੱਸ ਦਾ ਬਣਦਾ ਵਿੱਤੀ ਲਾਭ ਅਜੇ ਤੱਕ ਨਹੀਂ ਦਿੱਤਾ ਗਿਆ ਹੈ ਅਤੇ ਅਧਿਕਾਰੀ ਮੇਰੇ ਨਾਲ ਗੱਲ ਕਰਨ ਤੋਂ ਵੀ ਇਨਕਾਰੀ ਹਨ। ਸਰਬਜੀਤ ਸਿੰਘ ਨੇ ਇਨਸਾਫ ਦੀ ਮੰਗ ਕਰਦਿਆਂ ਉਸ ਦਾ ਬਣਦਾ ਵਿੱਤੀ ਲਾਭ ਦਿੱਤੇ ਜਾਣ ਦੀ ਗੁਹਾਰ ਲਗਾਉਂਦੇ ਕਿਹਾ ਕਿ 21 ਸਾਲ ਉਸ ਨੇ ਕੰਪਨੀ ਲਈ ਸਖਤ ਮਿਹਨਤ ਤੇ ਇਮਾਨਦਾਰੀ ਨਾਲ ਕੰਮ ਕੀਤਾ ਹੈ, ਪ੍ਰੰਤੂ ਹੁਣ ਉਸ ਦੀ ਸੁਣਵਾਈ ਨਹੀਂ ਹੋ ਰਹੀ ਹੈ। ਇਸ ਸਬੰਧੀ ਕੰਪਨੀ ਦੇ ਅਧਿਕਾਰੀ ਦਾ ਕਹਿਣਾ ਹੈ ਕਿ ਸਰਬਜੀਤ ਸਿੰਘ ਦਾ ਕੰਪਨੀ ਵੱਲ ਕੋਈ ਬਕਾਇਆ ਨਹੀਂ ਹੈ। ਉਸ ਨੇ ਬਕਾਇਦਾ ਸਹਿਮਤੀ ਨਾਲ ਅਸਤੀਫਾ ਦਿੱਤਾ ਸੀ, ਜਿਸ 'ਤੇ ਉਸ ਦੇ ਦਸਤਖਤ ਵੀ ਕੀਤੇ ਹੋਏ ਹਨ।

## ਪੰਜਾਬ ਨਾਨ-ਗਜ਼ਟਿਡ ਫਾਰੈਸਟ ਆਫੀਸਰਜ਼ ਯੂਨੀਅਨ ਦੀ ਮੀਟਿੰਗ ਅੱਜ

**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਨਾਨ-ਗਜ਼ਟਿਡ ਫਾਰੈਸਟ ਆਫੀਸਰਜ਼ ਯੂਨੀਅਨ ਦੀ ਮੀਟਿੰਗ 8 ਜੂਨ ਨੂੰ ਲੁਧਿਆਣਾ ਵਿਖੇ ਹੋ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਸਵੀਰ ਸਿੰਘ ਸ਼ੇਰਗਿੱਲ ਸਹਾਇਕ ਸਕੱਤਰ ਪੰਜਾਬ ਨਾਨ-ਗਜ਼ਟਿਡ ਫਾਰੈਸਟ ਆਫੀਸਰਜ਼ ਯੂਨੀਅਨ ਨੇ ਦੱਸਿਆ ਕਿ ਇਸ ਸਮੇਂ ਫੀਲਡ ਅਮਲਾ ਬਹੁਤ ਮੁਸ਼ਕਲਾਂ ਨਾਲ ਜੂਝ ਰਿਹਾ ਹੈ। ਮੁਲਾਜ਼ਮਾਂ ਉੱਪਰ ਕੰਮ ਦਾ ਬੋਝ ਵੱਧ ਰਿਹਾ ਹੈ ਤੇ ਮੁਲਾਜ਼ਮਾਂ ਦੇ ਮਸਲੇ ਬੜੇ ਲੰਬੇ ਸਮੇਂ ਤੋਂ ਪੈਂਡਿੰਗ ਪਏ ਹੋਏ ਹਨ। ਉਨ੍ਹਾਂ ਦੱਸਿਆ ਕਿ ਮੁਲਾਜ਼ਮਾਂ ਦੇ ਮਸਿਲਆਂ ਦੇ ਹੱਲ ਲਈ ਵਿਚਾਰ ਵਟਾਂਦਰਾ ਕਰਨ ਲਈ ਯੂਨੀਅਨ ਵੱਲੋਂ ਇੱਕ ਮੀਟਿੰਗ 8 ਜੂਨ ਨੂੰ ਰੱਖੀ ਗਈ ਹੈ। ਉਨ੍ਹਾਂ ਸਾਰੇ ਸਾਥੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੀਟਿੰਗ ਵਿੱਚ ਜ਼ਰੂਰ ਪਹੁੰਚਣ ਤਾਂ ਜੋ ਇਸ ਮੀਟਿੰਗ ਵਿੱਚ ਮੁਲਾਜ਼ਮਾਂ ਦੇ ਮਸਿਲਆਂ ਦੇ ਹੱਲ ਲਈ ਵਿਚਾਰ ਵਟਾਂਦਰਾ ਕਰਦੇ ਹੋਏ ਅਗਲਾ ਪ੍ਰੋਗਰਾਮ ਤੇ ਐਕਸ਼ਨ ਸਭ ਦੀ ਸਹਿਮਤੀ ਨਾਲ ਤੈਅ ਕੀਤਾ ਜਾ ਸਕੇ।

# ਕਾਂਗਰਸ ਨੂੰ ਸੂਬੇ 'ਚੋਂ 7 ਸੀਟਾਂ ਮਿਲਣਾ ਵਿਧਾਨ ਸਭਾ ਚੋਣਾਂ ਲਈ ਸ਼ੁੱਭ ਸੰਕੇਤ : ਜਗਸੀਰ ਕਾਲੇਕੇ

■ ਸੱਤਾਧਾਰੀ ਪਾਰਟੀ ਦੀ ਕਾਰਗੁਜ਼ਾਰੀ ਤੋਂ ਪੰਜਾਬ ਵਾਸੀਆਂ ਦਾ ਹੋਇਆ ਮੋਹ ਭੰਗ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬੀਤੇ ਦਿਨੀਂ ਆਏ ਲੋਕ ਸਭਾ ਦੇ ਨਤੀਜਿਆਂ ਵਿੱਚ ਸੂਬੇ ਦੀ ਕਾਂਗਰਸ ਪਾਰਟੀ ਨੇ ਬਿਹਤਰੀਨ ਪ੍ਰਦਰਸ਼ਨ ਕਰਦਿਆਂ ਸੂਬੇ ਦੀਆਂ 13 ਲੋਕ ਸਭਾ ਸੀਟਾਂ 'ਚੋਂ 7 ਸੀਟਾਂ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜਿੱਤ ਪ੍ਰਾਪਤ ਕੀਤੀ ਹੈ।ਕਾਂਗਰਸ ਪਾਰਟੀ ਦੀ ਇਹ ਜਿੱਤ ਭਵਿੱਖ ਲਈ ਸ਼ੁੱਭ ਸੰਕੇਤ ਹਨ।ਉਕਤ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਬਾਘਾ ਪੁਰਾਣਾ ਦੇ ਕਾਂਗਰਸ ਪਾਰਟੀ ਦੇ ਮੁੱਖ ਸੇਵਾਦਾਰ ਤੇ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ ਨੇ ਕਿਹਾ ਕਿ ਇਨ੍ਹਾਂ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਨੇ ਮੌਜੂਦਾ ਸੱਤਾਧਾਰੀ ਪਾਰਟੀ ਦੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ ਕਿ ਜਿਹੜੇ ਕਹਿੰਦੇ ਸੀ ਕਿ ਇਨ੍ਹਾਂ ਬਚੀ-ਖੁਚੀ ਕਾਂਗਰਸ ਦਾ ਸਫਾਇਆ ਲੋਕ ਸਭਾ ਚੋਣਾਂ ਵਿੱਚ ਹੋ ਜਾਵੇਗਾ, ਉਨ੍ਹਾਂ ਸਾਰਿਆਂ ਦਾ ਪੰਜਾਬ ਵਾਸੀਆਂ ਨੇ ਕਾਂਗਰਸ ਪਾਰਟੀ ਦੇ ਹੱਕ ਵਿੱਚ ਫਤਵਾ ਦੇ ਕੇ ਇਹ ਸਾਬਿਤ ਕਰ ਦਿੱਤਾ ਹੈ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ 'ਚ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਜਾ ਰਹੀ ਹੈ।ਇਸ ਮੌਕੇ ਸੂਬੇ ਵਿੱਚੋਂ ਕਾਂਗਰਸ ਪਾਰਟੀ ਨੂੰ 7 ਸੀਟਾਂ ਪ੍ਰਾਪਤ ਹੋਣ ਦਾ ਸਿਹਰਾ ਉਨ੍ਹਾਂ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਮਿਹਨਤ ਦਾ ਹੀ ਨਤੀਜਾ ਹੈ ਕਿ ਉਨ੍ਹਾਂ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ 'ਤੇ ਜਿੱਥੇ ਜਾ ਕੇ ਚੋਣ ਪ੍ਰਚਾਰ ਕੀਤਾ, ਉੱਥੇ ਹੀ ਆਪਣੀ ਲੁਧਿਆਣਾ ਸੀਟ ਵੀ ਸ਼ਾਨਦਾਰ ਲੀਡ ਪ੍ਰਾਪਤ ਕਰਦਿਆਂ ਵੱਡੇ ਮਾਰਜਨ ਨਾਲ ਕੱਢੀ ਹੈ। ਜਗਸੀਰ ਸਿੰਘ ਕਾਲੇਕੇ ਨੇ ਰਾਜਾ ਵੜਿੰਗ ਨੂੰ ਲੁਧਿਆਣਾ ਸੀਟ ਤੋਂ ਜਿੱਤ ਪ੍ਰਾਪਤ ਕਰਨ 'ਤੇ ਵਧਾਈ ਦਿੱਤੀ ਤੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਵੀ ਦਿੱਤੀਆਂ।ਇਸ ਮੌਕੇ ਉਨ੍ਹਾ ਕਿਹਾ ਕਿ ਪੰਜਾਬ ਵਾਸੀਆਂ ਦਾ ਮੌਜੂਦਾ ਸੱਤਾਧਾਰੀ ਪਾਰਟੀ ਦੀ ਸਿਰਫ਼ 2 ਸਾਲ ਦੀ ਕਾਰਗੁਜ਼ਾਰੀ ਦੌਰਾਨ ਹੀ ਮੋਹ ਭੰਗ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਲੋਕ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਲਿਆਉਣ ਲਈ ਉਤਾਵਲੇ ਹਨ।ਉਨ੍ਹਾ ਕਿਹਾ ਕਿ ਸੂਬੇ ਵਿੱਚ ਕਾਂਗਰਸ ਪਾਰਟੀ ਦੀ ਵੋਟ ਫੀਸਦੀ ਵਧਣ ਨਾਲ ਕਾਂਗਰਸ ਪਾਰਟੀ ਦੇ ਆਗੂਆਂ ਤੇ ਵਰਕਰਾਂ ਦੇ ਹੌਸਲੇ ਪਹਿਲਾਂ ਨਾਲੋਂ ਹੋਰ ਵੀ ਬੁਲੰਦ ਹੋ ਗਏ ਹਨ ਅਤੇ ਹੁਣ ਕਾਂਗਰਸ ਪਾਰਟੀ ਦਾ ਹਰ ਆਗੂ ਤੇ ਵਰਕਰ ਪਹਿਲਾਂ ਨਾਲੋਂ ਵੀ ਪਾਰਟੀ ਦੀ ਮਜ਼ਬੂਤੀ ਲਈ ਵਧ ਚੜ੍ਹ ਕੇ ਕੰਮ ਕਰੇਗੀ।ਕਾਲੇਕੇ ਨੇ ਕਿਹਾ ਕਿ ਪੰਜਾਬ ਵਾਸੀ ਜਾਣ ਚੁੱਕੇ ਹਨ ਕਿ ਉਨ੍ਹਾਂ ਦਾ ਭਵਿੱਖ ਕਾਂਗਰਸ ਪਾਰਟੀ ਵਿੱਚ ਹੀ ਸੁਰੱਖਿਅਤ ਹੈ, ਇਸ ਲਈ ਪੰਜਾਬ ਦੇ ਲੋਕਾਂ ਨੇ ਆਪਣਾ ਫਤਵਾ ਕਾਂਗਰਸ ਪਾਰਟੀ ਨੂੰ ਦਿੱਤਾ ਹੈ।ਅਖੀਰ ਵਿੱਚ ਜਗਸੀਰ ਸਿੰਘ ਕਾਲੇਕੇ ਨੇ ਹਲਕਾ ਫਰੀਦਕੋਟ ਲੋਕ ਸਭਾ ਤੋਂ ਉਮੀਦਵਾਰ ਬੀਬੀ ਅਮਰਜੀਤ ਕੌਰ ਸਾਹੋਕੇ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਲਈ ਦਿਨ-ਰਾਤ ਕੀਤੀ ਮਿਹਨਤ ਲਈ ਪਾਰਟੀ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਬੀਬੀ ਸਾਹੋਕੇ ਦੀ ਚੋਣ ਮੁਹਿੰਮ ਨੂੰ ਸਿਖਰ 'ਤੇ ਪਹੁੰਚਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ।ਉਨ੍ਹਾ ਹਲਕਾ ਬਾਘਾ ਪੁਰਾਣਾ ਦੇ ਸਾਰੇ ਪਾਰਟੀ ਆਗੂਆਂ, ਵਰਕਰਾਂ ਤੇ ਸਪੋਰਟਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਪਾਰਟੀ ਦੀ ਮਜ਼ਬੂਤੀ ਲਈ ਲੋਕ ਸਭਾ ਚੋਣਾਂ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ।

# ਤੇਜ਼ ਤੂਫ਼ਾਨ ਨੇ ਮੋਟਰਸਾਈਕਲ ਸਵਾਰ ਦੀ ਲਈ ਜਾਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੱਲ੍ਹ ਰਾਤ 8 ਵਜੇ ਦੇ ਕਰੀਬ ਇਲਾਕੇ ਵਿਚ ਆਏ ਤੇਜ਼ ਤੂਫ਼ਾਨ ਨੇ ਜਿੱਥੇ ਇੱਕ ਮੋਟਰਸਾਈਕਲ ਸਵਾਰ ਗਰੀਬ ਮਜ਼ਦੂਰ ਵਿਕਾਸ (41) ਵਾਸੀ ਮਾਛੀਵਾੜਾ ਦੀ ਜਾਨ ਲੈ ਲਈ, ਉੱਥੇ ਬਿਜਲੀ ਦੇ ਕਈ ਖੰਭੇ ਤੇ ਦਰੱਖਤ ਵੀ ਤਹਿਸ-ਨਹਿਸ ਕਰ ਦਿੱਤੇ, ਜਿਸ ਕਾਰਨ ਸ਼ਹਿਰ ਤੇ ਇਲਾਕੇ ਦੀਆਂ ਸੜਕਾਂ ਦੀ ਆਵਾਜਾਈ ਤੇ ਬਿਜਲੀ ਸਪਲਾਈ 'ਤੇ ਮਾੜਾ ਅਸਰ ਪਿਆ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਪੱਲੇਦਾਰੀ ਦਾ ਕੰਮ ਕਰਦਾ ਵਿਕਾਸ ਆਪਣੇ ਭਰਾ ਅਸ਼ੋਕ ਨਾਲ ਮੋਟਰਸਾਈਕਲ ਰਾਹੀਂ ਖੰਨਾ ਤੋਂ ਮਾਛੀਵਾੜਾ ਵੱਲ ਆ ਰਿਹਾ ਸੀ ਕਿ ਇੱਕਦਮ ਤੇਜ਼ ਤੂਫ਼ਾਨ ਚੱਲਣ ਲੱਗ ਪਿਆ ਅਤੇ ਪਿੰਡ ਬਾਲਿਓਂ ਨੇੜੇ ਇੱਕ ਭਾਰੀ ਦਰੱਖਤ ਉਨ੍ਹਾਂ ਦੇ ਮੋਟਰਸਾਈਕਲ 'ਤੇ ਆ ਗਿਰਿਆ। ਇਸ ਹਾਦਸੇ ਵਿੱਚ ਵਿਕਾਸ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ, ਜਿੱਥੇ ਉਹ ਦਮ ਤੋੜ ਗਿਆ। ਪਰਿਵਾਰਕ ਮੈਂਬਰਾਂ ਵੱਲੋਂ ਇਸ ਘਟਨਾ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ। ਹਲਾਕ ਹੋਏ ਮਜ਼ਦੂਰ ਵਿਕਾਸ ਦਾ ਜਦੋਂ ਮੋਟਰਸਾਈਕਲ ਚੁੱਕਣ ਲਈ ਪਰਿਵਾਰਕ ਮੈਂਬਰ ਗਏ ਤਾਂ ਉੱਥੇ ਉਹ ਗਾਇਬ ਸੀ। ਪਰਿਵਾਰਕ ਮੈਂਬਰਾਂ ਨੇ ਇਸ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ ਕਿ ਘਟਨਾ ਸਥਾਨ ਤੋਂ ਮੋਟਰਸਾਈਕਲ ਨਹੀਂ ਮਿਲਿਆ। ਇਹ ਮੋਟਰਸਾਈਕਲ ਚੋਰੀ ਹੋ ਚੁੱਕਾ ਹੈ ਜਾਂ ਕਿਸੇ ਨੇ ਆਸ-ਪਾਸ ਰੱਖ ਦਿੱਤਾ ਹੈ, ਪੁਲਸ ਇਸ ਦੀ ਜਾਂਚ ਕਰੇਗੀ। ਇਸ ਤੋਂ ਇਲਾਵਾ ਤੇਜ਼ ਤੂਫ਼ਾਨ ਨੇ ਮਾਛੀਵਾੜਾ ਸ਼ਹਿਰ ਵਿੱਚ ਕਈ ਬਿਜਲੀ ਦੇ ਖੰਭੇ ਤੇ ਦਰੱਖਤ ਪੁੱਟ ਸੁੱਟੇ, ਜਿਸ ਕਾਰਨ ਸਾਰੀ ਰਾਤ ਆਵਾਜਾਈ ਪ੍ਰਭਾਵਿਤ ਹੋਈ।

# ਪੀਣ ਵਾਲੇ ਪਾਣੀ ਦੀ ਦੁਰਵਰਤੋਂ ਕਰਨ 'ਤੇ ਹੋਵੇਗਾ ਜੁਰਮਾਨਾ : ਡਾ. ਦੁੱਗਲ

### ਕਮਿਸ਼ਨਰ ਵੱਲੋਂ ਲੋਕਾਂ ਨੂੰ ਪਾਣੀ ਦੀ ਬੱਚਤ ਕਰਨ ਦੀ ਅਪੀਲ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਨਗਰ ਨਿਗਮ ਅਬੋਹਰ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਘਰਾਂ ਵਿੱਚ ਸਪਲਾਈ ਕੀਤੇ ਜਾਂਦੇ ਪਾਣੀ ਦੀ ਦੁਰਵਰਤੋਂ ਨਾ ਕਰਨ।ਇਸ ਸਬੰਧੀ ਨਗਰ ਨਿਗਮ ਦੇ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਕਿਹਾ ਕਿ ਪਾਣੀ ਬੇਸ਼ਕੀਮਤੀ ਹੈ ਤੇ ਇਸ ਦੀ ਕਿਸੇ ਵੀ ਤਰੀਕੇ ਨਾਲ ਦੁਰਵਰਤੋਂ ਜਾਂ ਇਸ ਨੂੰ ਅਜਾਈਂ ਨਾ ਗਵਾਇਆ ਜਾਵੇ।ਉਨ੍ਹਾਂ ਨੇ ਅਪੀਲ ਕੀਤੀ ਕਿ ਘਰ ਵਿੱਚ ਖੁੱਲ੍ਹੀ ਟੂਟੀ ਨਾ ਛੱਡੋ ਤੇ ਟੈਂਕੀ ਓਵਰਫਲੋ ਹੋਣ 'ਤੇ ਤੁਰੰਤ ਪਾਣੀ ਬੰਦ ਕੀਤਾ ਜਾਵੇ।ਇਸੇ ਤਰ੍ਹਾਂ ਉਨ੍ਹਾਂ ਕਿਹਾ ਕਿ ਮੋਟਰ ਗੱਡੀਆਂ ਗਲੀਆਂ ਵਿੱਚ ਜਾਂ ਘਰਾਂ ਵਿੱਚ ਪੀਣ ਵਾਲੇ ਪਾਣੀ ਨਾਲ ਨਾ ਧੋਤੀਆਂ ਜਾਣ, ਫਰਸ਼ ਧੋਣਾ ਜਾਂ ਪਾਣੀ ਦਾ ਗਲੀ ਵਿੱਚ ਜਾਂ ਸੜਕ 'ਤੇ ਛਿੜਕਾ ਨਾ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਪੀਣ ਵਾਲੇ ਪਾਣੀ ਦੀ ਵਰਤੋਂ ਕੇਵਲ ਪਾਣੀ ਪੀਣ ਲਈ ਹੀ ਕੀਤੀ ਜਾਵੇ।ਜੇਕਰ ਕੋਈ ਵਿਅਕਤੀ ਜਾਂ ਖਪਤਕਾਰ ਇਨ੍ਹਾਂ ਹੁਕਮਾਂ ਦੀ ਪਾਲਮਾ ਨਾ ਕਰਦੇ ਹੋਏ ਪਾਣੀ ਦੀ ਦੁਰਵਰਤੋਂ ਕਰਦਾ ਪਾਇਆ ਗਿਆ ਤਾਂ ਉਸ ਪਾਸੋਂ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਉਲੰਘਣਾ ਕਰਨ 'ਤੇ ਪਹਿਲੀ ਵਾਰ 1000 ਰੁਪਏ ਜੁਰਮਾਨਾ, ਦੂਜੀ ਵਾਰ 2000 ਰੁਪਏ ਜੁਰਮਾਨਾ ਕੀਤਾ ਜਾਵੇਗਾ ਅਤੇ ਤੀਸਰੀ ਵਾਰ ਪਾਣੀ ਦੀ ਦੁਰਵਰਤੋਂ ਕਰਨ 'ਤੇ ਖਪਤਕਾਰ ਨੂੰ 5000 ਰੁਪਏ ਜੁਰਮਾਨਾ ਕੀਤਾ ਜਾਵੇਗਾ ਅਤੇ ਉਸ ਦੇ ਨਾਲ ਹੀ ਉਸ ਦੇ ਘਰ ਜਾਂ ਅਦਾਰੇ ਦੇ ਪੀਣ ਵਾਲੇ ਪਾਣੀ ਦਾ ਕਨੈਕਸ਼ਨ ਬੰਦ ਕਰ ਦਿੱਤਾ ਜਾਵੇਗਾ।ਕਮਿਸ਼ਨਰ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਪਾਣੀ ਬਹੁਤ ਕੀਮਤੀ ਹੈ ਤੇ ਹਰ ਕੋਈ ਇਸ ਦੀ ਬੱਚਤ ਕਰਨ ਵਿੱਚ ਆਪਣਾ ਸਹਿਯੋਗ ਕਰੇ ਅਤੇ ਪੀਣ ਵਾਲੇ ਪਾਣੀ ਦੀ ਵਰਤੋਂ ਗੱਡੀਆਂ ਧੋਣ ਜਾਂ ਫਰਸ਼ਾਂ ਧੋਣ ਜਾਂ ਗਲੀਆਂ ਵਿੱਚ ਛਿੜਕਾ ਕਰਨ ਲਈ ਕਿਸੇ ਵੀ ਹਾਲਤ ਵਿੱਚ ਨਾ ਕੀਤੀ ਜਾਵੇ।

# ਡਾ. ਹਰਜੋਤ ਕਮਲ ਨੇ ਸਾਥੀਆਂ ਤੇ ਸਮਰਥਕਾਂ ਦਾ ਕੀਤਾ ਧੰਨਵਾਦ



**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਭਾਜਪਾ ਦੇ ਸੈਕਟਰੀ ਤੇ ਮੋਗਾ ਤੋਂ ਸਾਬਕਾ ਐੱਮ.ਐੱਲ.ਏ. ਡਾ. ਹਰਜੋਤ ਕਮਲ ਨੇ ਆਪਣੇ ਸਾਥੀਆਂ ਦਾ ਧੰਨਵਾਦ ਕਰਨ ਲਈ ਮੋਗਾ ਦੇ ਇੱਕ ਹੋਟਲ ਵਿੱਚ ਧੰਨਵਾਦੀ ਸਮਾਗਮ ਰੱਖਿਆ, ਜਿਸ ਵਿੱਚ ਸਾਬਕਾ ਭਾਜਪਾ ਜ਼ਿਲ੍ਹਾ ਪ੍ਰਧਾਨ ਰਾਕੇਸ਼ ਸ਼ਰਮਾ, ਆਈ. ਟੀ. ਸੈੱਲ ਪੰਜਾਬ ਦੇ ਪ੍ਰਧਾਨ ਦੇਵ ਪ੍ਰਿਆ ਤਿਆਗੀ, ਸਾਬਕਾ ਸੀਨੀ. ਡਿਪਟੀ ਮੇਅਰ ਅਨਿਲ ਬਾਂਸਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਸੰਬੋਧਨ ਕਰਦੇ ਹੋਏ ਰਾਕੇਸ਼ ਸ਼ਰਮਾ ਨੇ ਭਾਜਪਾ ਨੂੰ ਮਜ਼ਬੂਤ ਕਰਨ ਲਈ ਸਾਰਿਆਂ ਨੂੰ ਇੱਕਜੁਟ ਹੋਣ ਲਈ ਪ੍ਰੇਰਿਤ ਕੀਤਾ ਤੇ ਭਾਜਪਾ ਦੀਆਂ ਰਣਨੀਤੀਆਂ ਤੋਂ ਜਾਣੂ ਕਰਵਾਇਆ। ਇਸ ਉਪਰੰਤ ਸੰਬੋਧਨ ਕਰਦੇ ਹੋਏ ਡਾ. ਹਰਜੋਤ ਕਮਲ ਨੇ ਸਾਰੇ ਹੀ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਪਿੰਡਾਂ ਤੇ ਸ਼ਹਿਰ ਵਿੱਚ ਭਾਜਪਾ ਦਾ ਬੂਥ ਲਗਾਇਆ ਅਤੇ ਭਾਜਪਾ ਨੂੰ ਮਜ਼ਬੂਤ ਕਰਨ ਲਈ ਪੂਰਾ ਸਾਥ ਦਿੱਤਾ। ਉਨ੍ਹਾਂ ਕਿਹਾ ਕਿ ਸਾਰੇ ਹੀ ਵਰਕਰ ਮੇਰੇ ਲਈ ਅਤਿ ਸਤਿਕਾਰਯੋਗ ਹਨ, ਜਿਨ੍ਹਾਂ ਦਾ ਮੈਂ ਦਿਲੋਂ ਸਨਮਾਨ ਕਰਦਾ ਹਾਂ। ਇਸ ਮੌਕੇ ਗੁਰਮੇਜ ਸਿੰਘ, ਸੁਖਮੰਦਰ ਸਿੰਘ, ਨਿਰਮਲ ਸਿੰਘ ਜਗਸੀਰ ਸਿੰਘ, ਬੱਬੂ ਸੋਢੀ, ਲੱਕੀ, ਜਗਵੀਨ ਸਿੰਘ ਮੀਨਾ, ਜਗਜੀਤ ਸਿੰਘ, ਜਗਸੀਰ ਸਿੰਘ ਮੇਟ, ਗੁਰਮੇਲ ਸਿੰਘ ਬਾਠ, ਬਲਦੇਵ ਸਿੰਘ, ਸਮਰਾ ਦੌਲਤਪੁਰਾ, ਗੁਰਜੰਟ ਸਿੰਘ ਮਾਨ, ਰਮੇਸ਼ ਪੁਰੀ, ਅਰਵਿੰਦਰ ਸਿੰਘ, ਰਜਿੰਦਰ ਸਿੰਘ, ਬੋਹੜ ਸਿੰਘ, ਸਤਨਾਮ ਸਿੰਘ, ਜਸਪ੍ਰੀਤ ਕੌਰ, ਗੁਰਜੰਟ ਸਿੰਘ, ਨਿਰਮਲ ਸਿੰਘ, ਜਗਰਾਜ ਸਿੰਘ, ਅਮਰਜੀਤ ਸਿੰਘ, ਬਲਵੀਰ ਸਿੰਘ, ਗੁਰਤੇਜ ਸਿੰਘ, ਜੀਤ ਸਿੰਘ ਮੈਂਬਰ, ਰਣਧੀਰ ਸਿੰਘ, ਬਿੱਟੂ, ਦੇਵ ਸਿੰਘ, ਰੌਣਕੀ, ਬਾਬਾ ਰਵਿੰਦਰ ਸਿੰਘ, ਜਗਤਾਰ ਪ੍ਰੇਮੀ, ਰਾਜੂ ਸਿੰਘ, ਅਮਰਜੀਤ ਸਿੰਘ ਸਰਪੰਚ, ਸੁਖਚੈਨ ਸਿੰਘ, ਰਾਜਵਿੰਦਰ ਸਿੰਘ, ਪਰਗਟ ਸਿੰਘ, ਰਾਮ ਰੱਖਾ, ਛਿੰਦਰ ਸਿੰਘ, ਤਰਸੇਮ ਸਿੰਘ, ਨਿਰਮਲ ਸਿੰਘ ਸਰਪੰਚ, ਗੁਰਚਰਨ ਸਿੰਘ, ਦਵਿੰਦਰ ਸਿੰਘ, ਮਨਪ੍ਰੀਤ ਸਿੰਘ, ਗੁਰਮੀਤ ਸਿੰਘ, ਹਰਪ੍ਰੀਤ ਸਿੰਘ, ਹਰਦੇਵ ਸਿੰਘ, ਜਸਵਿੰਦਰ ਕੌਰ ਪ੍ਰਧਾਨ ਨਰੇਗਾ, ਸਤਪਾਲ ਸਿੰਘ ਖਾਲਸਾ, ਸਤਨਾਮ ਸਿੰਘ ਗਿੱਲ, ਕਾਕਾ ਪੇਂਟਰ, ਚਰਨਜੀਤ ਕੌਰ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਵਰਕਰ ਤੇ ਸਮਰਥਕ ਹਾਜ਼ਰ ਸਨ।

# 26 ਲੱਖ 'ਚ ਪਈ ਦੋਵਾਂ ਭਰਾਵਾਂ ਨੂੰ ਰੇਲਵੇ ਦੀ ਟਿਕਟ ਚੈਕਿੰਗ!

■ ਨੇਜਾਡੇਲਾ ਖੁਰਦ ਦੇ ਦੋ ਸਕੇ ਭਰਾਵਾਂ ਨਾਲ ਵੱਜੀ ਵੱਡੀ ਠੱਗੀ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਰੇਲਵੇ ਵਿਭਾਗ 'ਚ ਟੀਟੀ ਦੀ ਨੌਕਰੀ ਦਿਵਾਉਣ ਦੇ ਨਾਮ 'ਤੇ ਸਿਰਸਾ ਜ਼ਿਲ੍ਹੇ ਦੇ ਪਿੰਡ ਨੇਜਾਡੇਲਾ ਖੁਰਦ ਦੇ ਵਸਨੀਕ ਦੋ ਸਕੇ ਭਰਾਵਾਂ ਨਾਲ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ।ਪੀੜਤ ਭਰਾਵਾਂ ਨੇ ਕਿਹਾ ਕਿ ਪਿੰਡ ਭੂਨਾ ਵਾਸੀ ਰਾਜ ਕੁਮਾਰ ਨੇ ਦੋਵਾਂ ਭਰਾਵਾਂ ਤੋਂ 36 ਲੱਖ ਰੁਪਏ ਲੈ ਕੇ ਜੁਆਇਨਿੰਗ ਲੈਟਰ ਤੇ ਜਾਲ੍ਹੀ ਆਈ ਡੀ ਕਾਰਡ ਦੇ ਦਿੱਤੇ।ਪੀੜਤਾਂ ਦੀ ਸ਼ਿਕਾਇਤ 'ਤੇ ਥਾਣਾ ਸਿਵਲ ਲਾਈਨ ਦੀ ਪੁਲਸ ਨੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰਕੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਪਿੰਡ ਨੇਜਾਡੇਲਾ ਖੁਰਦ ਦੇ ਵਾਸੀ ਅਨਮੋਲ ਕੁਮਾਰ ਨੇ ਦੱਸਿਆ ਕਿ ਉਹ ਤੇ ਉਸ ਦਾ ਛੋਟਾ ਭਰਾ ਸਰਕਾਰੀ ਨੌਕਰੀ ਲੈਣਾ ਚਾਹੁੰਦੇ ਸਨ।ਫਤਿਹਾਬਾਦ ਜ਼ਿਲ੍ਹੇ ਦੇ ਪਿੰਡ ਭੂਨਾ ਵਾਸੀ ਰਾਜ ਕੁਮਾਰ ਦਾ ਉਨ੍ਹਾਂ ਦੇ ਘਰ ਆਉਣ-ਜਾਣ ਸੀ।ਰਾਜ ਕੁਮਾਰ ਨੇ ਕਿਹਾ ਕਿ ਜੇਕਰ ਤੁਸੀਂ ਦੋਵੇਂ ਭਰਾ ਰੇਲਵੇ 'ਚ ਨੌਕਰੀ ਕਰਨਾ ਚਾਹੁੰਦੇ ਹੋ ਤਾਂ ਉਹ ਤੁਹਾਨੂੰ ਆਪਣੇ ਮਿੱਤਰ ਰਾਹੁਲ ਨਾਲ ਮਿਲਵਾ ਦੇਵੇਗਾ, ਜਿਸ 'ਤੇ ਰਾਜ ਕੁਮਾਰ ਆਪਣੇ ਦੋਸਤ ਰਾਹੁਲ ਨਾਲ ਸਿਰਸਾ ਆਇਆ ਤਾਂ ਦੋਵਾਂ ਭਰਾਵਾਂ ਨੇ ਇੱਕ ਹੋਟਲ 'ਚ ਰਾਹੁਲ ਨਾਲ ਗੱਲਬਾਤ ਕੀਤੀ ਤਾਂ ਰਾਹੁਲ ਨੇ ਦੋਵਾਂ ਭਰਾਵਾਂ ਨੂੰ ਰੇਲਵੇ 'ਚ ਟੀਟੀ ਲਵਾਉਣ ਬਦਲੇ 36 ਲੱਖ ਰੁਪਏ ਮੰਗੇ ਤੇ ਉਹ ਰਾਜ ਕੁਮਾਰ ਦੇ ਕਹਿਣ ਕਾਰਨ 36 ਲੱਖ ਰੁਪਏ ਦੇਣ ਲਈ ਰਾਜ਼ੀ ਹੋ ਗਏ। ਬਾਅਦ ਰਾਹੁਲ ਨੇ ਉਨ੍ਹਾਂ ਨੂੰ ਰੇਲਵੇ ਮੈਡੀਕਲ ਹਸਪਤਾਲ ਦਿੱਲੀ ਵਿਖੇ ਮੈਡੀਕਲ ਕਰਵਾਉਣ ਲਈ ਕਿਹਾ।ਇਸ ਤੋਂ ਬਾਅਦ ਦੋਵਾਂ ਭਰਾਵਾਂ ਨੇ ਆਪਣਾ ਮੈਡੀਕਲ ਕਰਵਾਇਆ ਤਾਂ ਦੋਵਾਂ ਭਰਾਵਾਂ ਨੂੰ ਜਾਲ੍ਹੀ ਜੁਆਇਨਿੰਗ ਲੈਟਰ ਦਿੱਤੇ ਗਏ। ਇਸ ਤੋਂ ਬਾਅਦ ਦੋਵੇਂ ਭਰਾ ਹਜ਼ਰਤ ਨਿਜ਼ਾਮੂਦੀਨ ਰੇਲਵੇ ਸਟੇਸ਼ਨ ਜਾ ਕੇ ਡਿਊਟੀ ਕਰਨ ਲੱਗੇ।ਪਿਛਲੇ ਸਮੇਂ ਅਨਮੋਲ ਤੇ ਉਸ ਦਾ ਭਰਾ ਅਨੁਸੰਧਾ ਪਠਾਨਕੋਟ ਐਕਸਪ੍ਰੈੱਸ ਰੇਲਗੱਡੀ ਵਿੱਚ ਟੀਟੀ ਵਜੋਂ ਆਪਣੀ ਡਿਊਟੀ ਕਰ ਰਹੇ ਸਨ ਤਾਂ ਅਚਾਨਕ ਚੈਕਿੰਗ ਸਟਾਫ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਤਾਂ ਦੋਵਾਂ ਦੇ ਜੁਆਇਨਿੰਗ ਲੈਟਰ ਜਾਲ੍ਹੀ ਪਾਏ ਗਏ। ਇਸ ਤੋਂ ਬਾਅਦ ਧੋਖਾਧੜੀ ਦਾ ਸ਼ਿਕਾਰ ਭਰਾਵਾਂ ਨੇ ਥਾਣਾ ਸਿਵਲ ਲਾਈਨ ਨੂੰ ਸ਼ਿਕਾਇਤ ਦਿੱਤੀ ਤਾਂ ਪੁਲਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਮਾਤਾ ਗੁਜਰੀ ਕਾਲਜ ਵਿਖੇ ਦਾਖਲਿਆਂ ਲਈ ਵਿਦਿਆਰਥੀਆਂ 'ਚ ਭਾਰੀ ਉਤਸ਼ਾਹ : ਚੀਮਾ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੀ ਉੱਤਰੀ ਭਾਰਤ ਦੀ ਸਿਰਮੌਰ ਸਿੱਖਿਆ ਸੰਸਥਾ ਮਾਤਾ ਗੁਜਰੀ ਕਾਲਜ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਵਿੱਦਿਅਕ ਵਰ੍ਹੇ 2024-25 ਵਿੱਚ ਦਾਖਲਿਆਂ ਨੂੰ ਲੈ ਕੇ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।ਕਾਲਜ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਸ੍ਰ. ਜਗਦੀਪ ਸਿੰਘ ਚੀਮਾ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਸ੍ਰੀ ਫ਼ਤਹਿਗੜ੍ਹ ਸਾਹਿਬ ਦੀ ਮੁਕੱਦਸ ਧਰਤੀ 'ਤੇ ਸਥਿਤ ਮਾਤਾ ਗੁਜਰੀ ਕਾਲਜ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਇਸ ਮਹਾਨ ਅਦਾਰੇ ਵੱਲੋਂ ਵਿੱਦਿਅਕ, ਧਾਰਮਿਕ, ਸਮਾਜਿਕ, ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਨਿਰੰਤਰ ਵੱਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਚੀਮਾ ਨੇ ਕਿਹਾ ਕਿ ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਹੈ ਤੇ ਕਾਲਜ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਸੁਚੱਜੀ ਅਗਵਾਈ ਹੇਠ ਤਰੱਕੀ ਦੀਆਂ ਲੀਹਾਂ 'ਤੇ ਹੈ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਦੱਸਿਆ ਕਿ ਕਾਲਜ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਵਾਤਾਨੁਕੂਲ ਦਾਖ਼ਲਾ ਸੈੱਲ ਵਿਸ਼ੇਸ਼ ਤੌਰ 'ਤੇ ਸਥਾਪਤ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਮਾਤਾ ਗੁਜਰੀ ਕਾਲਜ ਨੂੰ ਲਗਾਤਾਰ ਤਿੰਨ ਵਾਰ ਏ ਗਰੇਡ, ਅਟੌਨੋਮਸ ਸਟੇਟਸ, ਪੰਜਾਬ ਸਟੇਟ ਕਾਊਂਸਲ ਫਾਰ ਐਗਰੀਕਲਚਰ ਐਜੂਕੇਸ਼ਨ ਵੱਲੋਂ ਮਾਨਤਾ, ਭਾਰਤ ਸਰਕਾਰ ਦੇ ਡੀ.ਬੀ.ਟੀ. ਮੰਤਰਾਲੇ ਦੀ ਸਕੀਮ ਤਹਿਤ ਸਟਾਰ ਕਾਲਜ ਦਾ ਮਾਣਮੱਤਾ ਰੁੱਤਬਾ ਤੇ ਅਨੇਕਾਂ ਮਾਨ-ਸਨਮਾਨ ਹਾਸਲ ਹਨ। ਕਾਲਜ ਦੇ ਐਡਮਿਸ਼ਨ ਕੋਆਰਡੀਨੇਟਰ ਡਾ. ਬਿਕਰਮਜੀਤ ਸਿੰਘ ਨੇ ਕਿਹਾ ਕਿ ਮਾਤਾ ਗੁਜਰੀ ਕਾਲਜ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਵਿਦਿਆਰਥੀਆਂ ਦੀ ਵੱਖ-ਵੱਖ ਕੋਰਸਾਂ ਵਿੱਚ ਦਾਖਲਾ ਲੈਣ ਲਈ ਪਹਿਲੀ ਪਸੰਦ ਬਣਿਆ ਹੋਇਆ ਹੈ, ਕਿਉਂਕਿ ਕਾਲਜ ਵੱਲੋਂ ਕਿਤਾਬੀ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਦੀਆਂ ਸਹਿ-ਵਿੱਦਿਅਕ ਗਤੀਵਿਧੀਆਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਵਿਸ਼ਿਆਂ ਦੀ ਚੋਣ ਨੂੰ ਲੈ ਕੇ ਵਿਦਿਆਰਥੀਆਂ ਅੰਦਰ ਬੀ.ਕਾਮ, ਬੀ.ਬੀ.ਏ, ਬੀ.ਸੀ.ਏ., ਬੀ.ਐੱਸ.ਸੀ. (ਆਨਰਜ਼) ਐਗਰੀਕਲਚਰ, ਬੀ.ਏ. (ਆਨਰਜ਼) ਸੋਸ਼ਲ ਸਾਇੰਸਜ਼, ਬੀ.ਏ. ਤੇ ਸਾਇੰਸ ਕੋਰਸਾਂ ਦਾ ਰੁਝਾਨ ਚੱਲ ਰਿਹਾ ਹੈ।ਵਰਣਨਯੋਗ ਹੈ ਕਿ ਕਾਲਜ ਵੱਲੋਂ ਪ੍ਰੀਖਿਆਵਾਂ ਦੇ ਨਤੀਜੇ ਵੀ ਜਲਦੀ ਘੋਸ਼ਿਤ ਕੀਤੇ ਜਾਂਦੇ ਹਨ।ਇਸ ਸਮੇਂ ਕਾਲਜ ਵਿੱਚ 17 ਅੰਡਰ ਗ੍ਰੈਜੂਏਟ ਕੋਰਸ, 19 ਪੋਸਟ ਗ੍ਰੈਜੂਏਟ ਕੋਰਸ ਤੇ ਅਨੇਕਾਂ ਸ਼ਾਰਟ-ਟਰਮ ਕਿੱਤਾ ਕੋਰਸ ਵੀ ਉਪਲੱਬਧ ਹਨ।ਇਸ ਮੌਕੇ ਡਾ. ਰਾਸ਼ਿਦ ਰਸ਼ੀਦ, ਪ੍ਰੋ. ਰਜਿੰਦਰ ਕੌਰ ਮਾਨ, ਡਾ. ਜਗਪਾਲ ਸਿੰਘ, ਡਾ. ਹਰਜੀਤ ਕੌਰ, ਡਾ. ਸਤਨਾਮ ਸਿੰਘ, ਡਾ. ਸੰਦੀਪ ਕੁਮਾਰ ਸਿੰਘ, ਡਾ. ਮੋਨਿਕਾ, ਡਾ. ਸੌਰਵ ਸ਼ਰਮਾ, ਸ੍ਰ. ਬਚਿੱਤਰ ਸਿੰਘ, ਸ੍ਰ. ਮਨਜਿੰਦਰ ਸਿੰਘ ਤੇ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।

## ਸਰਕਾਰੀ ਹਾਈ ਸਕੂਲ ਕਰਮਗੜ੍ਹ 'ਚ ਕੰਪਿਊਟਰ ਪਾਰਕ ਦਾ ਉਦਘਾਟਨ




**ਮਲੋਟ (ਗੁਰਮੀਤ ਸਿੰਘ ਮੱਕੜ)**

ਪਿੰਡ ਕਰਮਗੜ੍ਹ ਦਾ ਸਰਕਾਰੀ ਹਾਈ ਸਕੂਲ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਇੱਕ ਵੱਖਰੀ ਤਰ੍ਹਾਂ ਦੇ ਕੰਪਿਊਟਰ ਪਾਰਕ-ਕਮ-ਸਟੇਜ ਦਾ ਉਦਘਾਟਨ ਸਕੂਲ ਪ੍ਰਬੰਧਕੀ ਕਮੇਟੀ ਦੁਆਰਾ ਕੀਤਾ ਗਿਆ। ਸਕੂਲ ਦੇ ਮੁੱਖ ਅਧਿਆਪਕਾ ਸ਼੍ਰੀਮਤੀ ਡਿੰਪਲ ਵਰਮਾ ਦੇ ਵਿਸ਼ੇਸ਼ ਯਤਨਾਂ ਤੇ ਸਟਾਫ ਦੇ ਸਹਿਯੋਗ ਨਾਲ ਵੱਖਰੀ ਕਿਸਮ ਦਾ ਕੰਪਿਊਟਰ ਸਟੇਜ ਬਣਾਇਆ ਗਿਆ ਹੈ, ਜਿਸ ਵਿੱਚ ਵਿਦਿਆਰਥੀ ਨਾ ਕੇਵਲ ਕੰਪਿਊਟਰ ਸਬੰਧੀ ਪੜ੍ਹਾਈ ਰੌਚਕ ਢੰਗ ਨਾਲ ਕਰਨਗੇ, ਬਲਕਿ ਇਸ ਦੀ ਵਰਤੋਂ ਇੱਕ ਆਧੁਨਿਕ ਸਟੇਜ ਦੇ ਤੌਰ 'ਤੇ ਵੀ ਕੀਤੀ ਜਾ ਸਕਦੀ ਹੈ। ਇਸ ਸਟੇਜ ਨੂੰ ਕੁਝ ਦੂਰੀ ਤੋਂ ਦੇਖਣ 'ਤੇ ਇਹ ਇੱਕ ਲੈਪਟੋਪ ਦਾ ਭੁਲੇਖਾ ਪਾਉਂਦੀ ਹੈ ਅਤੇ ਦੇਖਣ ਵਾਲੇ ਲਈ ਖਿੱਚ ਦਾ ਕੇਂਦਰ ਹੋ ਜਾਂਦੀ ਹੈ। ਮੁੱਖ ਅਧਿਆਪਕਾ ਮੈਡਮ ਡਿੰਪਲ ਨੇ ਦੱਸਿਆ ਕਿ ਸਕੂਲ ਲਈ ਕੁੱਝ ਵੱਖਰਾ ਕਰਨ ਦੀ ਇੱਛਾ ਸ਼ਕਤੀ ਨੇ ਹੀ ਉਨ੍ਹਾਂ ਅੰਦਰ ਇਹ ਵਿਚਾਰ ਪੈਦਾ ਕੀਤੇ ਅਤੇ ਵਿਦਿਆਰਥੀਆਂ ਤੇ ਸਟਾਫ ਦੀ ਮਿਹਨਤ ਅਖੀਰ ਰੰਗ ਲਿਆਈ ਅਤੇ ਅੱਜ ਇਹ ਸੁਪਨਾ ਸਾਕਾਰ ਹੋਇਆ ਹੈ। ਸਕੂਲ ਪ੍ਰਬੰਧਕ ਕਮੇਟੀ ਤੇ ਪਿੰਡ ਕਰਮਗੜ੍ਹ ਦੀ ਪੰਚਾਇਤ ਨੇ ਇਸ ਯਤਨ ਲਈ ਸਕੂਲ ਮੁੱਖ ਅਧਿਆਪਕਾ ਤੇ ਸਟਾਫ ਦੀ ਭਰਪੂਰ ਸ਼ਲਾਘਾ ਕੀਤੀ।

# ਵਿਸ਼ਵ ਵਾਤਾਵਰਣ ਦਿਵਸ 'ਤੇ ਐਗਰੀਮ ਕਲੱਬ ਵੱਲੋਂ ਰਾਸ਼ਟਰੀ ਵੈਬੀਨਾਰ




**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਐਗਰੀਮ ਕਲੱਬ ਆਫ ਐਗਰੀਕਲਚਰ ਐਂਡ ਲਾਈਫ ਸਾਇੰਸਿਜ਼ ਦੇ ਫੈਕਲਟੀ ਨੇ ਆਈਕਿਊਏਸੀ, ਦੇਸ਼ ਭਗਤ ਯੂਨੀਵਰਸਿਟੀ ਦੇ ਸਹਿਯੋਗ ਨਾਲ ਵਿਸ਼ਵ ਵਾਤਾਵਰਣ ਦਿਵਸ 2024 'ਤੇ ਸਾਡੀ ਜ਼ਮੀਨ ਸਾਡਾ ਭਵਿੱਖ ਦੇ ਨਾਅਰੇ ਹੇਠ ਰਾਸ਼ਟਰੀ ਵੈਬੀਨਾਰ ਦਾ ਆਯੋਜਨ ਕੀਤਾ।

ਪ੍ਰੋਗਰਾਮ ਦੀ ਸ਼ੁਰੂਆਤ ਡਾ. ਐਚ.ਕੇ ਸਿੱਧੂ, ਡੀਨ ਐਗਰੀਕਲਚਰ ਐਂਡ ਲਾਈਫ ਸਾਇੰਸਿਜ਼ ਅਤੇ ਆਈਕਿਊਏਸੀ ਕੋਆਰਡੀਨੇਟਰ ਦੁਆਰਾ ਵਿਸ਼ੇ ਦੀ ਰਸਮੀ ਜਾਣ-ਪਛਾਣ ਕਰਕੇ ਕੀਤੀ ਗਈ।ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਗਲੋਬਲ ਜਲਵਾਯੂ ਪਰਿਵਰਤਨ ਅਤੇ ਵਾਤਾਵਰਣ ਦੀ ਬਹਾਲੀ ਲਈ ਸਮਰਥਨ 'ਤੇ ਵੱਧ ਤੋਂ ਵੱਧ ਧਿਆਨ ਕੇਂਦਰਿਤ ਕੀਤਾ ਜਾਵੇ।ਉਨ੍ਹਾਂ ਵਿਸ਼ਵ ਵਾਤਾਵਰਣ ਦਿਵਸ ਮਨਾਉਣ ਦੇ ਸੰਖੇਪ ਇਤਿਹਾਸ ਬਾਰੇ ਵੀ ਮਾਰਗਦਰਸ਼ਨ ਕੀਤਾ, ਮਾਨਯੋਗ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਮਾਨਯੋਗ ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ ਨੇ ਇਨ੍ਹਾਂ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਕਿ ਉਹ ਦੇਸ਼ ਦਾ ਭਵਿੱਖ ਹਨ ਅਤੇ ਇਹ ਉਨ੍ਹਾਂ ਦਾ ਮੁੱਢਲਾ ਫਰਜ਼ ਵੀ ਹੈ। ਕੁਦਰਤੀ ਸਰੋਤਾਂ ਦੀ ਸੰਭਾਲ ਦਾ ਅਧਿਕਾਰ।ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ ਅਭਿਜੀਤ ਜੋਸ਼ੀ ਨੇ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਤਾਪਮਾਨ ਵਿੱਚ ਵਾਧਾ ਕੁਦਰਤ ਵਿੱਚ ਮਨੁੱਖੀ ਦਖਲਅੰਦਾਜ਼ੀ ਕਾਰਨ ਹੁੰਦਾ ਹੈ, ਇਹ ਨਾ ਸਿਰਫ਼ ਮਿੱਟੀ, ਜਲਵਾਯੂ, ਸਗੋਂ ਮਨੁੱਖਾਂ ਦੇ ਨਾਲ-ਨਾਲ ਬਨਸਪਤੀ ਤੇ ਜੀਵ-ਜੰਤੂਆਂ ਦੀ ਸਿਹਤ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ, ਇਸ ਲਈ ਸਾਨੂੰ ਜ਼ਮੀਨ ਦੀ ਬਹਾਲੀ ਅਤੇ ਜਲਵਾਯੂ ਤਬਦੀਲੀ ਨੂੰ ਘਟਾਉਣ ਲਈ ਟੀਚੇ ਨਿਰਧਾਰਤ ਕਰਨ ਦੀ ਲੋੜ ਹੈ।ਇਸ ਤੋਂ ਬਾਅਦ ਡਾ. ਅਵਿਨਾਸ਼ ਭਾਟੀਆ, ਫੈਕਲਟੀ ਆਫ਼ ਐਗਰੀਕਲਚਰ ਐਂਡ ਲਾਈਫ ਸਾਇੰਸਿਜ਼, ਨੇ ਇੱਕ ਮਾਡਿਊਲੇਟਰ ਵਜੋਂ ਸਮਾਗਮ ਦੀ ਸ਼ੁਰੂਆਤ ਕੀਤੀ। ਸ਼ੇਰੇ-ਕਸ਼ਮੀਰ ਯੂਨੀਵਰਸਿਟੀ, ਸ੍ਰੀਨਗਰ ਤੋਂ ਸਰੋਤ ਵਿਅਕਤੀ ਡਾ ਇਰਫਾਨ ਅਹਿਮਦ ਨੂੰ ਡਾ: ਸਚਿਨ ਭਾਰਦਵਾਜ ਨੇ ਪੇਸ਼ ਕੀਤਾ।ਡਾ. ਅਹਿਮਦ ਨੇ ਵਾਤਾਵਰਣ ਪੱਖੀ ਤੇ ਵਾਤਾਵਰਣ ਲਈ ਸੁਰੱਖਿਅਤ ਅਭਿਆਸਾਂ ਲਈ ਬਾਇਓਪਲਾਸਟਿਕਸ ਦੀ ਵਰਤੋਂ ਬਾਰੇ ਮਾਰਗਦਰਸ਼ਨ ਕੀਤਾ।ਐਮਿਟੀ ਯੂਨੀਵਰਸਿਟੀ, ਮੋਹਾਲੀ ਤੋਂ ਦੂਜੀ ਰਿਸੋਰਸ ਪਰਸਨ ਡਾ. ਦੀਕਸ਼ਾ ਰਾਣਾ ਨੂੰ ਡਾ. ਅਵਨੀਸ਼ ਭਾਟੀਆ ਨੇ ਪੇਸ਼ ਕੀਤਾ। ਡਾ ਦੀਕਸ਼ਾ ਰਾਣਾ ਨੇ ਰੀਸਟੋਰ, ਰੀਵਾਈਵ ਅਤੇ ਰੀਡਿਊਸ 'ਤੇ ਧਿਆਨ ਕੇਂਦਰਤ ਕੀਤਾ। ਉਸਨੇ ਰੋਜ਼ਾਨਾ ਜੀਵਨ ਦੀਆਂ ਉਦਾਹਰਨਾਂ ਦੇ ਕੇ 2024 ਦੇ ਥੀਮ ਬਾਰੇ ਬਹੁਤ ਸਪੱਸ਼ਟ ਤੌਰ 'ਤੇ ਮਾਰਗਦਰਸ਼ਨ ਕੀਤਾ।ਅੰਤ ਵਿੱਚ ਡਾ: ਦੀਪਇੰਦਰਪਾਲ ਸਿੰਘ ਨੇ ਪ੍ਰਬੰਧਕਾਂ, ਸਰੋਤ ਵਿਅਕਤੀਆਂ, ਫੈਕਲਟੀ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।ਇਸ ਤੋਂ ਬਾਅਦ ਡਾ: ਸੁਰਜੀਤ ਪਥੇਜਾ, ਡਾ: ਐਚ.ਕੇ. ਸਿੱਧੂ ਤੇ ਹੋਰ ਫੈਕਲਟੀ ਮੈਂਬਰਾਂ ਦੁਆਰਾ ਬੂਟੇ ਲਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ।

## ਵਾਤਾਵਰਣ ਸਾਫ਼ ਨਹੀਂ ਹੋਵੇਗਾ ਤਾਂ ਵਧੇਗੀ ਬਿਮਾਰਾਂ ਦੀ ਗਿਣਤੀ : ਡਾ. ਭਿੰਡਰ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਿਵਲ ਸਰਜਨ ਡਾਕਟਰ ਪ੍ਰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੀਨੀਅਰ ਮੈਡੀਕਲ ਅਫਸਰ ਫ਼ਤਿਹਗੜ੍ਹ ਪੰਜਗਰਾਈਆਂ ਡਾ. ਜੀ.ਐਸ ਭਿੰਡਰ ਦੀ ਯੋਗ ਅਗਵਾਈ ਹੇਠ ਸਿਹਤ ਬਲਾਕ ਫ਼ਤਿਹਗੜ੍ਹ ਪੰਜਗਰਾਈਆਂ ਵਿਖੇ 'ਜ਼ਮੀਨ ਦੀ ਬਹਾਲੀ, ਮਾਰੂਥਲੀਕਰਨ ਨੂੰ ਰੋਕਣਾ ਤੇ ਸੋਕੇ ਦੀ ਲਚਕੀਲਾਪਣ ਪੈਦਾ ਕਰਨਾ' ਥੀਮ ਹੇਠ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ।

ਐਸ.ਐਮ.ਓ ਡਾ.ਜੀ.ਐਸ ਭਿੰਡਰ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣਾ ਫ਼ਰਜ਼ ਸਮਝ ਕੇ ਵਾਤਾਵਰਣ ਦੀ ਸੰਭਾਲ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਤੇ ਅਸੀਂ ਆਪਣਾ ਆਲਾ-ਦੁਆਲਾ ਸਾਫ਼ ਨਹੀਂ ਰੱਖਾਂਗੇ ਤਾਂ ਬਿਮਾਰਾਂ ਦੀ ਗਿਣਤੀ ਵਿੱਚ ਵਾਧਾ ਹੋਵੇਗਾ। ਇਸ ਮੌਕੇ ਛਾਂਦਾਰ ਰੁੱਖ ਦੇ ਪੌਦੇ ਲਾਉਂਦੇ ਹੋਏ ਬਲਾਕ ਐਜੂਕੇਟਰ ਹਰਪ੍ਰੀਤ ਕੌਰ ਤੇ ਰਾਜੇਸ਼ ਰਿਖੀ ਨੇ ਕਿਹਾ ਕਿ ਪਲਾਸਟਿਕ ਦੀ ਵਰਤੋਂ ਨੂੰ ਘਟਾਉਣ ਲਈ ਸਾਨੂੰ ਮੁੜ ਪੁਰਾਣੇ ਪੰਜਾਬ ਦੇ ਸਿਧੇ ਤੇ ਸਾਦੇ ਜੀਵਨ ਵੱਲ ਮੁੜਨਾ ਪਵੇਗਾ ਤਾਂ ਹੀ ਅਸੀਂ ਵਾਤਾਵਰਣ ਨੂੰ ਬਚਾਉਣ 'ਚ ਵੱਡਾ ਯੋਗਦਾਨ ਪਾ ਸਕਦੇ ਹਾਂ। ਸਾਡੇ ਆਲੇ-ਦੁਆਲੇ ਵੱਧ ਤੋਂ ਵੱਧ ਰੁੱਖ ਲਾਉਣ, ਆਸਪਾਸ ਦੇ ਇਲਾਕਿਆਂ 'ਚ ਸਫਾਈ ਦੀਆਂ ਗਤੀਵਿਧੀਆਂ, ਘੱਟ ਪਾਣੀ ਦੀ ਵਰਤੋਂ, ਊਰਜਾ-ਕੁਸ਼ਲ ਉਪਕਰਣਾਂ ਦੀ ਵਰਤੋਂ ਕਰਕੇ ਸਾਡੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਫਿਰ ਤੋਂ ਤਾਜ਼ਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਮਹਾਂਮਾਰੀ ਦੇ ਦੌਰ 'ਚ ਦੁਨੀਆ ਭਰ ਦੇ ਲੋਕਾਂ ਨੇ ਆਕਸੀਜਨ ਦੀ ਘਾਟ ਵੇਖੀ ਹੈ ਅਤੇ ਰੁੱਖ ਆਕਸੀਜਨ ਦਾ ਕੁਦਰਤੀ ਤੋਹਫ਼ਾ ਹਨ, ਜਿਸ ਨੂੰ ਕਿ ਅਸੀਂ ਭੁੱਲ ਜਾਂਦੇ ਹਾਂ।

# ਸੰਭਾਵੀ ਹੜ੍ਹਾਂ ਲਈ ਪੁਖਤਾ ਪ੍ਰਬੰਧ ਯਕੀਨੀ ਬਣਾਏ ਜਾਣ : ਧੀਮਾਨ

■ ਡੀ ਸੀ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਮਾਨਸੂਨ ਸੀਜ਼ਨ-2024 ਦੌਰਾਨ ਸੰਭਾਵਤ ਹੜ੍ਹਾਂ ਨਾਲ ਨਜਿੱਠਣ ਬਾਰੇ ਹੋਈ ਮੀਟਿੰਗ ਵਿਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਅਗਾਊਂ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਦੀ ਹਦਾਇਤ ਕਰਦਿਆਂ ਕਿਹਾ ਕਿ ਸੰਭਾਵਿਤ ਹੜ੍ਹਾਂ ਦਾ ਸਾਹਮਣਾ ਕਰਨ ਲਈ ਆਪਸੀ ਤਾਲਮੇਲ ਨਾਲ ਕੰਮ ਕੀਤਾ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਰੁਣ ਸ਼ਰਮਾ ਵੀ ਮੌਜੂਦ ਸਨ। ਇਸ ਮੌਕੇ ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਕਿਸ਼ਤੀਆਂ, ਲਾਈਫ਼ ਜੈਕਟਾਂ, ਫਲੱਡ ਲਾਈਟਾਂ, ਸਰਚ ਲਾਈਟਾਂ ਆਦਿ ਸਮਾਨ ਦੀ ਪਹਿਲਾਂ ਤੋਂ ਹੀ ਜਾਂਚ ਕਰ ਲਈ ਜਾਵੇ ਅਤੇ ਜੇਕਰ ਕਿਸੇ ਸਮਾਨ ਨੂੰ ਰਿਪੇਅਰ ਦੀ ਲੋੜ ਹੈ, ਤਾਂ ਤੁਰੰਤ ਰਿਪੇਅਰ ਕਰਾਈ ਜਾਵੇ।ਇਸ ਤੋਂ ਇਲਾਵਾ ਮਾਨਸੂਨ ਤੋਂ ਪਹਿਲਾਂ ਡਰੇਨੇਜ਼ ਤੇ ਸੀਵਰੇਜ਼ ਦੀ ਸਫ਼ਾਈ ਵੀ ਯਕੀਨੀ ਬਣਾਈ ਜਾਵੇ।ਉਨ੍ਹਾਂ ਕਿਹਾ ਕਿ ਪ੍ਰਬੰਧਾਂ ਪੱਖੋਂ ਕਿਸੇ ਕਿਸਮ ਦੀ ਲਾਪ੍ਰਵਾਹੀ ਸਹਿਣ ਨਹੀਂ ਕੀਤੀ ਜਾਵੇਗੀ। ਇਸ ਲਈ ਸੌਂਪੀ ਗਈ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਈ ਜਾਵੇ।ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਜ਼ਿਲ੍ਹਾ ਪੱਧਰ 'ਤੇ ਅਤੇ ਸਬ-ਡਵੀਜ਼ਨ ਪੱਧਰ 'ਤੇ ਫਲੱਡ ਕੰਟਰੋਲ ਰੂਮ ਸਥਾਪਤ ਕੀਤੇ ਜਾਣ, ਜਿਸ ਲਈ ਸਬੰਧਤ ਸਟਾਫ਼ ਦੀ ਡਿਊਟੀ ਲਾਈ ਜਾਵੇ।ਉਨ੍ਹਾਂ ਸਿਹਤ ਵਿਭਾਗ ਨੂੰ ਹਦਾਇਤ ਕਰਦਿਆਂ ਕਿਹਾ ਕਿ ਸੰਭਾਵੀ ਹੜ੍ਹਾਂ ਦੌਰਾਨ ਜਿਥੇ ਡਾਕਟਰਾਂ ਦੀ ਡਿਊਟੀ ਲਾਈ ਜਾਵੇ, ਉਥੇ ਦਵਾਈਆਂ ਦਾ ਵੀ ਪ੍ਰਬੰਧ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਹੜ੍ਹਾਂ ਵਰਗੇ ਹਾਲਾਤ ਦੌਰਾਨ ਪਸ਼ੂ ਪਾਲਣ ਵਿਭਾਗ ਤੇ ਖੇਤੀਬਾੜੀ ਵਿਭਾਗ ਨੂੰ ਆਪਸੀ ਤਾਲਮੇਲ ਨਾਲ ਪਸ਼ੂਆਂ ਦੇ ਚਾਰੇ ਆਦਿ ਸਬੰਧੀ ਉਚਿਤ ਪ੍ਰਬੰਧ ਕਰਨ ਲਈ ਵੀ ਕਿਹਾ।ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਸੰਭਾਵੀ ਹੜ੍ਹਾਂ ਸਬੰਧੀ ਪੂਰੀ ਗੰਭੀਰਤਾ ਨਾਲ ਅਗੇਤੇ ਪ੍ਰਬੰਧ ਯਕੀਨੀ ਬਣਾਏ ਜਾਣ, ਤਾਂ ਜੋ ਹੜ੍ਹਾਂ ਵਰਗੇ ਹਾਲਾਤ ਨਾਲ ਸਮੇਂ ਸਿਰ ਨਜਿੱਠਿਆ ਜਾ ਸਕੇ।ਮੀਟਿੰਗ ਵਿੱਚ ਡੀਆਰਓ ਮੇਜਰ ਗੁਰਜਿੰਦਰ ਸਿੰਘ ਬੈਨੀਪਾਲ, ਡੀਡੀਐੱਫ ਸੌਰਭ ਕੁਮਾਰ ਸਮੇਤ ਫੌਜ, ਬੀਐੱਸਐੱਫ਼ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਗੁਰਮਤਿ ਸਿਖਲਾਈ ਕੈਂਪ 'ਚ ਜੇਤੂ ਬੱਚਿਆਂ ਦਾ ਹੋਵੇਗਾ ਵਿਸ਼ੇਸ਼ ਸਨਮਾਨ : ਭਾਈ ਪਲਵਿੰਦਰ ਸਿੰਘ

**ਪੱਟੀ (ਬਲਦੇਵ ਸਿੰਘ ਸੰਧੂ)**-ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਵੱਲੋਂ ਦੂਜਾ ਗੁਰਮਤਿ ਸਿਖਲਾਈ ਕੈਂਪ ਗੁਰਦੁਆਰਾ ਜਨਮ ਸਥਾਨ ਭਾਈ ਭੂਪ ਸਿੰਘ ਪਿੰਡ ਬਾਹਮਣੀਵਾਲਾ ਵਿਖੇ 2 ਜੂਨ ਤੋਂ ਚੱਲ ਰਿਹਾ ਜਿਸ ਵਿੱਚ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ ਭਾਈ ਹਰਜੀਤ ਸਿੰਘ ਆਸਟਰੇਲੀਆ, ਭਾਈ ਨਿਰਮਲ ਸਿੰਘ ਸੁਰ ਸਿੰਘ, ਭਾਈ ਸੁਖਪਾਲ ਸਿੰਘ ਠੱਟਾ, ਪ੍ਰੋਫੈਸਰ ਗੁਰਸੇਵਕ ਸਿੰਘ ਬੋਪਾਰਾਏ, ਭਾਈ ਗੁਰਪ੍ਰੀਤ ਸਿੰਘ ਜੋਤੀ ਸ਼ਾਹ, ਭਾਈ ਮਨਪ੍ਰੀਤ ਸਿੰਘ ਸੰਗਵਾ, ਭਾਈ ਦਿਲਬਾਗ ਸਿੰਘ ਧਾਰੀਵਾਲ, ਭਾਈ ਅਮਨਦੀਪ ਸਿੰਘ ਸਭਰਾ, ਹੈੱਡ ਗ੍ਰੰਥੀ ਭਾਈ ਅਵਤਾਰ ਸਿੰਘ, ਭਾਈ ਜਗਜੀਤ ਸਿੰਘ ਅਹਿਮਦਪੁਰ ਅਤੇ ਭੈਣ ਗੁਰਬੀਰ ਕੌਰ ਬਾਹਮਣੀਵਾਲਾ ਵੱਲੋਂ ਬੱਚਿਆਂ ਨੂੰ ਗੁਰਬਾਣੀ, ਗੁਰ ਇਤਿਹਾਸ, ਸਿੱਖ ਇਤਿਹਾਸ, ਸਿੱਖ ਰਹਿਤ ਮਰਿਆਦਾ, ਸਿੱਖ ਸੱਭਿਆਚਾਰ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਜਾ ਰਹੀ ਹੈ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਿੱਖ ਜਗਤ ਦੇ ਪ੍ਰਸਿੱਧ ਪ੍ਰਚਾਰਕ ਭਾਈ ਪਲਵਿੰਦਰ ਸਿੰਘ ਅਜੀਜ਼ ਬਾਹਮਣੀਵਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ।ਉਨ੍ਹਾਂ ਕਿਹਾ ਕਿ ਇਸ ਕੈਂਪ ਵਿੱਚ ਤੀਸਰੀ ਜਮਾਤ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਦੇ ਲੜਕੇ ਅਤੇ ਲੜਕੀਆਂ ਭਾਗ ਲੈ ਸਕਦੇ ਹਨ ਹਰ ਰੋਜ ਕੈਂਪ ਵਿੱਚ ਆਉਣ ਵਾਲੇ ਬੱਚਿਆਂ ਲਈ ਨਗਰ ਦੀਆਂ ਸੰਗਤਾਂ ਵੱਲੋਂ ਖਾਣ ਪੀਣ ਦਾ ਪ੍ਰਬੰਧ ਕੀਤਾ ਗਿਆ ਹੈ।ਇਸ ਕੈਂਪ ਵਿੱਚ ਕਿਸੇ ਵੀ ਬੱਚੇ ਕੋਲੋਂ ਕੋਈ ਵੀ ਪੈਸਾ ਨਹੀਂ ਲਿਆ ਜਾਵੇਗਾ ਭਾਵ ਇਹ ਕੈਂਪ ਬਿਲਕੁਲ ਫ੍ਰੀ ਹੈ।10 ਜੂਨ ਨੂੰ ਬੱਚਿਆਂ ਵੱਲੋਂ ਕਵਿਤਾਵਾਂ ਪੇਸ਼ ਕੀਤੀਆਂ ਜਾਣਗੀਆਂ, ਬੱਚਿਆਂ ਦੇ ਦਸਤਾਰ ਅਤੇ ਦੁਮਾਲਾ ਮੁਕਾਬਲੇ ਹੋਣਗੇ। ਜੋ ਕੁਝ ਅੱਠ ਦਿਨ ਬੱਚਿਆਂ ਨੂੰ ਸਿਖਾਇਆ ਜਾਵੇਗਾ। ਉਸ ਵਿੱਚੋਂ ਬੱਚਿਆਂ ਦਾ ਪੇਪਰ ਹੋਏਗਾ।ਪਹਿਲੇ, ਦੂਸਰੇ ਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।ਉਨ੍ਹਾਂ ਨੇ ਨਗਰ ਨਿਵਾਸੀਆਂ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਆਪਣੇ ਬੱਚਿਆਂ ਨੂੰ ਇਸ ਕੈਂਪ ਵਿੱਚ ਭੇਜਣ ਦੀ ਅਪੀਲ ਕੀਤੀ।ਉਨ੍ਹਾਂ ਇਹ ਵੀ ਕਿਹਾ ਕਿ ਇਹੋ ਜਿਹੇ ਕਾਰਜ ਚੰਗੇ ਸਮਾਜ ਦੀ ਸਿਰਜਣਾ ਕਰਨ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਉਂਦੇ ਹਨ।



ਇਨ੍ਹਾਂ ਕਾਰਜਾਂ ਦੇ ਰਾਹੀਂ ਬੱਚਿਆਂ ਨੂੰ ਸਮਾਜਿਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਮਾਤਾ ਪਿਤਾ ਦਾ ਸਤਿਕਾਰ ਕਰਨ ਅਤੇ ਉਹਨਾਂ ਦੇ ਸੁਪਨਿਆਂ ਨੂੰ ਪੂਰਿਆਂ ਕਰਨ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ।ਜਿਹੜੇ ਬੱਚੇ ਇਨਾਂ ਗੱਲਾਂ ਨੂੰ ਪੱਲੇ ਬੰਨ੍ਹ ਕੇ ਆਪਣੀ ਜ਼ਿੰਦਗੀ ਜਿਊਣੀ ਸ਼ੁਰੂ ਕਰ ਦਿੰਦੇ ਹਨ ਉਹ ਬਹੁਤ ਜਲਦੀ ਆਪਣੀ ਮੰਜ਼ਿਲ ਪ੍ਰਾਪਤ ਕਰ ਲੈਂਦੇ ਹਨ ।

# ਜਮਹੂਰੀ ਕਿਸਾਨ ਸਭਾ ਪੰਜਾਬ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਮਨਾਉਣ ਦਾ ਫੈਸਲਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ )**—ਜਮਹੂਰੀ ਕਿਸਾਨ ਸਭਾ ਪੰਜਾਬ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ 9 ਜੂਨ ਨੂੰ ਪੂਰੇ ਪੰਜਾਬ ਵਿੱਚ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ।ਇਹ ਫੈਸਲਾ ਬੀਤੇ ਕੱਲ ਸਭਾ ਦੀ ਡਾਕਟਰ ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਹੋਈ ਸੂਬਾਈ ਮੀਟਿੰਗ ਵਿੱਚ ਕੀਤਾ ਗਿਆ।ਸਥਾਨਕ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਵਿੱਤ ਕਮੇਟੀ ਮੈਂਬਰਾਂ ਸੀਤਲ ਸਿੰਘ ਤਲਵੰਡੀ, ਕੁਲਵੰਤ ਸਿੰਘ ਮੱਲ੍ਹੂਨੰਗਲ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਜਾਗੀਰਦਾਰੀ ਸਿਸਟਮ ਖਿਲਾਫ ਯੁੱਧ ਕਰਕੇ ਜ਼ਮੀਨਾਂ ਦੀ ਵੰਡ ਮੁਜਾਰਿਆਂ ਵਿੱਚ ਕਰਕੇ ਉਨ੍ਹਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਉਨ੍ਹਾਂ ਕਿਹਾ ਕਿ ਕਿ ਅੱਜ ਸਾਡੇ ਦੇਸ਼ ਅੰਦਰ ਲੱਖਾਂ ਏਕੜ ਜਮੀਨ ਜਗੀਰਦਾਰਾਂ ਦੀ ਮਾਲਕੀ ਹੈ ਜੋ ਸੀਲਿੰਗ ਐਕਟ ਅਧੀਨ ਖੋਹ ਕੇ ਲੋਕਾਂ ਵਿੱਚ ਵੰਡਣ ਦੀ ਜ਼ਰੂਰਤ ਹੈ ਪਰ ਸਰਮਾਏਦਾਰ, ਜਗੀਰਦਾਰ ਪੱਖੀ ਸਰਕਾਰਾਂ ਇਹ ਕੰਮ ਕਰਨ ਤੋਂ ਅਸਮਰੱਥ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ, ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਦੀ ਵਿਸ਼ਾਲ ਲਹਿਰ ਖੜ੍ਹੀ ਕਰਨ ਉਪਰੰਤ ਤਿੱਖੇ ਸੰਘਰਸ਼ ਕਰਕੇ ਜਾਗੀਰਦਾਰੀ ਦਾ ਖਾਤਮਾ ਕੀਤਾ ਜਾ ਸਕਦਾ ਹੈ, ਅਜਿਹਾ ਕਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਦਿਨ ਤੇ ਅੰਮ੍ਰਿਤਸਰ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਕਰਕੇ ਅਹਿਦ ਕੀਤਾ ਜਾਵੇਗਾ।

# ਭਗਤ ਜੀ ਦੇ ਯਾਦਗਾਰੀ ਕੈਂਪ 'ਚ 41 ਵਿਅਕਤੀਆਂ ਕੀਤਾ ਖ਼ੂਨਦਾਨ

**ਨਵਾਂ ਸ਼ਹਿਰ ( ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)** ਮਨੁੱਖੀ ਸੇਵਾ ਦੇ ਪੁੰਜ ਭਗਤ ਪੂਰਨ ਸਿੰਘ ਜੀ ਦੇ 120ਵੇਂ ਜਨਮ ਦਿਨ ਨੂੰ ਸਮਰਪਿਤ ਸਵੈ ਇਛੁੱਕ ਖੂਨਦਾਨ ਕੈਂਪ ਸਥਾਨਕ ਬੀ.ਡੀ.ਸੀ ਵਿਖੇ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵਿੱਚ 41 ਵਿਅਕਤੀਆਂ ਨੇ ਖੂਨਦਾਨ ਕੀਤਾ। ਕੈਂਪ ਦਾ ਉਦਘਾਟਨ ਡਾ: ਜੇ.ਡੀ ਵਰਮਾ ਪ੍ਰਧਾਨ ਨੇਤਰਦਾਨ ਸੰਸਥਾ ਨੇ ਕੀਤਾ। ਉਹਨਾਂ ਦੇ ਨਾਲ ਜੇ ਐਸ ਗਿੱਦਾ, ਪੀ.ਆਰ ਕਾਲੀਆ, ਡਾ: ਅਜੇ ਬੱਗਾ, ਮੈਨੇਜਰ ਮਨਮੀਤ ਸਿੰਘ, ਨਰਿੰਦਰਪਾਲ ਸਾਬਕਾ ਪੋਸਟ ਮਾਸਟਰ, ਯੁਵਰਾਜ ਕਾਲ੍ਹੀਆ, ਰਾਜਿੰਦਰ ਠਾਕੁਰ, ਰਾਜੀਵ ਭਾਰਦਵਾਜ, ਮਲਕੀਅਤ ਸਿੰਘ ਸੜੋਆ, ਸਤਨਾਮ ਸਿੰਘ ਸੁੱਜੋਂ, ਮੈਡਮ ਇੰਦਰਜੀਤ ਕੌਰ, ਮੈਡਮ ਪ੍ਰਿਅੰਕਾ ਤੇ ਪਰਥ ਵਰਮਾ ਮੌਜੂਦ ਸਨ। ਡਾ: ਜੇ.ਡੀ ਵਰਮਾ ਨੇ ਆਖਿਆ ਕਿ ਮਨੁੱਖੀ ਸੇਵਾ ਦੇ ਪੁੰਜ ਭਗਤ ਪੂਰਨ ਸਿੰਘ ਜੀ ਦਾ ਜੀਵਨ ਨਿਮਰਤਾ, ਸਾਦਗੀ ਅਤੇ ਲੋੜਵੰਦਾਂ ਲਈ ਆਪਣੇ ਆਪ ਨੂੰ ਮਿਟਾਉਣ ਦੀ ਭਾਵਨਾ ਪੈਦਾ ਕਰਨ ਲਈ ਸਦੀਵੀ ਤੌਰ 'ਤੇ ਪ੍ਰੇਰਨਾ ਸਰੋਤ ਹੈ। ਭਗਤ ਜੀ ਵਾਤਾਵਰਣ ਪ੍ਰੇਮੀ ਹੁੰਦਿਆਂ ਅਨੇਕਾਂ ਸਮਾਜਿਕ ਬੁਰਾਈਆਂ ਦੀ ਰੋਕਥਾਮ ਲਈ ਜਾਗਰੂਕਤਾ ਨੂੰ ਪਹਿਲ ਦਿੰਦੇ ਰਹੇ। ਭਗਤ ਜੀ ਦੇ ਜਨਮ ਦਿਨ ਨੂੰ ਸਮਰਪਿਤ ਸਵੈ-ਇਛੁੱਕ ਖੂਨਦਾਨ ਕੈਂਪ ਦੇ ਆਯੋਜਿਕ ਨੌਜਵਾਨ ਸਮਾਜ ਸੇਵੀ ਯੁਵਰਾਜ ਕਾਲੀਆ ਨੇ ਸੱਭ ਤੋਂ ਪਹਿਲਾਂ ਖੂਨਦਾਨ ਕੀਤਾ ਉਪ੍ਰੰਤ ਕਾ: ਸਤਨਾਮ ਸਿੰਘ ਸੁੱਜੋਂ ਨੇ ਖੂਨਦਾਨ ਕੀਤਾ। ਇਸ ਮੌਕੇ ਮੈਨੇਜਮੈਂਟ ਦੀ ਤਰਫੋਂ ਜੇ ਐਸ ਗਿੱਦਾ ਨੇ ਆਖਿਆ ਕਿ ਅੰਤਾਂ ਦੀ ਗਰਮੀ ਦੇ ਮੌਸਮ ਵਿੱਚ ਇੱਕ ਇੱਕ ਯੂਨਿਟ ਕਈ ਕਈ ਯੂਨਿਟਾਂ ਦੇ ਬਰਾਬਰ ਹੈ ਇਸ ਵਾਸਤੇ ਖੂਨਦਾਨ ਕੈਂਪ ਦੇ ਆਯੋਜਿਕ, ਸਮੂਹ ਖੂਨਦਾਨੀ ਤੇ ਬੀ.ਡੀ.ਸੀ ਦਾ ਤਕਨੀਕੀ ਸਟਾਫ ਵਧਾਈ ਦਾ ਹੱਕਦਾਰ ਹੈ। ਡਾ: ਅਜੇ ਬੱਗਾ ਨੇ ਖੂਨਦਾਨ ਜਾਗਰੂਕਤਾ ਦੇ ਸਲੋਗਨ ਉਜਾਗਰ ਕਰਨ ਉਪ੍ਰੰਤ ਜਾਣਕਾਰੀ ਸਾਂਝੀ ਕਰਦਿਆਂ ਆਖਿਆ ਕਿ 18 ਸਾਲ ਤੋਂ 65 ਸਾਲ ਤੱਕ ਦੀ ਉਮਰ ਦੇ ਤੰਦਰੁਸਤ ਵਿਅਕਤੀ ਜਿਹਨਾਂ ਦਾ ਸਰੀਰਕ ਵਜ਼ਨ 45 ਕਿਲੋਗ੍ਰਾਮ ਤੋਂ ਘੱਟ ਨਾ ਹੋਵੇ ਅਤੇ ਹੀਮੋਗਲੋਬਿਨ 12.5 ਗ੍ਰਾਮ ਪ੍ਰਤੀਸ਼ਤ ਤੋਂ ਘੱਟ ਨਾ ਹੋਵੇ ਡਾਕਟਰੀ ਪ੍ਰਵਾਨਗੀ ਨਾਲ ਪਹਿਲੀ ਡੋਨੇਸ਼ਨ ਤੋਂ ਤਿੰਨ ਮਹੀਨੇ ਦੇ ਅੰਤਰ 'ਤੇ ਖੂਨਦਾਨ ਕਰ ਸਕਦੇ ਹਨ। ਉਹਨਾਂ ਨੇ ਖੂਨਦਾਨੀ ਫ਼ਰਿਸ਼ਤਿਆਂ ਨੂੰ ਅਪੀਲ ਕੀਤੀ ਕਿ ਉਹ ਗਰਮੀ ਦੇ ਮੌਸਮ ਵਿੱਚ ਖੂਨ ਦੀ ਵਧੀ ਹੋਈ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣਾ ਯੋਗਦਾਨ ਪਾਉਣ ਲਈ ਅੱਗੇ ਆਉਣ। ਸੰਸਥਾ ਵਲੋਂ ਹਰ ਖੂਨਦਾਨੀ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ।

# ਬਾਬਾ ਬਲਬੀਰ ਸਿੰਘ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮਿਲੇ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਿੱਖ ਕੌਮ ਦੇ ਸਰਵਉਚ ਮੀਰੀ ਪੀਰੀ ਦੇ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਸਿੰਘ ਸਾਹਿਬ ਗਿ: ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਬੀਤੇ ਕੱਲ ਨਿਹੰਗ ਸਿੰਘਾਂ ਦੀ ਮੁਖ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵਿਸ਼ੇਸ਼ ਤੌਰ 'ਤੇ ਬੈਠਕ ਕੀਤੀ। ਉਨ੍ਹਾਂ ਨੇ ਸਿੰਘ ਸਾਹਿਬ ਨਾਲ ਧਾਰਮਿਕ-ਰਾਜਸੀ, ਸਮਾਜਕ ਪੱਧਰ ਤੇ ਮੌਜੂਦਾ ਹਾਲਾਤ ਦੇ ਨਵੇਂ ਬਣੇ ਸਮੀਕਰਨਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸਮੁੱਚੇ ਦੇਸ਼ ਅੰਦਰ ਰਾਜਸੀ ਰੱਦੋ ਬਦਲ ਹੋ ਰਿਹਾ ਹੈ। ਦੇਸ਼ ਦੀ ਨਵੀਂ ਬਣ ਰਹੀ ਸਰਕਾਰ ਦੀਆਂ ਨਵੀਆਂ ਜ਼ੁੰਮੇਵਾਰੀਆਂ ਅਤੇ ਉਸ ਦੇ ਸਨਮੁੱਖ ਨਵੀਆਂ ਚੁਨੌਤੀਆਂ ਹਨ, ਜਨਤਾ ਸੁਖੀ ਜੀਵਨ ਬਤੀਤ ਕਰਨਾ ਚਾਹੁੰਦੀ ਹੈ। ਰਾਜਸੀ ਆਗੂਆਂ ਨੂੰ ਧਰਮ ਦੀ ਕਮਾਨ ਹੇਠ ਰਹਿ ਕੇ ਸਮਾਜ ਦੀ ਅਗਵਾਈ ਕਰਨੀ ਚਾਹੀਦੀ ਹੈ। ਦੇਸ਼ ਵਿੱਚ ਰਾਜਸੀ ਆਗੂ ਜਿਸ ਤਰ੍ਹਾਂ ਦਾ ਜਬਰੀ ਮਾਹੌਲ ਸਿਰਜਦੇ ਹਨ, ਉਸ ਨਾਲ ਜਨਤਾ ਘੁੱਟਣ ਤੇ ਬੇਬਸੀ ਮਹਿਸੂਸ ਕਰਦੀ ਹੈ। ਭਾਰਤ ਸਰਕਾਰ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਮਾਡਲ ਅਪਨਾਉਣ ਦੀ ਲੋੜ ਹੈ। ਬੰਦੀ ਸਿੰਘਾਂ ਦੀ ਰਿਹਾਈ ਅਤੇ ਕਿਸਾਨ ਵਰਗ ਦੀਆਂ ਮੰਗਾਂ ਤੇ ਸਿੱਖਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਸਰਕਾਰ ਦੇ ਪਹਿਲੇ ਕਾਰਜ ਹੋਣੇ ਚਾਹੀਦੇ ਹਨ। ਪੰਜਾਬ ਪ੍ਰਤੀ ਵਿਤਕਰਾ ਨਹੀਂ ਸਗੋਂ ਉਨਤ ਭਰਿਆ ਵਤੀਰਾ ਅਪਨਾਉਣ ਦੀ ਲੋੜ ਹੈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬਾਬਾ ਬਲਬੀਰ ਸਿੰਘ ਮੁੱਖੀ ਬੁੱਢਾ ਦਲ ਨੂੰ ਸਿਰੋਪਾਓ ਤੇ ਸ੍ਰੀ ਸਾਹਿਬ ਨਾਲ ਸਨਮਾਨਤ ਕੀਤਾ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਸਿੰਘ ਸਾਹਿਬ ਗਿ: ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,. ਗੁਰਪ੍ਰੀਤ ਸਿੰਘ ਰੋਡੇ ਮੈਨੇਜ਼ਰ, ਹਰਦੇਵ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਬਾਬਾ ਰਣਜੋਧ ਸਿੰਘ, ਬਾਬਾ ਸੁਖਦੇਵ ਸਿੰਘ ਸਮਾਣਾ, ਭਗਵਾਨ ਸਿੰਘ ਪੀ. ਏ. ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਆਦਿ ਹਾਜ਼ਰ ਸਨ।

# ਲਖਵਿੰਦਰ ਸਿੰਘ ਲੱਖਾ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਇਕਾਈ ਪ੍ਰਧਾਨ ਲਖਵਿੰਦਰ ਸਿੰਘ ਲੱਖਾ ਦੇ ਜਾਣ ਨਾਲ ਉਸ ਦੇ ਪਰਿਵਾਰ ਅਤੇ ਜਥੇਬੰਦੀ ਨੂੰ ਬਹੁਤ ਵੱਡਾ ਘਾਟਾ ਪਿਆ। ਪ੍ਰਧਾਨ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਢੰਡ ਵਿਖੇ ਕਰ ਦਿੱਤਾ ਗਿਆ ਹੈ।ਇਸ ਮੌਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਜ਼ਿਲ੍ਹਾ ਪ੍ਰਧਾਨ ਗੁਰਬਾਜ ਸਿੰਘ ਸਿੱਧਵਾਂ, ਜਗਬੀਰ ਸਿੰਘ ਬੱਬੂ ਗੰਡੀਵਿੰਡ, ਪ੍ਰਧਾਨ ਦਿਲਬਾਗ ਸਿੰਘ ਐਮਾ, ਸੁਖਬੀਰ ਸਿੰਘ ਗੱਗੂਬੂਹਾ, ਪ੍ਰਧਾਨ ਹਰਪ੍ਰੀਤ ਸਿੰਘ ਐਮਾ, ਸ਼ੰਗਾਰਾ ਸਿੰਘ ਐਮਾ, ਬਾਬਾ ਬਲਜਿੰਦਰ ਸਿੰਘ ਕਾਲਾ ਬਾਬਾ ਲੰਗਾਹ, ਗੁਰਪਿੰਦਰ ਸਿੰਘ ਨਾਥੂ ਬਾਬਾ ਲੰਗਾਹ, ਪ੍ਰਧਾਨ ਜਸਵੰਤ ਸਿੰਘ ਸੋਹਲ, ਆਤਮਾ ਸਿੰਘ ਸੋਹਲ, ਮੱਸਾ ਸਿੰਘ ਢੰਡ, ਤਰਲੋਚਨ ਸਿੰਘ, ਪਿਆਰਾ ਸਿੰਘ, ਗੁਰਬਚਨ ਸਿੰਘ, ਜਰਨੈਲ ਸਿੰਘ, ਹੀਰਾ ਸਿੰਘ, ਜੋਗਿੰਦਰ ਸਿੰਘ, ਸਾਬ ਸਿੰਘ ਢੰਡ ਆਦਿ ਕਿਸਾਨ ਆਗੂਆਂ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲ਼ਾ ਘਾਟਾ ਦੱਸਿਆ। ਉਨ੍ਹਾਂ ਦੀ ਅੰਤਿਮ ਸ਼ਾਂਤੀ ਲਈ ਰਖਵਾਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਢੰਡ ਪਾਉਣ ਤੋਂ ਉਪਰੰਤ ਵਿਰਾਗ ਮਈ ਕੀਰਤਨ ਅੰਤਿਮ ਅਰਦਾਸ ਸ਼ਰਧਾਂਜਲੀ ਸਮਾਗਮ 15 ਜੂਨ ਦਿਨ ਸ਼ਨੀਵਾਰ ਨੂੰ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਖੇ ਹੋਵੇਗਾ।

# ਡਾ: ਲੇਖ ਰਾਜ ਬਣੇ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਪ੍ਰਧਾਨ

**ਗੁਰਦਾਸਪੁਰ, ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੀ ਵਿਸ਼ੇਸ਼ ਇਕੱਤਰਤਾ ਸ਼ਹੀਦ ਬਲਜੀਤ ਸਿੰਘ ਯਾਦਗਾਰੀ ਹਾਲ ਗੁਰਦਾਸਪੁਰ ਵਿਖੇ ਡਾ: ਰਜਵਿੰਦਰ ਕੌਰ ਅਤੇ ਗੋਪਾਲ ਸ਼ਰਮਾ ਫਿਰੋਜ਼ਪੁਰੀ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ ਜਿਸ ਦੇ ਆਰੰਭ ਵਿੱਚ ਪਦਮਸ਼੍ਰੀ ਡਾ. ਸੁਰਜੀਤ ਪਾਤਰ ਅਤੇ ਪ੍ਰਿੰ. ਸੁਜਾਨ ਸਿੰਘ ਦੀ ਨੂੰਹ ਅਮ੍ਰਿਤਪਾਲ ਕੌਰ ਦੇ ਸਦੀਵੀ ਵਿਛੋੜੇ 'ਤੇ ਗਹਿਰੀ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਵਿਛੜੀਆਂ ਆਤਮਾਵਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਤੋਂ ਮਗਰੋਂ ਜ਼ਿਲ੍ਹਾ ਸਾਹਿਤ ਕੇਂਦਰ ਦੇ ਅਹੁਦੇਦਾਰਾਂ ਦੀ ਚੋਣ ਜੋ ਪਿਛਲੇ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਸੀ, ਕਰਵਾਉਣ ਦਾ ਏਜੰਡਾ ਲਾਇਆ ਗਿਆ ਜਿਸ ਤਹਿਤ ਪਿਛਲੀ ਕਮੇਟੀ ਭੰਗ ਕੀਤੀ ਗਈ ਅਤੇ ਨਵੀਂ ਕਮੇਟੀ ਦੀ ਚੋਣ ਪ੍ਰਕਿਰਿਆ ਦੌਰਾਨ ਡਾ ਲੇਖ ਰਾਜ, ਮੱਖਣ ਕੁਹਾੜ ਅਤੇ ਮੰਗਤ ਚੰਚਲ ਨੇ ਜ਼ਿਲ੍ਹਾ ਸਾਹਿਤ ਕੇਂਦਰ ਦੀ ਸਥਾਪਨਾ ਅਤੇ ਅਤੇ ਇਸ ਦੇ ਪਿਛਲੇ ਕਰੀਬ ਤੀਹ ਵਰ੍ਹਿਆਂ ਦੇ ਇਤਿਹਾਸ ਅਤੇ ਵੱਡੀਆਂ ਪ੍ਰਾਪਤੀਆਂ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਜਿਸ ਵਿੱਚ ਹਰ ਸਾਲ ਪੰਜਾਬੀ ਕਹਾਣੀ ਦੇ ਪਿਤਾਮਾ ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ ਬਿਨਾਂ ਨਾਗਾ ਵੱਡੇ ਪੱਧਰ 'ਤੇ ਕਰਵਾਇਆ ਜਾਣਾ ਜਿਸ ਵਿੱਚ ਵਿਸ਼ਵ ਪੱਧਰ ਤਕ ਦੇ ਵਿਦਵਾਨਾਂ, ਸਾਹਿਤਕਾਰਾਂ ਅਤੇ ਹੋਰ ਵਿਸ਼ਾ ਮਾਹਰਾਂ ਨੂੰ ਲੋਕਾਂ ਦੇ ਰੂਬਰੂ ਕਰਵਾਉਣਾ, ਨਵੇਂ ਸਿਖਾਂਦਰੂਆਂ ਨੂੰ ਸਾਹਿਤ ਨਾਲ ਜੋੜਨਾ, ਵੱਖ-ਵੱਖ ਕਾਲਜਾਂ ਅਤੇ ਹੋਰ ਸੰਸਥਾਵਾਂ ਵਿੱਚ ਜਾ ਕੇ ਸਾਹਿਤਕ ਪ੍ਰੋਗਰਾਮ ਕਰਵਾਉਣ ਅਤੇ ਵਿਦਿਆਰਥੀਆਂ ਨੂੰ ਸਾਹਿਤ ਪੜ੍ਹਨ ਹਿਤ ਉਤਸ਼ਾਹਿਤ ਕਰਨਾ ਆਦਿ ਸ਼ਾਮਿਲ ਹਨ।ਇਸ ਮੌਕੇ ਸਾਹਿਤ ਕੇਂਦਰ ਦੇ ਸਾਬਕਾ ਪ੍ਰਧਾਨ ਮਰਹੂਮ ਪ੍ਰੋ. ਕਿਰਪਾਲ ਸਿੰਘ ਯੋਗੀ ਦੇ ਯੋਗਦਾਨ ਨੂੰ ਵੀ ਯਾਦ ਕੀਤਾ ਗਿਆ।ਇਸ ਦੇ ਨਾਲ ਹੀ ਪੁਰਾਣੀ ਕਮੇਟੀ ਭੰਗ ਕੀਤੀ ਗਈ ਅਤੇ ਨਵਾਂ ਪੈਨਲ ਡਾ. ਰਜਵਿੰਦਰ ਕੌਰ ਵੱਲੋਂ ਪੇਸ਼ ਕੀਤਾ ਗਿਆ ਜਿਸ ਵਿੱਚ ਡਾ. ਲੇਖ ਰਾਜ ਨੂੰ ਪ੍ਰਧਾਨ, ਸੁਲੱਖਣ ਸਰਹੱਦੀ ਅਤੇ ਸੀਤਲ ਸਿੰਘ ਗੁੰਨੋਪੁਰੀ ਦੋਵਾਂ ਨੂੰ ਸੀਨੀਅਰ ਮੀਤ ਪ੍ਰਧਾਨ, ਡਾ. ਰਜਵਿੰਦਰ ਕੌਰ, ਤਰਸੇਮ ਸਿੰਘ ਭੰਗੂ, ਡਾ. ਸੁਰਿੰਦਰ ਸ਼ਾਂਤ, ਸੁਭਾਸ਼ ਦੀਵਾਨਾ, ਸ. ਸੰਧੂ ਅਤੇ ਪਿਆਰਾ ਸਿੰਘ ਟਾਂਡਾ ਸਾਰੇ ਮੀਤ ਪ੍ਰਧਾਨ, ਮੱਖਣ ਕੁਹਾੜ ਸੰਯੋਜਕ, ਮੰਗਤ ਚੰਚਲ ਜਨਰਲ ਸਕੱਤਰ ਅਤੇ ਸੋਹਣ ਸਿੰਘ ਬਤੌਰ ਵਿੱਤ ਸਕੱਤਰ ਆਪਣੇ-ਆਪਣੇ ਅਹੁਦਿਆਂ 'ਤੇ ਕੰਮ ਕਰਦੇ ਰਹਿਣਗੇ।ਬੂਟਾ ਰਾਮ ਆਜ਼ਾਦ ਸਹਾਇਕ ਵਿੱਤ ਸਕੱਤਰ, ਗੁਰਮੀਤ ਬਾਜਵਾ ਜਾਇੰਟ ਸਕੱਤਰ, ਸੁਖਵਿੰਦਰ ਰੰਧਾਵਾ ਸਹਾਇਕ ਸਕੱਤਰ, ਸੁੱਚਾ ਸਿੰਘ ਪਸਨਾਵਾਲਾ ਪ੍ਰੈਸ ਸਕੱਤਰ, ਹਰਪਾਲ ਸਿੰਘ ਨਾਗਰਾ ਸਹਾਇਕ ਪ੍ਰੈੱਸ ਸਕੱਤਰ, ਗੁਰਪ੍ਰੀਤ ਰੰਗੀਲਪੁਰ ਜਥੇਬੰਦਕ ਸਕੱਤਰ ਅਤੇ ਨਿਸ਼ਾਨ ਸਿੰਘ, ਗੋਪਾਲ ਸ਼ਰਮਾ ਫਿਰੋਜ਼ਪੁਰੀ, ਜਸਵਿੰਦਰ ਅਨਮੋਲ ਅਤੇ ਉੱਤਮ ਮਿਨਹਾਸ ਨੂੰ ਕਾਰਜਕਾਰਨੀ ਮੈਂਬਰ ਐਲਾਨ ਕੀਤਾ ਗਿਆ।ਇਹ ਪੈਨਲ ਸਰਬਸੰਮਤੀ ਨਾਲ ਪਾਸ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਘਬੀਰ ਸਿੰਘ ਚਾਹਲ, ਪ੍ਰਿੰ. ਕੁਲਵੰਤ ਸਿੰਘ, ਰਣਜੀਤ ਸਿੰਘ, ਕਪੂਰ ਸਿੰਘ ਘੁੰਮਣ ਅਤੇ ਹਰਪਾਲ ਸਿੰਘ ਵੀ ਹਾਜ਼ਰ ਸਨ।




# ਛਨਾਖ ਸਿੰਘ ਜੌਹਲ ਵੱਲੋਂ ਤੀਰਥਪੁਰਾ ਵਿਖੇ ਪੈਟਰੋਲ ਪੰਪ ਦਾ ਉਦਘਾਟਨ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਇਲਾਕੇ ਦੀ ਚਿਰੋਕਣੀ ਮੰਗ ਨੂੰ ਦੇਖਦਿਆਂ ਹੋਇਆਂ ਪਿੰਡ ਤੀਰਥਪੁਰਾ ਵਿਖੇ ਇੰਜੀ. ਕੁਲਦੀਪ ਸਿੰਘ, ਮੈਨੇਜਰ ਸਨਮਪਾਲ ਸਿੰਘ ਤੇ ਮਾਰਕੀਟ ਕਮੇਟੀ ਗਹਿਰੀ ਮੰਡੀ ਦੇ ਚੇਅਰਮੈਨ ਛਨਾਖ ਸਿੰਘ ਜੌਹਲ ਨੇ ਰੀਬਨ ਕੱਟ ਕੇ ਐੱਸਪੀ ਸਿੰਘ ਪੈਟਰੋਲ ਪੰਪ ਦਾ ਉਦਘਾਟਨ ਕੀਤਾ ਗਿਆ। ਇਸ ਤੋਂ ਪਹਿਲਾਂ ਸਰਬੱਤ ਦੇ ਭਲੇ ਲਈ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ ਅਤੇ ਉਪਰੰਤ ਅਰਦਾਸ ਕੀਤੀ ਤੇ ਸੰਗਤਾਂ ਨੂੰ ਲੰਗਰ ਵੀ ਵਰਤਾਏ ਗਏ।ਇਸ ਮੌਕੇ ਤੇ ਅਵਤਾਰ ਸਿੰਘ ਜੌਹਲ, ਪ੍ਰਿੰਸੀਪਲ ਨਿਰਮਲ ਸਿੰਘ, ਹਰਦੀਸ਼ ਸਿੰਘ, ਡਾ. ਬਲਰਾਜ ਸਿੰਘ ਲਾਡੀ, ਭਾਈ ਮਨਦੀਪ ਸਿੰਘ ਵਡਾਲਾ ਜੌਹਲ, ਪ੍ਰਧਾਨ ਬਲਵਿੰਦਰ ਸਿੰਘ, ਥਾਣੇਦਾਰ ਬਲਜਿੰਦਰ ਸਿੰਘ, ਸੈਕਟਰੀ ਲਵਦੀਪ ਸਿੰਘ ਫਤਿਹਪੁਰ ਰਾਜਪੂਤਾਂ, ਪਟਵਾਰੀ ਜਿਗਰਦੀਪ ਸਿੰਘ ਫਤਿਹਪੁਰ ਰਾਜਪੂਤਾਂ, ਨੰਬਰਦਾਰ ਅਮਰਜੀਤ ਸਿੰਘ, ਪੰਜਾਬ ਸਿੰਘ ਜੌਹਲ, ਹਰਦੇਵ ਸਿੰਘ, ਕੁਲਦੀਪ ਸਿੰਘ ਸੂਏਵਾਲਾ, ਹਰਜਿੰਦਰ ਸਿੰਘ ਥਿੰਦ, ਸੁਰਜੀਤ ਸਿੰਘ, ਜਸਬੀਰ ਸਿੰਘ ਰਾਜੂ ਮਲਕਪੁਰ, ਮਨਜੀਤ ਸਿੰਘ ਮੱਨੀ, ਹਰਪ੍ਰੀਤ ਸਿੰਘ, ਡਾ. ਦਲੇਰ ਸਿੰਘ ਜੌਹਲ, ਮਨੋਹਰ ਸਿੰਘ, ਰਣਜੀਤ ਸਿੰਘ ਰਾਣਾ ਮਿੱਠਾ, ਰੇਸ਼ਮ ਸਿੰਘ, ਸੁਬੇਗ ਸਿੰਘ ਜੌਹਲ ਤੋਂ ਇਲਾਵਾ ਇਲਾਕੇ ਦੀਆਂ ਕਈ ਹੋਰ ਨਾਮਵਰ ਸ਼ਖਸੀਅਤਾਂ ਹਾਜ਼ਰ ਸਨ।

# ਮਲਸੀਆਂ ਤੋਂ ਲਾਡੀ, ਪੰਡੋਰੀ ਤੋਂ ਪਿੰਦਰ ਤੇ ਸ਼ਾਹਕੋਟ ਤੋਂ ਰਾਣਾ ਹਰਦੀਪ ਦਾ ਵੋਟਰਾਂ ਨੇ ਮਾਣ ਰੱਖਿਆ

**ਸ਼ਾਹਕੋਟ(ਗਿਆਨ ਸੈਦਪੁਰੀ)**— ਲੋਕ ਸਭਾ ਦੀਆਂ ਚੋਣਾਂ ਦੀ ਜਿੱਤ ਹਾਰ ਦੀ ਖੁੰਢ ਚਰਚਾ ਜਾਰੀ ਹੈ ਤੇ ਕਈ ਦਿਨ ਜਾਰੀ ਰਹਿਣੀ ਹੈ। ਇਸ ਚਰਚਾ ਦੇ ਪੱਧਰ ਕਈ ਹਨ। ਇਨ੍ਹਾਂ ਵਿੱਚ ਇੱਕ ਇਹ ਵੀ ਹੈ ਕਿ ਲੋਕ ਸਭਾ ਹਲਕੇ ਅਧੀਨ ਆਉਂਦੇ ਵੱਖ ਵੱਖ ਵਿਧਾਨ ਸਭਾਵਾਂ ਵਿੱਚ ਵੱਖ ਵੱਖ ਪਾਰਟੀਆਂ ਦਾ ਕਿਹੜਾ ਪ੍ਰਮੁੱਖ ਆਗੂ ਹੈ ਤੇ ਉਹ ਆਪਣੇ ਪਿੰਡ ਜਾਂ ਕਸਬੇ ਵਿੱਚ ਕਿੰਨੇ ਕੁ ਪਾਣੀ ਵਿੱਚ ਹੈ।ਵਿਧਾਨ ਸਭਾ ਹਲਕਾ ਸ਼ਾਹਕੋਟ ਵਿੱਚ ਕਾਂਗਰਸ ਪਾਰਟੀ ਦੀ ਸਿਆਸਤ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ 'ਤੇ ਹੀ ਕੇਂਦਰਤ ਹੈ। ਉਨ੍ਹਾਂ ਦੀ ਰਹਾਇਸ਼ ਇੱਥੇ ਦੇ ਕਸਬਾ ਮਲਸੀਆਂ ਵਿੱਚ ਹੈ। ਇੱਥੇ 6 ਚੋਣ ਬੂਥ ਸਨ। ਇਨ੍ਹਾਂ 6 ਬੂਥਾਂ ਵਿੱਚ ਵੱਖ ਵੱਖ ਉਮੀਦਵਾਰਾਂ ਨੂੰ ਪਈਆਂ ਵੋਟਾਂ ਦਾ ਜੋੜ ਲਾਇਆ ਪਤਾ ਲੱਗਦਾ ਹੈ ਸ਼ੇਰੋਵਾਲੀਆ ਆਪਣੇ ਕਸਬੇ ਵਿੱਚ ਸਿਰ ਕੱਢ ਹੈ। ਇੱਥੇ ਚਰਨਜੀਤ ਸਿੰਘ ਚੰਨੀ ਨੂੰ 1717, ਪਵਨ ਕੁਮਾਰ ਟੀਨੂੰ ਨੂੰ 912, ਸੁਸ਼ੀਲ ਕੁਮਾਰ ਰਿੰਕੂ ਨੂੰ 435 ਤੇ ਮਹਿੰਦਰ ਸਿੰਘ ਕੇ. ਪੀ. ਨੂੰ ਸਿਰਫ ਨੂੰ 238 ਵੋਟਾਂ ਮਿਲੀਆਂ। ਪਿੰਡ ਕਾੜਕ ਕਲਾਂ ਇਸੇ ਵਿਧਾਨ ਸਭਾ ਹਲਕੇ ਵਿੱਚ ਪੈਂਦਾ ਹੈ। ਆਮ ਆਦਮੀ ਪਾਰਟੀ ਵੱਲੋਂ ਹਲਕਾ ਇਨਚਾਰਜ ਰਤਨ ਸਿੰਘ ਕਾਕੜ ਕਲਾਂ ਦੇ ਦੇਹਾਂਤ ਤੋਂ ਬਾਅਦ ਪੰਡੋਰੀ ਪਿੰਡ ਦੇ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਨੂੰ ਹਲਕਾ ਇੰਚਾਰਜ ਬਣਾਇਆ ਗਿਆ। ਰਤਨ ਸਿੰਘ ਕਾਕੜ ਕਲਾਂ ਤੋਂ ਬਾਅਦ ਉਨ੍ਹਾਂ ਦੀ ਪਤਨੀ ਬੀਬੀ ਰਣਜੀਤ ਕੌਰ ਸਰਗਰਮ ਹਨ। ਸੋ ਇਨ੍ਹਾਂ ਦੋ ਪਿੰਡਾਂ ਦੇ ਆਪ ਆਗੂਆਂ ਦੀ ਕਾਰਗੁਜ਼ਾਰੀ ਦੀ ਚਰਚਾ ਹੈ। ਪੰਡੋਰੀ ਵਿੱਚ ਤਿੰਨ ਪੋਲਿੰਗ ਬੂਥ ਲੱਗੇ ਸਨ। ਇਨ੍ਹਾਂ ਤਿੰਨਾਂ ਬੂਥਾਂ ਵਿੱਚ ਪਿੰਦਰ ਪੰਡੋਰੀ 520 ਵੋਟਾਂ ਲੈ ਕੇ ਸਭ ਤੋਂ ਅੱਗੇ ਰਿਹਾ। ਇੱਥੋਂ ਕਾਂਗਰਸ ਨੂੰ 371, ਅਕਾਲੀ ਦਲ(ਬਾਦਲ) ਨੂੰ 89 ਅਤੇ ਭਾਜਪਾ ਨੂੰ ਸਿਰਫ 35 ਵੋਟਰਾਂ ਨੇ ਹੀ ਖ਼ੈਰ ਪਾਈ।ਕਾਕੜ ਕਲਾਂ ਤੋਂ ਸਭ ਤੋਂ ਵੱਧ ਵੋਟਾਂ ਤਾਂ ਕਾਂਗਰਸ ਪਾਰਟੀ ਦੇ ਹਿੱਸੇ ਆਈਆਂ ਪਰ ਆਪ ਨੂੰ ਸਨਮਾਨ ਯੋਗ ਵੋਟਾਂ ਦੇ ਕੇ ਪਿੰਡ ਵਾਲਿਆਂ ਨੇ ਬੀਬੀ ਰਣਜੀਤ ਕੌਰ ਦਾ ਮਾਣ ਬਹਾਲ ਰੱਖਿਆ। ਭਾਜਪਾ ਨੂੰ 11 ਵੋਟਾਂ 'ਤੇ ਹੀ ਸਬਰ ਕਰਨਾ ਪਿਆ। ਵਿਧਾਨ ਸਭਾ ਹਲਕਾ ਸ਼ਾਹਕੋਟ ਵਿੱਚ ਕਸਬਾ ਸ਼ਾਹਕੋਟ ਭਾਜਪਾ ਲਈ ਅਹਿਮ ਰਿਹਾ ਹੈ ਤੇ ਇਸ ਵਾਰ ਇਸ ਦੀ ਅਹਿਮੀਅਤ ਹੋਰ ਵੱਧ ਗਈ ਸੀ, ਕਿਉ ਕਿ ਇੱਥੋਂ ਦੀ ਭਾਜਪਾ ਦੀ ਕਮਾਨ ਤੇਜ਼ ਤਰਾਰ ਆਗੂ ਰਾਣਾ ਹਰਦੀਪ ਸਿੰਘ ਦੇ ਹੱਥ ਸੀ। ਇੱਥੇ ਦੇ 13 ਵਾਰਡਾਂ ਦੇ ਜੋੜ ਵਿੱਚ ਕਾਂਗਰਸ ਨੇ ਅਗੇਤ ਤਾਂ ਹਾਸਲ ਕਰ ਲਈ ਪਰ ਭਾਜਪਾ ਨੇ 256 ਵੋਟਾਂ ਨਾਲ ਪਛੜ ਕੇ ਵੀ ਇਹ ਅਹਿਸਾਸ ਕਰਵਾ ਦਿੱਤਾ ਕਿ ਹੁਣ ਉਹ ਕਸਬੇ ਵਿੱਚ ਕਿਸੇ ਤੋਂ ਘੱਟ ਨਹੀਂ। 13 ਵਾਰਡਾਂ ਵਿੱਚੋਂ 5 ਵਿੱਚ ਕਾਂਗਰਸ, 7 ਵਿੱਚ ਭਾਜਪਾ ਤੇ 1 ਵਿੱਚ ਆਪ ਵਾਲੇ ਅੱਗੇ ਰਹੇ। ਅਕਾਲੀ ਦਲ(ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਦਾ ਪਿੰਡ ਕੁਹਾੜ ਖੁਰਦ ਹੈ। ਗਵਾਂਢ ਵਾਲਾ ਕੋਹਾੜ ਕਲਾਂ ਵੀ ਉਨ੍ਹਾਂ ਦਾ ਹੀ ਸਮਝਿਆ ਜਾਂਦਾ ਹੈ। ਦੋਹਾਂ ਪਿੰਡਾਂ ਵਿੱਚ ਕਾਂਗਰਸ ਨੇ 292 ਵੋਟਾਂ ਲੈ ਕੇ ਚੰਗੀ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕੀਤਾ। ਇੱਥੋਂ ਦੇ ਲੋਕਾਂ ਨੇ ਬਸਪਾ ਦੇ ਐਡਵੋਕੇਟ ਬਲਵਿੰਦਰ ਕੁਮਾਰ ਨੂੰ ਵੀ 68 ਵੋਟਾਂ ਪਾਈਆਂ। ਭਾਜਪਾ ਇੱਥੋਂ 81 ਵੋਟਾਂ ਲੈਣ ਵਿੱਚ ਕਾਮਯਾਬ ਹੋ ਗਈ। ਆਪ ਨੇ 65 ਵੋਟਾਂ ਲਈਆਂ। ਅਕਾਲੀ ਦਲ 227 ਵੋਟਾਂ ਲੈ ਕੇ ਆਪਣੇ ਨੇੜਲੇ ਵਿਰੋਧੀ ਤੋਂ 65 ਵੋਟਾਂ ਨਾਲ ਹਾਰ ਗਿਆ। ਅਕਾਲੀ ਦਲ(ਅੰਮ੍ਰਿਤਸਰ) ਦੇ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਦੀ ਚੋਣ ਦਾ ਸਾਰਾ ਦਾਰੋਮਦਾਰ ਜਥੇਦਾਰ ਸੁਲੱਖਣ ਸਿੰਘ ਨਿਮਾਜੀਪੁਰ 'ਤੇ ਸੀ। ਉਨ੍ਹਾਂ ਦਾ ਪਿੰਡ ਨਿਮਾਜੀਪੁਰ ਹੈ। ਉਨ੍ਹਾਂ ਨੇ ਆਪਣੇ ਪਿੰਡੋਂ 34 ਵੋਟਾਂ ਲੈ ਕੇ ਅਕਾਲੀ ਦਲ(ਬਾਦਲ) ਦੀਆਂ 32 ਵੋਟਾਂ ਦੇ ਮੁਕਾਬਲੇ ਤਾਂ ਅਗੇਤ ਪ੍ਰਾਪਤ ਕਰ ਲਈ ਪਰ ਆਪ ਨੂੰ ਇੱਥੋਂ 65 ਵੋਟਾਂ ਮਿਲ ਗਈਆਂ। ਭਾਜਪਾ ਨੇ 11 ਵੋਟਾਂ ਲੈ ਕੇ ਸ਼ਾਇਦ ਪਹਿਲੀ ਵਾਰ ਇਸ ਪਿੰਡ ਵਿੱਚ ਐਂਟਰੀ ਕੀਤੀ ਹੈ।



ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਪਰਮਿੰਦਰ ਸਿੰਘ ਪਿੰਦਰ ਪੰਡੋਰੀ, ਰਾਣਾ ਹਰਦੀਪ ਸਿੰਘ, ਐਡਵੋਕੇਟ ਬਚਿੱਤਰ ਸਿੰਘ ਕੋਹਾੜ ਤੇ ਜਥੇਦਾਰ ਸੁਲੱਖਣ ਸਿੰਘ ਨਿਮਾਜੀਪੁਰ।

# ਗੁਰਦੁਆਰਾ ਤੱਪ ਅਸਥਾਨ ਬ੍ਰਹਮ ਗਿਆਨੀ ਸੰਤ ਬਾਬਾ ਭੂਪ ਸਿੰਘ ਵਿਖੇ ਸਾਕਾ 1984 ਦੇ ਸ਼ਹੀਦਾਂ ਨੂੰ ਕੀਤਾ ਯਾਦ



**ਕਰਤਾਰਪੁਰ (ਹਰਮੇਸ਼ ਦੱਤ )** -ਸਾਕਾ 1984 ਦੇ ਕਾਲੇ ਦੌਰ 'ਚ ਸ਼ਹੀਦ ਹੋਏ ਅਨੇਕਾਂ ਸਿੰਘ -ਸਿੰਘਣੀਆਂ ਦੀ ਮਹਾਨ ਸ਼ਹੀਦੀਆਂ ਨੂੰ ਯਾਦ ਕਰਦੇ ਹੋਏ ਸ਼ਹੀਦੀ ਦਿਹਾੜਾ ਇੱਕ ਧਾਰਮਿਕ ਸਮਾਗਮ ਦੇ ਰੂਪ 'ਚ ਨੇੜਲੇ ਪਿੰਡ ਚਕਰਾਲਾ ਵਿਖੇ ਪ੍ਰਵਾਸੀ ਭਾਰਤੀ ਜਸਵਿੰਦਰ ਸਿੰਘ ਸੋਢੀ ਯੂ.ਕੇ ਅਤੇ ਪਿੰਡ ਦੀ ਸੰਗਤਾਂ ਵਲੋਂ ਮਨਾਇਆ ਗਿਆ।ਜਿਸਦੇ ਚਲਦਿਆਂ ਇਨਾਂ ਮਹਾਨ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਗੁਰਦੁਆਰਾ ਤੱਪ ਅਸਥਾਨ ਬ੍ਰਹਮ ਗਿਆਨੀ ਸੰਤ ਬਾਬਾ ਭੂਪ ਸਿੰਘ ਵਿਖੇ ਸਰਬੱਤ ਭਲੇ ਦੀ ਅਰਦਾਸ ਲਈ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਉਂਣ ਉਪਰੰਤ ਧਾਰਮਿਕ ਸ਼ਹੀਦੀ ਦਿਹਾੜੇ ਦੀ ਆਰੰਭਤਾ ਕੀਤੀ ਗਈ। ਜਿਸ ਵਿੱਚ ਪੰਥ ਪ੍ਰਚਾਰਕ ਇੰਟਰਨੈਸ਼ਨਲ ਪੰਥਕ ਢਾਡੀ ਜੱਥਾ ਭਾਈ ਗੁਰਜੀਤ ਸਿੰਘ ਮਾਣੋਚਾਹਲ ਫਤਿਹਗੜ੍ਹ ਸਭਰਾਵਾਂ ਵਾਲਿਆਂ ਵਲੋਂ 1984 ਦੇ ਸਾਕੇ ਵਾਰੇ ਸਿੱਖ ਇਤਿਹਾਸ 'ਤੇ ਚਾਨਣਾ ਪਾਇਆ ਅਤੇ ਢਾਡੀ ਰਾਗਾਂ ਦੇ ਰਾਹੀ ਉਸ ਵੇਲੇ ਦਾ ਗੁਣਗਾਣ ਕਰਦੇ ਹੋਏ ਸੰਗਤਾਂ ਨੂੰ ਭਾਵੁਕ ਕਰ ਕੀਤਾ।ਇਸ ਮੌਕੇ 'ਤੇ ਸੰਬੋਧਨ ਕਰਦਿਆਂ ਭਾਈ ਗੁਰਜੀਤ ਸਿੰਘ ਮਾਣੋਚਾਹਲ ਨੇ ਆਖਿਆ ਕਿ ਦੇਸ਼ ਅੰਦਰ ਸਿੱਖ ਕੌਮ ਨੂੰ ਘੱਟ ਗਿਣਤੀ ਆਖ ਕੇ ਹਾਕਮ ਸਰਕਾਰਾਂ ਪੰਥ ਦੇ ਨਾਲ ਕੋਝੀ ਰਾਜਨੀਤੀ ਕਰਦੀਆਂ ਰਹਿੰਦੀਆਂ ਹਨ। ਪਰ ਜੇ ਕਰ ਦੇਸ਼ ਅਤੇ ਸੂਬੇ ਦੇ ਮਾਣਮੱਤੇ ਇਤਿਹਾਸ ਤੇ ਝਾਤ ਮਾਰੀ ਜਾਵੇ ਤੇ ਅੱਜ ਵੀ ਲੋਕ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਨੂੰ ਯਾਦ ਕਰ ਰਹੇ ਹਨ ਅਤੇ ਹੁਣ ਵੀ ਸਿਆਸੀ ਧਿਰਾਂ ਦੇਸ਼ ਅਤੇ ਸੂਬੇ ਦੀ ਜਨਤਾ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗੀਆਂ ਸਹੂਲਤਾਂ ਦੇਣ ਦੇ ਫੋਕੇ ਸੁਪਨੇ ਦਿਖਾਉਂਦੇ ਚੁਣਾਵੀ ਸਟੇਜ਼ਾਂ ਤੋਂ ਨਜ਼ਰ ਆਉਂਦੇ ਹਨ।ਪਰ ਜੇਲ੍ਹਾਂ 'ਚ ਕਈ ਦਹਾਕਿਆਂ ਤੋਂ ਬੰਦ ਪਏ ਬੰਦੀ ਸਿੰਘ ਦੀ ਰਿਹਾਈ ਦੀ ਗੱਲ ਤੋਂ ਪੈਰ ਪਿਛੇ ਕਰ ਰਹੇ ਹਨ ਅਤੇ ਅੱਜ ਵੀ ਨਵੇਂ ਸਿਰੇ ਤੋਂ ਕਈ ਸਿੱਖ ਨੌਜਵਾਨ ਜੇਲ੍ਹਾਂ ਵਿੱਚ ਬੰਦ ਕਰ ਦਿੱਤੇ ਹਨ ਤੇ ਬੰਦੀ ਸਿੰਘ ਦੀ ਗਿਣਤੀ ਵਿੱਚ ਸਰਕਾਰਾਂ ਵਲੋਂ ਹੋਰ ਵੀ ਇਜਾਫਾ ਕਰ ਦਿੱਤਾ ਹੈ ।ਜੋ ਸਿੱਧ ਕਰਦੀ ਹੈ ਕਿ ਸਿੱਖ ਕੌਮ ਨੂੰ ਸਰਕਾਰਾਂ ਗੁਲਾਮ ਬਣਾਉਂਣ ਦੇ ਮਨਸੂਬੇ ਪਾਈ ਬੈਠੀਆਂ ਹਨ ਪਰ ਅੱਜ ਸਮੇਂ ਦੀ ਮੰਗ ਹੈ ਪੰਥਕ ਏਕੇ ਦੀ ਤਾਂ ਜੋ ਸਿੱਖ ਕੌਮ ਨੂੰ ਕਮਜੋਰ ਕਰਨ ਵਾਲੀਆਂ ਸਰਕਾਰਾਂ ਦੇ ਮਨਸੂਬੇ ਪੂਰੀ ਤਰਾਂ ਫੇਲ੍ਹ ਕੀਤੇ ਜਾ ਸਕਣ ।ਇਸ ਮੌਕੇ 'ਤੇ ਪ੍ਰਵਾਸੀ ਭਾਰਤੀ ਜਸਵਿੰਦਰ ਸਿੰਘ ,ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਭੁਪਿੰਦਰ ਸਿੰਘ ,ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਰਾਜ ਪਾਲ ਸਿੰਘ ਕਾਹਲੋਂ ,ਅਵਤਾਰ ਸਿੰਘ ਕਾਹਲੋਂ ਰਵਿੰਦਰ ਸਿੰਘ ਜਾਗੀਰ ਸਿੰਘ ,ਗਗਨਦੀਪ ਸਿੰਘ ਚਕਰਾਲਾ ਤੇ ਕਮੇਟੀ ਮੈਂਬਰਾ ਵਲੋਂ ਢਾਡੀ ਜੱਥਾ ਭਾਈ ਗੁਰਜੀਤ ਸਿੰਘ ਮਾਣੋਚਾਹਲ ਫਤਿਹਗੜ੍ਹ ਸਭਰਾਵਾਂ ਵਾਲਿਆਂ ਅਤੇ ਉਨਾਂ ਨਾਲ ਹੋਰ ਸਿੰਘ ਸਾਹਿਬਾਨਾਂ ਨੂੰ ਸਿਰਪਾਓ ਭੇਟ ਕਰਦੇ ਹੋਏ ਉਨਾਂ ਦਾ ਧੰਨਵਾਦ ਕੀਤਾ।

# ਇੰਜੀਨੀਅਰ ਮਲਕੀਤ ਚੰਦ ਮੰਢਾਲੀ ਜੇ ਈ ਨੂੰ ਦਿੱਤੀ ਸ਼ਾਨਦਾਰ ਵਿਦਾਇਗੀ



**ਬੰਗਾ (ਅਵਤਾਰ ਕਲੇਰ)** ਇੰਜੀਨੀਅਰ ਮਲਕੀਤ ਚੰਦ ਮੰਢਾਲੀ ਜੇ ਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਨੌਕਰੀ ਤੋਂ ਰਿਟਾਇਰਮੈਂਟ 'ਤੇ ਟੀ ਐਸ ਯੂ, ਮੁਲਾਜ਼ਮਾਂ ਅਤੇ ਰਿਸ਼ਤੇਦਾਰਾਂ ਨੇ ਸ਼ੁਭਕਾਮਨਾਵਾਂ ਦਿੱਤੀਆਂ ਹਨ। ਮਲਕੀਤ ਚੰਦ ਮੰਢਾਲੀ ਨੇ ਸਬ ਡਵੀਜ਼ਨ ਬਹਿਰਾਮ ਨੰਬਰ 1 'ਤੇ ਬਤੌਰ ਜੇ ਈ 27 ਸਾਲ ਬੇਦਾਗ ਨੌਕਰੀ ਕੀਤੀ।ਉਹ ਇਮਾਨਦਾਰ, ਨਸ਼ਿਆਂ ਤੋਂ ਦੂਰ,ਸਮਾਜ ਸੇਵਕ,ਡਾ. ਅੰਬੇਡਕਰ ਦੀ ਸੋਚ ਵਾਲੇ ਅਤੇ ਕਈ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਹਨਾਂ ਦੀ ਧਰਮ ਪਤਨੀ ਬੀਬੀ ਕਮਲਜੀਤ ਕੌਰ ਮੰਢਾਲੀ ਪਿੰਡ ਦੇ ਸਰਪੰਚ ਰਹੇ ਅਤੇ ਬਲਾਕ ਸੰਮਤੀ ਮੈਂਬਰ ਵੀ ਰਹੇ। ਸਥਾਨਕ ਪੈਲੇਸ ਵਿੱਚ ਰੱਖੀ ਗਈ ਵਿਦਾਇਗੀ ਪਾਰਟੀ ਸਮੇਂ ਵੱਖ ਵੱਖ ਬੁਲਾਰਿਆਂ ਨੇ ਮਲਕੀਤ ਚੰਦ ਦੀ ਸ਼ਖ਼ਸੀਅਤ, ਜਥੇਬੰਦੀ ਲਈ ਕੀਤੇ ਕਾਰਜਾਂ ਅਤੇ ਵੱਖ ਵੱਖ ਖੇਤਰਾਂ ਵਿੱਚ ਪਾਏ ਯੋਗਦਾਨ ਨੂੰ ਯਾਦ ਕੀਤਾ। ਨਛੱਤਰ ਪਾਲ ਵਿਧਾਇਕ ਨਵਾਂ ਸ਼ਹਿਰ, ਬਸਪਾ ਆਗੂ ਪ੍ਰਵੀਨ ਬੰਗਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਲਕੀਤ ਚੰਦ ਡਾ ਅੰਬੇਡਕਰ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਯਤਨਸ਼ੀਲ ਰਹੇ ਅਤੇ ਅਸੀਂ ਹੁਣ ਆਸ ਕਰਦੇ ਹਾਂ ਕਿ ਨੌਕਰੀ ਤੋਂ ਵਿਹਲੇ ਹੋ ਕੇ ਡਾ ਅੰਬੇਡਕਰ ਦੇ ਮਿਸ਼ਨ,ਬਾਬੂ ਕਾਂਸ਼ੀ ਰਾਮ ਵਲੋਂ ਸ਼ੁਰੂ ਕੀਤੇ ਅਤੇ ਭੈਣ ਕੁਮਾਰੀ ਮਾਇਆਵਤੀ ਦੀ ਅਗਵਾਈ ਹੇਠ ਸਮਾਜਿਕ ਪਰਿਵਰਤਨ ਅੰਦੋਲਨ ਚ ਵਧ ਚੜ ਕੇ ਹਿੱਸਾ ਪਾਉਣਗੇ ਅਤੇ ਸਮਾਜ ਦੇ ਸਾਂਝੇ ਕਾਰਜਾਂ ਚ ਪਹਿਲਾਂ ਨਾਲੋਂ ਵੱਧ ਯੋਗਦਾਨ ਪਾਉਣਗੇ। ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਉਨ੍ਹਾਂ ਨੂੰ ਗਿਫ਼ਟ ਭੇਟ ਕੀਤੇ। ਇਸ ਮੌਕੇ ਇੰਜ ਆਤਮਾ ਰਾਮ ਐਸ ਡੀ ਓ ਬਹਿਰਾਮ, ਮਲਕੀਤ ਰਾਮ ਐਸ ਡੀ ਓ ਗੁਰਾਇਆ, ਪਰਮਾਨੰਦ ਐਸ ਡੀ ਓ ਬੰਗਾ, ਰਮੇਸ਼ ਕੈਲੇ ਐਸ ਡੀ ਓ ਮੁਕੰਦਪੁਰ, ਸੰਜੀਵ ਕੁਮਾਰ ਪ੍ਰਧਾਨ ਟੀ ਐਸ ਯੂ ਨਵਾਂ ਸ਼ਹਿਰ, ਇੰਜ ਰਾਮ ਲੁਭਾਇਆ,ਇੰਜ ਤੀਰਥ ਸਿੰਘ ਅੰਮ੍ਰਿਤਸਰ,ਪ੍ਰੋ ਹੁਸਨ ਲਾਲ,ਜੈ ਪਾਲ ਸੁੰਡਾ, ਵਿਜੇ ਗੁਣਾਚੌਰ, ਸੁਰਿੰਦਰ ਪਾਲ ਫਰਾਲਾ, ਮਨੀਸ਼ਾ ਰਾਣੀ ਆਰ ਏ, ਸੱਤਪਾਲ ਸਾਹਲੋਂ, ਮੀਰਾ ਸ਼ਰਮਾ ਸਰਪੰਚ ਮੰਢਾਲੀ, ਹਰਬੰਸ ਕੌਰ ਸਾਬਕਾ ਸਰਪੰਚ ਜੰਡਿਆਲੀ ,ਸੁਰਜੀਤ ਸਿੰਘ ਪੰਚ ਮੰਢਾਲੀ, ਅਮਰਜੀਤ ਪੰਚ ਮੰਢਾਲੀ, ਅਨੀਤਾ ਰਾਣੀ ਪੰਚ ਮੰਢਾਲੀ, ਰਾਮ ਕੁਮਾਰ ਪੰਚ ਮੰਢਾਲੀ, ਚਰਨਜੀਤ ਮੰਢਾਲੀ, ਗੁਰਮੇਲ ਭੱਟੀ, ਸਰਬਜੀਤ ਸਨੌਰਾ, ਅਨਿਲ ਕੁਮਾਰ ਢੱਕੋਂ, ਅਮਰਜੀਤ ਢੱਕੋਂ ਆਦਿ ਹਾਜ਼ਰ ਸਨ।

# ਸੀ ਐੱਚ ਸੀ ਖੇਮਕਰਨ ਵਿਖੇ ਮਨਾਇਆ ਮਲੇਰੀਆਂ ਦਿਵਸ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਸਿਵਲ ਸਰਜਨ ਤਰਨਤਾਰਨ ਡਾ. ਭਾਰਤ ਭੂਸ਼ਣ ਜ਼ਿਲ੍ਹਾ ਐਪੀਡੀਮੋਲੋਜਿਸਟ ਅਫ਼ਸਰ ਤਰਨਤਾਰਨ ਡਾ. ਸਿਮਰਨ ਕੌਰ ਤੇ ਡਾ. ਅਮਨਦੀਪ ਸਿੰਘ ਦੀ ਯੋਗ ਅਗਵਾਈ ਅਤੇ ਸੀਨੀਅਰ ਮੈਡੀਕਲ ਅਫਸਰ ਖੇਮਕਰਨ ਡਾ. ਸਰਬਜੀਤ ਸਿੰਘ ਦੀ ਦੇਖ ਰੇਖ ਹੇਠ ਸੀਐੱਚਸੀ ਖੇਮਕਰਨ ਵਿਖੇ ਮਲੇਰੀਆਂ ਦਿਵਸ ਮਨਾਇਆ ਗਿਆ ਜਿਸ ਨੂੰ ਸੰਬੋਧਨ ਕਰਦਿਆ ਜੁਗਰਾਜ ਸਿੰਘ ਐੱਸਆਈ ਨੇ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਐਨਾਫਲੀਜ਼ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਗੰਦੀਆ ਥਾਵਾਂ ਅਤੇ ਗੰਦੇ ਪਾਣੀ ਵਿੱਚ ਪੈਦਾ ਹੁੰਦਾ ਹੈ। ਇਸ ਲਈ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਦੀ ਸਾਫ ਸਫ਼ਾਈ ਰੱਖਣੀ ਚਾਹੀਦੀ ਹੈ ਅਤੇ ਘਰਾਂ ਦੇ ਲਾਗੇ ਪਾਣੀ ਖੜਾ ਨਹੀ ਹੋਣ ਦੇਣਾ ਚਾਹੀਦਾ ਹੈ ਅਤੇ ਛੱਪੜਾਂ ਵਿੱਚ ਗਮਬੂਜੀਆ ਫਿਸ਼ ਜਾਂ ਸੜਿਆ ਕਾਲਾ ਤੇਲ ਪਾ ਦੇਣਾ ਚਾਹੀਦਾ ਹੈ ਤਾਂ ਜ਼ੋ ਮਲੇਰੀਆ ਬੁਖ਼ਾਰ ਦੇ ਮੱਛਰ ਦੇ ਲਾਰਵੇ ਤੋਂ ਬਚਿਆਂ ਜਾਂ ਸਕੇ। ਮਲੇਰੀਆ ਬੁਖਾਰ ਦੇ ਲੱਛਣ ਤੇਜ਼ ਅਤੇ ਕਾਬੇ ਨਾਲ ਬੁਖਾਰ ਸਿਰ ਦਰਦ ਹੋਣਾ ਬੁਖ਼ਾਰ ਹੋਣ ਦੀ ਸੂਰਤ ਵਿੱਚ ਕਿਸੇ ਵੀ ਨੇੜੇ ਦੇ ਸਿਹਤ ਕੇਂਦਰ ਤੋਂ ਖੂਨ ਦੀ ਜਾਂਚ ਕਰਵਾਈ ਜਾਵੇ। ਇਸ ਮੌਕੇ ਮੁਲਾਜ਼ਮ ਅਮਰ ਸਿੰਘ, ਹਰਜੀਤ ਸਿੰਘ ਐੱਮ. ਪੀ. ਡਬਲਿਊ. ਮੇਲ, ਬਰੀਡਿੰਗ ਚੈੱਕਰ ਜਗਰੂਪ ਸਿੰਘ ਅਤੇ ਹੋਰ ਮੋਹਤਬਰ ਵਿਅਕਤੀ ਹਾਜ਼ਰ ਸਨ।

# ਨਸ਼ੀਲੀਆਂ ਦਵਾਈਆਂ ਵਰਤਣ ਵਾਲੇ ਆਰ ਐੱਮ ਪੀ ਡਾਕਟਰਾਂ ਦੀ ਮੁੱਢਲੀ ਮੈਂਬਰਸ਼ਿਪ ਹੋਵੇਗੀ ਖਾਰਜ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਮੈਡੀਕਲ ਪ੍ਰੈਕਟੀਸ਼ਨਰ ਐਸਸੀਏਸ਼ਨ ਪੰਜਾਬ (ਰਜਿ.) ਜ਼ਿਲ੍ਹਾ ਗੁਰਦਾਸਪੁਰ ਦੇ ਆਰਐੱਮਪੀ ਡਾਕਟਰਾਂ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾਕਟਰ ਚਮਨ ਲਾਲ ਬਟਾਲਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਅਸ਼ੋਕ ਕੁਮਾਰ ਬਟਾਲਾ ਦੀ ਪ੍ਰਧਾਨਗੀ ਹੇਠ ਡਾਕਟਰ ਬੀਆਰ ਅੰਬੇਡਕਰ ਸੀਨੀਅਰ ਸੈਕੰਡਰੀ ਸਕੂਲ ਠਠਿਆਰੀ ਗੇਟ ਬਟਾਲਾ ਵਿਖੇ ਹੋਈ ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਜ਼ਿਲਾ ਪ੍ਰੈਸ ਸਕੱਤਰ ਡਾਕਟਰ ਲਖਵਿੰਦਰ ਸਿੰਘ ਸੰਧੂ ਔਲਖ ਨੇ ਦੱਸਿਆ ਕਿ ਮੀਟਿੰਗ ਵਿੱਚ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਨਸ਼ਾ ਇੱਕ ਸਮਾਜਕ ਕੋਹੜ ਹੈ। ਮੀਟਿੰਗ ਦੌਰਾਨ ਜ਼ਿਲਾ ਕਮੇਟੀ ਆਗੂਆਂ ਨੇ ਸਰਬ ਪ੍ਰਵਾਨਤ ਮਤਾ ਪਾਸ ਕਰਕੇ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਚੇਤਾਵਨੀ ਦਿੱਤੀ ਕਿ ਐਸੋਸੀਏਸ਼ਨ ਦਾ ਕੋਈ ਵੀ ਮੈਂਬਰ ਆਪਣੇ ਕਲੀਨਿਕ ਵਿੱਚ ਪਾਬੰਦੀਸ਼ੁਧਾ ਨਸ਼ੀਲੀਆਂ ਦਵਾਈਆਂ ਦੀ ਬਿਲਕੁਲ ਵਰਤੋਂ ਨਾ ਕਰੇ।ਜੇਕਰ ਪੁਲਸ ਪ੍ਰਸ਼ਾਸਨ ਕਿਸੇ ਹੋਰ ਵੀ ਡਾਕਟਰ ਕੋਲੋਂ ਨਸ਼ੀਲੀਆਂ ਦਵਾਈਆਂ ਫੜ ਲੈਂਦਾ ਹੈ ਤਾਂ ਐਸੋਸੀਏਸ਼ਨ ਉਸ ਦਾ ਬਿਲਕੁਲ ਕੋਈ ਵੀ ਸਹਿਯੋਗ ਨਹੀਂ ਦੇਵੇਗੀ ਅਤੇ ਪੁਲਸ ਪ੍ਰਸ਼ਾਸਨ ਦਾ ਸਾਥ ਦੇ ਕੇ ਇਹੋ ਜਿਹੇ ਗਲਤ ਅਨਸਰ ਨੂੰ ਐਸੋਸੀਏਸ਼ਨ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕਰ ਦਿੱਤਾ ਜਾਵੇਗਾ।ਜ਼ਿਲ੍ਹਾ ਪ੍ਰਧਾਨ ਨੇ ਆਪਣੇ ਡਾਕਟਰ ਸਾਥੀਆਂ ਨੂੰ ਤਾਂਕੀਦ ਕੀਤੀ ਕਿ ਹਰ ਡਾਕਟਰ ਆਪਣੀ ਕਲੀਨਿਕ ਤੇ ਸਾਫ ਸੁਥਰੀ ਪ੍ਰੈਕਟਿਸ ਕਰਕੇ ਲੋਕਾਂ ਵਿੱਚ ਮਾਨ ਸਤਿਕਾਰ ਹਾਸਿਲ ਕਰੇ ? ਇਸ ਮੌਕੇ ਸੂਬਾ ਕਮੇਟੀ ਮੈਂਬਰ ਡਾਕਟਰ ਸੁਖਵਿੰਦਰ ਸਿੰਘ ਦਰਦੀ, ਡਾਕਟਰ ਲਖਵਿੰਦਰ ਸਿੰਘ ਸੰਧੂ ਔਲਖ, ਡਾਕਟਰ ਜਸਬੀਰ ਸਿੰਘ ਬਾਸਰਪੁਰ, ਡਾਕਟਰ ਜੋਗਿੰਦਰ ਸਿੰਘ ਸੰਧੂ, ਡਾਕਟਰ ਚਰਨ ਦਾਸ ਕੰਡਿਆਲ, ਡਾਕਟਰ ਰਛਪਾਲ ਸਿੰਘ ਬੋੜਾਵਾਲਾ, ਡਾਕਟਰ ਦਲੀਪ ਸਿੰਘ ਬਟਾਲਾ, ਡਾਕਟਰ ਦਵਿੰਦਰ ਸਿੰਘ ਚਾਹਲ, ਡਾਕਟਰ ਗੁਰਦੇਵ ਸਿੰਘ ਬਟਾਲਾ, ਡਾਕਟਰ ਰਾਜਪਾਲ, ਡਾਕਟਰ ਰਜੇਸ਼ ਹਾਂਡਾ, ਡਾਕਟਰ ਬਲਵੰਤ ਸਿੰਘ ਪੁਰੀਆਂ, ਡਾਕਟਰ ਸੰਦੀਪ ਕੁਮਾਰ ਮਿਸ਼ਰਪੁਰਾ, ਡਾਕਟਰ ਸਵਿੰਦਰ ਸਿੰਘ ਫੈਜ਼ਪੁਰਾ, ਡਾਕਟਰ ਪੰਨਾ ਲਾਲ ਪੁਰੀਆਂ, ਡਾਕਟਰ ਰਮਨ ਸ਼ਰਮਾ, ਡਾਕਟਰ ਵਿਜੇ ਸੰਧੂ, ਡਾ. ਤਾਰਾ ਮਸੀਹ, ਡਾਕਟਰ ਰਜਿੰਦਰ ਸਿੰਘ, ਡਾਕਟਰ ਪ੍ਰਿੰਸ, ਡਾਕਟਰ ਨਿਰਮਲ ਸਿੰਘ ਟਡਿਆਲਾ ਨੱਤ, ਡਾਕਟਰ ਸੁਰਿੰਦਰ ਸਿੰਘ ਭਾਟੀਆ, ਡਾਕਟਰ ਸੁਖਵਿੰਦਰ ਸਿੰਘ ਫੈਜ਼ਪੁਰਾ ਅਤੇ ਇਸ ਮੌਕੇ ਹੋਰ ਆਰਐੱਮਪੀ ਡਾਕਟਰ ਹਾਜ਼ਰ ਹੋਏ।



ਅਜਨਾਲਾ : ਦੀਪਕ ਇਲੈਕਟਰੋਨਿਕ ਵਾਲਿਆਂ ਦੇ ਸ਼ੋਅਰੂਮ 'ਤੇ ਪਹੁੰਚੇ ਅੰਮ੍ਰਿਤਸਰ ਬਾਰਡਰ ਰੇਂਜ ਦੇ ਡੀਆਈਜੀ ਰਕੇਸ਼ ਕੌਸ਼ਲ ਦਾ ਸਵਾਗਤ ਕਰਦੇ ਹੋਏ ਨਗਰ ਪੰਚਾਇਤ ਅਜਨਾਲਾ ਦੇ ਸਾਬਕਾ ਪ੍ਰਧਾਨ ਦੀਪਕ ਅਰੋੜਾ ਅਤੇ ਉਨ੍ਹਾਂ ਦਾ ਬੇਟਾ ਅਗਮ ਅਰੋੜਾ। (ਫੋਟੋ ਤੇ ਵੇਰਵਾ: ਸੁਖਤਿੰਦਰ ਸਿੰਘ ਰਾਜੂ)

# ਸੁਖਦੇਵ ਕੌਰ ਚਮਕ ਦੀ ਸਿਰਜਣਾ ਮਨੋਰੰਜਕ ਤੇ ਸਿੱਖਿਆਦਾਇਕ : ਅਸ਼ੋਕ ਪੁਰੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬੀ ਦੀ ਉੱਘੀ ਕਵਿੱਤਰੀ ਸੁਖਦੇਵ ਕੌਰ ਚਮਕ ਦੀ ਸਿਰਜਣਾ ਜਿੱਥੇ ਮਨੋਰੰਜਕ ਹੈ ਉਥੇ ਸਿੱਖਿਆਦਾਇਕ ਵੀ ਹੈ । ਇਹ ਵਿਚਾਰ ਫਿਲਮ ਐਕਟਰ ਅਤੇ ਡਾਇਰੈਕਟਰ ਅਸ਼ੋਕ ਪੁਰੀ ਨੇ 'ਸੁਖਦੇਵ ਕੌਰ ਚਮਕ ਦੇ ਰਚਨਾ ਸੰਸਾਰ' 'ਤੇ ਹੋਈ ਵਿਚਾਰ ਗੋਸ਼ਟੀ ਨੂੰ ਸੰਬੋਧਨ ਕਰਦਿਆਂ ਆਖੇ । ਉਹਨਾਂ ਅੱਗੇ ਕਿਹਾ ਕਿ ਚਮਕ ਨੇ ਆਪਣੇ ਜੀਵਨ ਕਾਲ ਵਿੱਚ ਦੋ ਦਰਜਨ ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕਰਕੇ ਸਾਹਿਤ ਜਗਤ ਵਿੱਚ ਆਪਣਾ ਇੱਕ ਵੱਖਰਾ ਮੁਕਾਮ ਸਿਰਜਿਆ ਹੈ। ਉਹ ਇੱਕੋ ਵੇਲੇ ਸਫਲ ਕਵਿਤਰੀ ਅਤੇ ਵਾਰਤਕਾਰ ਹਨ । ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਆਯੋਜਿਤ ਕੀਤੀ ਇਸ ਗੋਸ਼ਟੀ ਵਿੱਚ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਚਮਕ ਨੇ ਆਪਣੇ ਜੀਵਨ ਵਿੱਚ ਬੱਚਿਆਂ ਲਈ ਵੀ ਬੜੀਆਂ ਕੀਮਤੀ ਰਚਨਾਵਾਂ ਰਚੀਆਂ ਹਨ। ਉਨਾਂ ਦੁਆਰਾ ਲਿਖੀਆਂ ਕਵਿਤਾਵਾਂ ਨੂੰ ਬਾਲ ਪਾਠਕ ਬੜੀ ਚਾਹਤ ਨਾਲ ਪੜ੍ਹਦੇ ਅਤੇ ਸੁਣਦੇ ਹਨ। ਉਹ ਰੇਡੀਓ ਟੀਵੀ ਦੀ ਵੀ ਮਾਹਰ ਕਵਿਤਰੀ ਹੈ। ਇਸ ਮੌਕੇ ਮੈਡਮ ਕਮਲੇਸ਼ ਸੂਦ ਨੇ ਕਿਹਾ ਕਿ ਇਸਤਰੀ ਵਰਗ ਦੀ ਪ੍ਰਤਿਨਿਧਤਾ ਕਰਨ ਵਾਲੀ ਉਹ ਜ਼ਿਲ੍ਹਾ ਹੁਸ਼ਿਆਰਪੁਰ ਦੀ ਪ੍ਰਸਿੱਧ ਕਵਿਤਰੀ ਹੈ ਉਸਨੇ ਸਿੱਖਿਆ ਵਿਭਾਗ ਵਿੱਚ ਵੀ ਸੰਦਲੀ ਪੈੜਾਂ ਪਾ ਕੇ ਚੰਗਾ ਨਾਮ ਕਮਾਇਆ ਹੈ । ਉਸਦੀਆਂ ਧਾਰਮਿਕ ਪੁਸਤਕਾਂ ਨੂੰ ਸਿੱਖ ਜਗਤ ਵਿੱਚ ਬੜਾ ਮਾਣ ਸਨਮਾਨ ਮਿਲਿਆ ਹੈ।ਇਸ ਮੌਕੇ ਸੁਖਦੇਵ ਕੌਰ ਚਮਕ ਨੇ ਆਪਣੀਆਂ ਤਾਜ਼ੀਆਂ ਕਵਿਤਾਵਾਂ ਪੇਸ਼ ਕੀਤੀਆਂ । ਉਹਨਾਂ ਕਿਹਾ ਕਿ ਉਹਨਾਂ ਨੇ ਜੋ ਵੀ ਕਾਰਜ ਕੀਤਾ ਹੈ ਉਹ ਉਸ ਪਰਮਾਤਮਾ ਦੀ ਕਿਰਪਾ ਸਦਕਾ ਹੀ ਸੰਭਵ ਹੋ ਸਕਿਆ ਹੈ। ਇਸ ਲਈ ਹਰ ਇਨਸਾਨ ਨੂੰ ਪਰਮਾਤਮਾ ਦੀ ਰਜ਼ਾ ਵਿੱਚ ਰਹਿਣਾ ਚਾਹੀਦਾ ਹੈ । ਇਸ ਵਿਚਾਰ ਗੋਸ਼ਟੀ ਵਿੱਚ ਹੋਰਨਾਂ ਤੋਂ ਇਲਾਵਾ ਸੁਖਮਨ ਸਿੰਘ, ਬੱਗਾ ਸਿੰਘ ਆਰਟਿਸਟ, ਪ੍ਰਿੰ. ਮਨਜੀਤ ਕੌਰ, ਕੁਲਦੀਪ ਕੌਰ ਬੈਂਸ, ਹਰਮਨਪ੍ਰੀਤ ਕੌਰ, ਹਰਵੀਰ ਮਾਨ ਅਤੇ ਅਮਰਜੋਤ ਕੌਰ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅੰਤ ਵਿੱਚ ਸਭ ਦਾ ਧੰਨਵਾਦ ਕੰਵਲਜੀਤ ਸਿੰਘ ਵੱਲੋਂ ਕੀਤਾ ਗਿਆ।

8-Jun-PAGE-12.qxd 6/7/2024 9:15 PM Page 1







# ਸਾਊਦੀ ਪ੍ਰਿੰਸ ਰੇਗਿਸਤਾਨ 'ਚ ਬਣਾ ਰਹੇ ਆਲੀਸ਼ਾਨ ਸ਼ਹਿਰ

ਸਾਊਦੀ ਅਰਬ ਦੇ ਪ੍ਰਿੰਸ ਮੁਹੰਮਦ ਬਿਨ ਸਲਮਾਨ ਆਪਣੇ ਇਸਲਾਮਿਕ ਦੇਸ਼ ਨੂੰ ਸੈਲਾਨੀਆਂ ਲਈ ਪਸੰਦੀਦਾ ਜਗ੍ਹਾ ਬਣਾਉਣ 'ਚ ਲੱਗਾ ਹੈ। ਸਾਊਦੀ ਪ੍ਰਿੰਸ ਨਿਯੋਮ ਸ਼ਹਿਰ ਵਸਾ ਰਿਹਾ ਹੈ, ਜੋ ਅਰਬਾਂ ਡਾਲਰਾਂ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਹੈ। ਇਹ ਟੀਚਾ 2030 ਤੱਕ ਪੂਰਾ ਹੋਣ ਦਾ ਅਨੁਮਾਨ ਲਾਇਆ ਗਿਆ ਹੈ। ਸਾਊਦੀ ਅਰਬ ਸਰਕਾਰ ਨੇ ਕਿਹਾ ਕਿ ਨਿਯੋਮ ਸ਼ਹਿਰ ਦੇ ਅੰਦਰ ਗੀਗਾ ਪ੍ਰੋਜੈਕਟ ਦੇ ਤਹਿਤ 'ਮਾਗਨਾ' ਸ਼ਹਿਰ ਦਾ ਨਿਰਮਾਣ ਕੀਤਾ ਜਾਵੇਗਾ। ਇਸ ਸ਼ਹਿਰ ਨੂੰ ਕੁਦਰਤ ਵਿਚਾਲੇ ਆਧੁਨਿਕ ਤਕਨੀਕ ਦੀ ਮਦਦ ਨਾਲ ਬਣਾਇਆ ਜਾਵੇਗਾ। ਸਾਊਦੀ ਅਰਬ 'ਮਾਗਨਾ' ਸ਼ਹਿਰ ਨੂੰ ਗਲਫ ਆਫ਼ ਅਕਾਬਾ ਦੇ ਤਟ 'ਤੇ ਬਣਾਉਣ ਜਾ ਰਿਹਾ ਹੈ। ਇਸ ਦੇ ਕੋਲ ਪਹਿਲਾ ਲੇਅਜਾ, ਇਪੀਕਾਨ, ਸਿਰਨੱਨਾ, ਉਟਾਮੋ, ਅਕਲਅਮ ਅਤੇ ਜੌਮੂਰ ਨੂੰ ਵੀ ਬਣਾਇਆ ਜਾ ਰਿਹਾ ਹੈ। ਨਿਯੋਮ ਸ਼ਹਿਰ ਦੇ ਸੀ ਈ ਓ ਨਧਮੀ ਅਲ ਨਸਰ ਨੇ ਕਿਹਾ ਕਿ ਨਿਯੋਮ ਸ਼ਹਿਰ ਦੇ ਤਟੀ ਇਲਾਕਿਆਂ 'ਚ ਮਾਗਨਾ ਇੱਕ ਭਵਿੱਖ ਦੇ ਖ਼ਜ਼ਾਨੇ ਦੀ ਤਰ੍ਹਾਂ ਹੋਵੇਗਾ। ਇਹ ਕੁਦਰਤੀ ਸੁੰਦਰਤਾ ਅਤੇ ਆਧੁਨਿਕ ਤਕਨੀਕ ਨਾਲ ਪੂਰੀ ਤਰ੍ਹਾਂ ਲੈਸ ਹੋਵੇਗਾ। ਇਹ ਬਿਜ਼ਨੈਸ ਅਤੇ ਰਹਿਣ ਦੇ ਅਨੁਕੂਲ ਹੋਵੇਗਾ। 'ਮਾਗਨਾ' ਸ਼ਹਿਰ ਨਿਯੋਮ 'ਚ ਸੈਲਾਨੀਆਂ ਨੂੰ ਆਪਣੇ ਵੱਲ ਖਿੱਚੇਗਾ। ਅਸਲ 'ਚ ਸਾਊਦੀ ਅਰਬ ਸਾਲ 2023 ਤੱਕ ਆਪਣੀ ਅਰਥਵਿਵਸਥਾ ਦੀ ਤੇਲ 'ਤੇ ਨਿਰਭਰਤਾ ਨੂੰ ਘਟਾ ਕੇ ਸੈਲਾਨੀਆਂ ਅਤੇ ਹੋਰ ਚੀਜ਼ਾਂ 'ਤੇ ਵਧਾਉਣਾ ਚਾਹੁੰਦਾ ਹੈ। ਇਸ ਕਾਰਨ ਸਾਊਦੀ ਅਰਬ ਨੇ ਇਹ ਭਵਿੱਖ ਸ਼ਹਿਰ ਵਸਾਇਆ ਹੈ। ਮਾਗਨਾ ਸ਼ਹਿਰ ਨੂੰ 120 ਕਿਲੋਮੀਟਰ ਦੇ ਇਲਾਕੇ 'ਚ ਬਣਾਇਆ ਜਾ ਰਿਹਾ ਹੈ, ਜਿੱਥੇ 12 ਡੈਸਟੀਨੇਸ਼ਨ ਹੋਣਗੇ। ਇਸ 'ਚ ਲਗਜ਼ਰੀ ਟੂਰਿਜ਼ਮ ਲਈ ਨਵੇਂ ਗਲੋਬਲ ਸਟੈਂਡਰਡ ਵਾਲਾ ਪੂਰਾ ਇਲਾਕਾ ਤਿਆਰ ਕੀਤਾ ਜਾਵੇਗਾ। ਇਸ ਸ਼ਹਿਰ 'ਚ ਕੁਦਰਤੀ ਸੁੰਦਰਤਾ ਦਾ ਖਾਸ ਖਿਆਲ ਰੱਖਿਆ ਜਾਵੇਗਾ। ਮਾਗਨਾ ਸ਼ਹਿਰ 'ਚ 15 ਲਗਜ਼ਰੀ ਹੋਟਲ ਹੋਣਗੇ ਅਤੇ 1600 ਹੋਰ ਛੋਟੇ ਹੋਟਲ ਹੋਣਗੇ। ਇਸ ਤੋਂ ਇਲਾਵਾ ਕਈ ਲਗਜ਼ਰੀ ਅਪਾਰਟਮੈਂਟ ਅਤੇ 2500 ਪ੍ਰੀਮੀਅਮ ਘਰ ਵੀ ਬਣਾਏ ਜਾਣਗੇ। ਇਸ ਸ਼ਹਿਰ ਨੂੰ ਬਣਾਉਣ ਨਾਲ 15 ਹਜ਼ਾਰ ਲੋਕਾਂ ਨੂੰ ਟੂਰਿਜ਼ਮ ਖੇਤਰ 'ਚ ਨੌਕਰੀਆਂ ਮਿਲਣੀਆਂ। ਮਾਗਨਾ ਸ਼ਹਿਰ ਦੇ ਨਿਰਮਾਣ ਨਾਲ ਸਾਊਦੀ ਅਰਬ ਨੂੰ ਸਾਲ 2023 ਤੱਕ 69 ਕਰੋੜ ਡਾਲਰ ਦੀ ਕਮਾਈ ਹੋਣ ਦੀ ਉਮੀਦ ਹੈ। ਇਹੀ ਨਹੀਂ ਇਸ ਸ਼ਹਿਰ ਤੋਂ ਆਉਣ ਵਾਲੇ ਸਮੇਂ 'ਚ 3 ਲੱਖ ਤੋਂ ਜ਼ਿਆਦਾ ਸੈਲਾਨੀਆਂ ਦੇ ਆਉਣ ਦੀ ਉਮੀਦ ਹੈ। ਸਾਊਦੀ ਪ੍ਰਿੰਸ ਨਿਯੋਮ ਸ਼ਹਿਰ ਦੇ ਜ਼ਰੀਏ ਯੂ ਏ ਈ ਦੇ ਦੁਬਈ ਸ਼ਹਿਰ ਨੂੰ ਵੀ ਪਿੱਛੇ ਛੱਡਣ ਦੀ ਤਿਆਰੀ ਕਰ ਰਹੇ ਹਨ। ਹੁਣ ਦੁਬਈ ਦੁਨੀਆ ਭਰ ਦੇ ਲੋਕਾਂ ਅਤੇ ਕੰਪਨੀਆਂ ਲਈ ਪਸੰਦੀਦਾ ਜਗ੍ਹਾ ਬਣੀ ਹੋਈ ਹੈ। ਦੁਬਈ ਦੇ ਜ਼ਰੀਏ ਯੂ ਏ ਈ ਨੂੰ ਖੂਬ ਕਮਾਈ ਹੁੰਦੀ ਹੈ।

## ਜੀ ਐੱਨ ਐੱਮ ਨਰਸਿੰਗ ਦਾ ਨਤੀਜਾ ਸੌ ਫੀਸਦੀ ਰਿਹਾ



ਬੰਗਾ (ਅਵਤਾਰ ਕਲੇਰ) ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਜੀ.ਐਨ. ਐਮ. ਨਰਸਿੰਗ (ਦੂਜਾ ਸਾਲ) ਦਾ ਨਤੀਜਾ ਸ਼ਾਨਦਾਰ ਸੌ ਫੀਸਦੀ ਆਇਆ ਹੈ। ਪ੍ਰਿੰਸੀਪਲ ਡਾ. ਸੁਰਿੰਦਰ ਜਸਪਾਲ ਨੇ ਦੱਸਿਆ ਕਿ ਜੀ.ਐਨ.ਐਮ. ਨਰਸਿੰਗ ਦੂਜਾ ਸਾਲ ਕਲਾਸ ਦੀ ਵਿਦਿਆਰਥਣ ਅਮਰਦੀਪ ਕੌਰ ਪੁੱਤਰੀ ਸੁਖਦੇਵ ਸਿੰਘ-ਰਾਜਵੀਰ ਕੌਰ ਵਾਸੀ ਖੈੜਾ-ਦੋਨਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਸਿਮਰਨਪ੍ਰੀਤ ਕੌਰ ਪੁੱਤਰੀ ਚਰਨਜੀਤ ਸਿੰਘ-ਬਰਿੰਦਰ ਕੌਰ ਵਾਸੀ ਪੱਲੀ ਝਿੱਕੀ ਨੇ ਦੂਜਾ ਸਥਾਨ ਅਤੇ ਸਿਮਰਨਜੀਤ ਕੌਰ ਪੁੱਤਰੀ ਜਸਵਿੰਦਰ ਸਿੰਘ-ਹਰਜਿੰਦਰ ਕੌਰ ਵਾਸੀ ਜਾਫਰਪੁਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸਮੂਹ ਟਰੱਸਟੀਆਂ ਵੱਲੋਂ ਜੀ.ਐਨ.ਐਮ. ਨਰਸਿੰਗ ਦੂਜਾ ਸਾਲ ਦੇ ਸਮੂਹ ਵਿਦਿਆਰਥੀਆਂ ਨੂੰ, ਉਹਨਾਂ ਦੇ ਮਾਪਿਆਂ ਨੂੰ ਤੇ ਸਮੂਹ ਅਧਿਆਪਕਾਂ ਨੂੰ ਸ਼ਾਨਦਾਰ ਨਤੀਜੇ ਲਈ ਹਾਰਦਿਕ ਵਧਾਈਆਂ ਦਿੱਤੀਆਂ ਹਨ। ਇਸ ਮੌਕੇ ਰਮਨਦੀਪ ਕੌਰ ਕੰਗ ਵਾਈਸ ਪ੍ਰਿੰਸੀਪਲ, ਸੰਦੀਪ ਕੌਰ ਸੂਦਨ, ਗੁਰਮੀਤ ਸਿੰਘ, ਪੂਜਾ ਰਾਣੀ, ਨੇਹਾ ਰਾਣੀ, ਜਸਪ੍ਰੀਤ ਕੌਰ, ਮਨਦੀਪ ਕੌਰ ਅਤੇ ਹੋਰ ਨਰਸਿੰਗ ਅਧਿਆਪਕ ਵੀ ਹਾਜ਼ਰ ਸਨ।

## ਸਿਵਲ ਹਸਪਤਾਲ ਦੇ ਸਿਹਤ ਕਰਮਚਾਰੀਆਂ ਵੱਲੋਂ ਸਲੱਮ ਏਰੀਏ ਦਾ ਸਰਵੇ



ਭੁਲੱਥ, (ਮਨਪ੍ਰੀਤ ਸਿੰਘ)-ਸਿਵਲ ਸਰਜਨ ਕਪੂਰਥਲਾ ਡਾਕਟਰ ਸੁਰਿੰਦਰਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਤੇ ਸੀਨੀਅਰ ਮੈਡੀਕਲ ਅਫਸਰ ਭੁਲੱਥ ਡਾਕਟਰ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਸਿਵਲ ਹਸਪਤਾਲ ਭੁਲੱਥ ਦੇ ਸਿਹਤ ਕਰਮਚਾਰੀਆਂ ਵਲੋਂ ਸਬ ਸੈਂਟਰ ਭੁਲੱਥ ਦੇ ਅਧੀਨ ਆਉਂਦੇ ਸਲੱਮ ਏਰੀਏ ਵਿੱਚ ਮਾਈਗਰੇਟਰੀ ਮਲੇਰੀਆ ਫੀਵਰ ਸਰਵੇ ਕੀਤਾ ਗਿਆ। ਇਸ ਮੌਕੇ ਸਿਵਲ ਹਸਪਤਾਲ ਦੇ ਸਿਹਤ ਕਰਮਚਾਰੀਆਂ ਵਲੋਂ ਆਰ.ਡੀ.ਟੀ ਕਿਟ ਦੁਆਰਾ ਲਾਭਪਾਤਰੀਆਂ ਦੇ ਟੈਸਟ ਕੀਤੇ ਗਏ ਅਤੇ ਉਨ੍ਹਾਂ ਨੂੰ ਮੌਕੇ 'ਤੇ ਰਿਪੋਰਟਾਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਉਹਨਾਂ ਵਲੋਂ ਮਲੇਰੀਆ ਬੁਖਾਰ ਦੇ ਕਾਰਣ ਤੇ ਇਲਾਜ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਦਿਲਬਾਗ਼ ਸਿੰਘ ਸਿਹਤ ਸੁਪਰਵਾਈਜ਼ਰ, ਗੁਰਜੀਤ ਸਿੰਘ ਸਿਹਤ ਵਰਕਰ ਅਤੇ ਮਨਪ੍ਰੀਤ ਕੌਰ ਹਾਜ਼ਰ ਸਨ।

## ਗੰਬੋਵਾਲ ਦੇ ਸੂਫੀ ਤੇ ਸੱਭਿਆਚਾਰਕ ਮੇਲੇ ਦਾ ਪੋਸਟਰ ਜਾਰੀ




ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ)- ਪਿੰਡ ਗੰਬੋਵਾਲ ਸਥਿਤ ਦਰਗਾਹ ਸਯਦ ਪੀਰ ਗਾਜੀ ਵਿਖੇ 16ਵਾਂ ਸੂਫੀ ਅਤੇ ਸੱਭਿਆਚਾਰਕ ਮੇਲਾ ਭਲਕੇ 9 ਜੂਨ ਦਿਨ ਐਤਵਾਰ ਨੂੰ ਹੋਵੇਗਾ। ਸੂਫੀ ਅਤੇ ਸੱਭਿਆਚਾਰਕ ਮੇਲੇ ਦਾ ਪੋਸਟਰ ਜਾਰੀ ਕਰਦੇ ਹੋਏ ਮੇਲਾ ਸੱਭਿਆਚਾਰਕ ਕਮੇਟੀ ਦੇ ਮੁੱਖ ਮੇਲਾ ਪ੍ਰਬੰਧਕ ਨਰੋਤਮ ਕੁਮਾਰ, ਪ੍ਰਧਾਨ ਜਗਤਾਰ ਸਿੰਘ, ਗਾਇਕ ਨਿਕੂ ਨਿਸ਼ੂ ਨੇ ਦੱਸਿਆ ਕਿ ਪ੍ਰਵਾਸੀ ਭਾਰਤੀਆਂ ਤੇ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਸਮੇਲੇ ਦੌਰਾਨ ਸਭ ਤੋਂ ਪਹਿਲਾਂ ਸਵੇਰੇ ਪੀਰਾਂ ਦੀ ਦਰਗਾਹ ਤੇ ਚਾਦਰ ਤੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਪ੍ਰਬੰਧਕਾਂ ਨੇ ਹੋਰ ਦੱਸਿਆ ਕਿ ਇਸ ਸਮੇਂ ਪੰਜਾਬੀ ਗਾਇਕ ਰਾਜਨ ਗਿੱਲ,ਜੀ ਸ਼ਰਮੀਲਾ, ਗਾਇਕਾ ਮਨਜਿੰਦਰ ਮਨੀ, ਗਾਇਕ ਸੁਖੀ ਖਾਨ, ਵਿਨੀ ਇੰਦੂ, ਕਾਮੇਡੀ ਕਲਾਕਾਰ ਤਾਇਆ ਟੱਲੀ ਤੇ ਬੀਬੀ ਜਗੀਰੋ, ਗਾਇਕ ਆਰ. ਬੀ ਗਿੱਲ, ਐਸ ਹੀਰ, ਰੇਹਨ, ਮਨਿੰਦਰ ਤੇ ਹੋਰ ਕਲਾਕਾਰ ਹਾਜ਼ਰੀ ਲਗਵਾਉਂਦੇ ਹੋਏ ਸੱਭਿਆਚਾਰ ਪ੍ਰੋਗਰਾਮ ਪੇਸ਼ ਕਰਨਗੇ। ਪ੍ਰਬੰਧਕਾਂ ਨੇ ਹੋਰ ਦੱਸਿਆ ਕਿ ਇਸ ਮੌਕੇ ਸਾਬਕਾ ਵਿਧਾਇਕ ਤੇ ਜ਼ਿਲ੍ਹਾ ਪ੍ਰਧਾਨ ਕਾਂਗਰਸ ਅਰੁਣ ਮਿਕੀ ਡੋਗਰਾਂ, ਸੇਵਾ ਮੁਕਤ ਡੀ.ਪੀ.ਆਰ.ਉ ਬਲਦੇਵ ਬੱਲੀ ਮੁਖ ਮਹਿਮਾਨ ਵਜੋਂ ਜਦਕਿ ਸ਼ਾਮ ਸਿੰਘ ਸ਼ਾਮਾ ਵਿਸ਼ੇਸ਼ ਮਹਿਮਾਨ ਵਿਦੇਸ਼ਾਂ ਵੱਲੋਂ ਹੋਣਗੇ। ਇਸ ਤੋਂ ਇਲਾਵਾ ਪ੍ਰਸਿੱਧ ਗੀਤਕਾਰ ਹਰਵਿੰਦਰ ਓਹੜਪੁਰੀ, ਗੀਤਕਾਰ ਸੁਖਜੀਤ ਝਾਂਸਾਂ ਵਾਲਾ, ਗੀਤਕਾਰ ਲੱਕੀ ਬਹਿਰਾਮਪੁਰੀਆ ਵੀ ਵਿਸ਼ੇਸ਼ ਤੌਰ 'ਤੇ ਹਾਜਰੀ ਲਗਵਾਉਣਗੇ। ਇਸ ਮੌਕੇ ਪ੍ਰਧਾਨ ਜਗਤਾਰ ਸਿੰਘ, ਵਾਈਸ ਪ੍ਰਧਾਨ ਨਿਕ ਨਿਸ਼ੂ ,ਪ੍ਰੀਤਪਾਲ ਸਿੰਘ, ਨਰੋਤਮ ਕੁਮਾਰ, ਮਨਦੀਪ ਸਿੰਘ , ਗੁਰਜੀਤ ਸਿੰਘ , ਗੁਰਜਿੰਦਰਪਾਲ ਸਿੰਘ , ਭਗਵਤੀ ਵਾਸੂਦੇਵਾ , ਬਲਵਿੰਦਰ ਸਿੰਘ , ਜਸਵੀਰ ਸਿੰਘ , ਸਾਬਕਾ ਸਰਪੰਚ ਜਸਵੰਤ ਸਿੰਘ , ਰੋਬਿਨ ਗਬੋਵਾਲ ਦੀ ਮੌਜੂਦ ਸਨ।

## ਮੋਟਰਸਾਈਕਲ ਸਵਾਰ ਦੇਸੀ ਪਿਸਤੌਲ ਸਮੇਤ ਕਾਬੂ

ਨਵਾਂਸ਼ਹਿਰ, (ਮਨੋਜ ਲਾਡੀ)- ਨਵਾਂਸ਼ਹਿਰ ਸੀ. ਆਈ. ਏ.ਸਟਾਫ ਪੁਲਸ ਵਲੋਂ ਗਸ਼ਤ ਦੌਰਾਨ ਇਕ ਮੋਟਰਸਾਈਕਲ ਸਵਾਰ ਨੂੰ ਕਾਬੂ ਕਰ ਕੇ ਉਸ ਕੋਲੋਂ ਇਕ ਦੇਸੀ ਪਿਸਤੌਲ ਤੇ ਜ਼ਿੰਦਾ ਕਾਰਤੂਸ ਬਰਾਮਦ ਕੀਤਾ ਹੈ। ਪੁਲਸ ਨੇ ਮੁਲਜ਼ਮ ਖਿਲਾਫ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ। ਮਾਮਲੇ ਦੀ ਜਾਂਚ ਕਰ ਰਹੇ ਏ. ਐੱਸ. ਆਈ. ਅਜੇ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਵਿਚ ਪੁਲਸ ਪਾਰਟੀ ਲੰਗੜੋਆ ਤੋਂ ਜਾਡਲਾ ਦੇ ਵੱਲ ਜਾ ਰਹੀ ਸੀ ਕਿ ਪਿੰਡ ਉਟਾਲਾ ਕੋਲ ਕਿਸੇ ਨੇ ਗੁਪਤ ਸੂਚਨਾ ਦਿੱਤੀ ਕਿ ਇਕ ਵਿਅਕਤੀ ਮੋਟਰਸਾਈਕਲ ਉਤੇ ਅਸਲਾ ਲੈ ਕੇ ਘੁੰਮ ਰਿਹਾ ਹੈ। ਇਸ ਉਤੇ ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਮੋਟਰਸਾਈਕਲ ਸਵਾਰ ਨੂੰ ਕਾਬੂ ਕੀਤਾ ਤਾਂ ਉਸ ਕੋਲੋਂ ਇਕ ਦੇਸੀ ਕੱਟਾ ਤੋਂ ਜ਼ਿੰਦਾ ਕਾਰਤੂਸ ਬਰਾਮਦ ਹੋਇਆ। ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਮੁਲਜ਼ਮ ਦੀ ਪਛਾਣ ਸੁਖਵਿੰਦਰ ਸਿੰਘ ਉਰਫ ਸੁੱਖਾ ਵਜੋਂ ਹੋਈ ਹੈ।

## ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਨੀਟ ਪ੍ਰੀਖਿਆ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ )

ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਦੇ ਪੰਜ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਹੋਈ 'ਨੈਸ਼ਨਲ ਐਲੀਜੀਬਿਲਟੀ ਕਮ ਐਂਟਰੈਂਸ ਟੈਸਟ' ( ਨੀਟ ) ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ: ਹਰਦੀਪ ਸਿੰਘ ਨੇ ਦੱਸਿਆ ਕਿ ਇੱਥੋਂ ਦੇ ਪੰਜ ਵਿਦਿਆਰਥੀਆਂ ਨੇ ਆਪਣੀ ਮਿਹਨਤ ਅਤੇ ਲਗਨ ਦੇ ਨਾਲ-ਨਾਲ ਅੰਕਾਂ ਦੀ ਬਦੌਲਤ ਨੀਟ ਦੀ ਸੂਚੀ ਚ ਨਾਂਅ ਦਰਜ ਕਰਵਾਇਆ। ਉਨ੍ਹਾਂ ਦੱਸਿਆ ਕਿ ਸਕੂਲ ਦੀਆਂ ਵਿਦਿਆਰਥੀਆਂ 'ਚ ਦਿਵਿਆ ਅਗਰਵਾਲ ਨੇ 99.6 ਫੀਸਦੀ, ਰੁਦਰਾਂਸ਼ ਸ਼ਰਮਾ ਨੇ 99.5 ਫੀਸਦੀ, ਹਿਰਦੇਸ਼ ਗੁਪਤਾ ਨੇ 94.4 ਫੀਸਦੀ ਅਤੇ ਅਭਿਸ਼ੇਕ ਗੁਪਤਾ ਨੇ 84.9 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਤੋਂ ਇਲਾਵਾ ਹਿਰਦੇਸ਼ ਗੁਪਤਾ ਨੇ ਵੀ ਜੇਈਈ ਮੇਨਜ਼ ਵਿੱਚ 96.8% ਅੰਕ ਪ੍ਰਾਪਤ ਕੀਤੇ ਅਤੇ ਮੇਹਰ ਆਹੂਜਾ ਨੇ 84% ਅੰਕ ਲੈ ਕੇ ਥਾਪਰ ਯੂਨੀਵਰਸਿਟੀ ਪਟਿਆਲਾ ਵਿੱਚ ਸੀਟ ਪ੍ਰਾਪਤ ਕੀਤੀ। ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਇਹ ਪ੍ਰਦਰਸ਼ਨ ਨਾ ਸਿਰਫ਼ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਸਗੋਂ ਹੋਰ ਵਿਦਿਆਰਥੀਆਂ ਨੂੰ ਵੀ ਪ੍ਰੇਰਿਤ ਕਰੇਗੀ। ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਵੀ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਉਨ੍ਹਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਕੂਲ ਲਈ ਮਾਣ ਵਾਲੀ ਗੱਲ ਹੈ ਅਤੇ ਵਿਦਿਆਰਥੀਆਂ ਦੇ ਜੀਵਨ ਵਿੱਚ ਇੱਕ ਨਵੀਂ ਉਚਾਈ ਨੂੰ ਦਰਸਾਉਂਦਾ ਹੈ। ਇਸ ਮੌਕੇ ਚੇਅਰਮੈਨ ਬਾਹਰਾ ਨੇ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਨੂੰ ਇਸ ਵੱਡੀ ਪ੍ਰਾਪਤੀ 'ਤੇ ਵਧਾਈ ਦਿੱਤੀ।

## ਵੱਖ ਵੱਖ ਆਗੂਆਂ ਨੇ ਅਜਮੇਰ ਸਿੰਘ ਖਾਲਸਾ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ

ਸ਼ਾਹਕੋਟ(ਗਿਆਨ ਸੈਦਪੁਰ)ਵੀਰਵਾਰ ਨੂੰ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ ਭਤੀਜੇ ਅਤੇ ਸੀਨੀਅਰ ਕਾਂਗਰਸੀ ਆਗੂ ਅਜਮੇਰ ਸਿੰਘ ਖਾਲਸਾ ਦੇ ਸਪੁੱਤਰ ਦਾ ਕਨੇਡਾ ਦੇ ਸਰੀ ਸ਼ਹਿਰ ਵਿਖੇ ਇੱਕ ਹਾਦਸੇ ਦੌਰਾਨ ਦੇਹਾਂਤ ਗਿਆ ਸੀ। ਸ਼ੁੱਕਰਵਾਰ ਨੂੰ ਅਜਮੇਰ ਸਿੰਘ ਖਾਲਸਾ ਦੇ ਗ੍ਰਹਿ ਵਿਖੇ ਸਾਬਕਾ ਮੁੱਖ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ, ਸਾਬਕਾ ਕੈਬਨਿਟ ਮੰਤਰੀ ਅਤੇ ਐਮ. ਐਲ. ਏ. ਕਪੂਰਥਲਾ ਰਾਣਾ ਗੁਰਜੀਤ ਸਿੰਘ, ਸਾਬਕਾ ਕੈਬਨਿਟ ਮੰਤਰੀ ਅਮਰਜੀਤ ਸਿੰਘ ਸਮਰਾ, ਆਈ. ਜੀ. ਨਵਜੋਤ ਸਿੰਘ ਮਾਹਲ ਅਤੇ ਹਲਕਾ ਨਕੋਦਰ ਤੋਂ ਕਾਂਗਰਸ ਦੇ ਇਨਚਾਰਜ ਡਾ. ਨਵਜੋਤ ਸਿੰਘ ਦਾਹੀਆ ਪਰਿਵਾਰ ਦੇ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਲਈ ਉਚੇਚੇ ਤੌਰ 'ਤੇ ਪਹੁੰਚੇ। ਉਨ੍ਹਾਂ ਕਿਹਾ ਕਿ ਉਹ ਇਸ ਦੁਖਦਾਈ ਘੜੀ ਦੇ ਵਿੱਚ ਪਰਵਾਰ ਦੇ ਨਾਲ ਹਨ।



ਅਜਮੇਰ ਸਿੰਘ ਖਾਲਸਾ ਨਾਲ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਚਰਨਜੀਤ ਸਿੰਘ ਚੰਨੀ, ਰਾਣਾ ਗੁਰਜੀਤ ਸਿੰਘ, ਅਮਰਜੀਤ ਸਿੰਘ ਸਮਰਾ, ਨਵਜੋਤ ਸਿੰਘ ਮਾਹਲ, ਡਾ. ਨਵਜੋਤ ਸਿੰਘ ਦਾਹੀਆ ਤੇ ਹੋਰ।

## ਪੱਤਰਕਾਰ ਸੋਨੂ ਮਿੱਤਲ ਨੂੰ ਸਦਮਾ, ਮਾਤਾ ਦਾ ਦੇਹਾਂਤ

ਸ਼ਾਹਕੋਟ( ਗਿਆਨ ਸੈਦਪੁਰੀ) ਪ੍ਰੈਸ ਕਲੱਬ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਅਤੇ ਦੈਨਿਕ ਜਾਗਰਣ ਦੇ ਪੱਤਰਕਾਰ ਸੋਨੂ ਮਿੱਤਲ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਹਨਾਂ ਦੇ ਮਾਤਾ ਉਰਮਿਲਾ ਮਿੱਤਲ ਸਦੀਵੀ ਵਿਛੋੜਾ ਦੇ ਗਏ। ਉਹ ਅੱਸੀਵਿਆਂ ਵਿੱਚ ਯੂਥ ਕਾਂਗਰਸ ਦੇ ਆਗੂ ਰਹੇ ਸਵਰਗੀ ਭੀਮ ਸੈਨ ਮਿੱਤਲ ਦੀ ਪਤਨੀ ਸਨ। ਉਹਨਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਪ੍ਰੈਸ ਕਲੱਬ ਸ਼ਾਹਕੋਟ ਵੱਲੋਂ ਉਨਾਂ ਦੀ ਮ੍ਰਿਤਕ ਦੇਹ 'ਤੇ ਦੁਸ਼ਾਲਾ ਪਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਨਾਂ ਦੀ ਅੰਤਿਮ ਯਾਤਰਾ ਵਿੱਚ ਸੈਂਕੜੇ ਲੋਕ ਸ਼ਾਮਿਲ ਹੋਏ। ਇਹਨਾਂ ਵਿੱਚ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ ਭਰਾ ਜਗਦੇਵ ਸਿੰਘ ਸ਼ੇਰੋਵਾਲੀਆ, ਮਾਰਕੀਟ ਕਮੇਟੀ ਮਹਿਤਪੁਰ ਦੇ ਚੇਅਰਮੈਨ ਬਲਕਾਰ ਸਿੰਘ ਚੱਠਾ, ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ ਅਤੇ ਪਵਨ ਕੁਮਾਰ ਪੁਰੀ, ਅਕਾਲੀ ਦਲ( ਬਾਦਲ) ਦੇ ਜਨਰਲ ਕੌਂਸਲ ਮੈਂਬਰ ਤਜਿੰਦਰ ਸਿੰਘ ਰਾਮਪੁਰ, ਸੁਖਦੀਪ ਸਿੰਘ ਸੋਨੂ ਕੰਗ ਪੀਏ, ਆਜ਼ਾਦ ਸਪੋਰਟਸ ਕਲੱਬ ਸ਼ਾਹਕੋਟ ਦੇ ਪ੍ਰਧਾਨ ਬੂਟਾ ਸਿੰਘ ਕਲਸੀ, ਡਾਕਟਰ ਜਗਤਾਰ ਸਿੰਘ ਚੰਦੀ( ਸੁਰਿੰਦਰਾ ਹਸਪਤਾਲ ਸ਼ਾਹਕੋਟ ), ਭਾਜਪਾ ਆਗੂ ਐਡਵੋਕੇਟ ਦੀਪਕ ਸ਼ਰਮਾ, ਸੁਦਰਸ਼ਨ ਸੋਬਤੀ ਤੇ ਜਗਮੋਹਨ ਡਾਬਰ, ਸੀਨੀਅਰ ਕਾਂਗਰਸੀ ਆਗੂ ਯਸ਼ਪਾਲ ਗੁਪਤਾ, ਭਾਜਪਾ ਆਗੂ ਹਰਦੇਵ ਸਿੰਘ ਪੀਟਾ ਤੇ ਕਮਲ ਨਾਹਰ, ਡਾ. ਬੀ. ਆਰ ਅੰਬੇਡਕਰ ਆਰਮੀ ਪੰਜਾਬ ਦੇ ਪ੍ਰਧਾਨ ਵੀਰ ਕੁਲਵੰਤ ਸਿੰਘ ਕੰਤਾ, ਸਾਬਕਾ ਐਮਸੀ ਜਤਿੰਦਰ ਪਾਲ ਸਿੰਘ ਬੱਲਾ, ਡਾ. ਅਰਵਿੰਦਰ ਸਿੰਘ ਰੂਪਰਾ, ਰਾਮਗੜ੍ਹੀਆ ਸਕੂਲ ਸ਼ਾਹਕੋਟ ਦੇ ਪ੍ਰਧਾਨ ਤਰਲੋਕ ਸਿੰਘ ਰੂਪਰਾ, ਡਾਇਰੈਕਟਰ ਮਨਜੀਤ ਸਿੰਘ, ਨਬਜ ਦੇ ਸੰਪਾਦਕ ਦਵਿੰਦਰ ਸਿੰਘ ਆਹਲੂਵਾਲੀਆ, ਡਾ. ਦਵਿੰਦਰ ਸਮਰਾ, ਅੰਮ੍ਰਿਤ ਲਾਲ ਕਾਕਾ, ਤਰਸੇਮ ਅਗਰਵਾਲ ਸੀਏ, ਟਿੰਪੀ ਕੁਮਰਾ, ਅੰਕਿਤ ਗੁਪਤਾ ਸੈਟਨੋ, ਅਰੋੜਾ ਮਹਾਂ ਸਭਾ ਦੇ ਪ੍ਰਧਾਨ ਬੰਟੀ ਬੱਠਲਾ, ਅਦਾਕਾਰ ਸ਼ੈਟੀ ਚਾਵਲਾ, ਦੀਪੂ ਸੈਦਪੁਰੀ, ਆਪ ਆਗੂ ਜਸਪਾਲ ਮਿਗਲਾਨੀ, ਸੁੱਖਾ ਢੇਸੀ, ਗੁਰਮੀਤ ਸਿੰਘ ਬਜਾਜ, ਨਿਤਿਨ ਸ਼ਰਮਾ, ਹਰੀਸ਼ ਮਿੱਤਲ, ਮਾਸਟਰ ਕੁਲਦੀਪ ਸਚਦੇਵਾ, ਵਿਵੇਕ ਸ਼ਰਮਾ, ਵਿਪਨ ਪੁਰੀ, ਪ੍ਰਦੀਪ ਭਡਾਰਾ, ਅਮਿਤ ਮਲਹੋਤਰਾ ਤੋਂ ਇਲਾਵਾ ਪ੍ਰੈਸ ਕਲੱਬ ਦੇ ਸਮੂਹ ਮੈਂਬਰ ਸ਼ਾਮਲ ਸਨ।



ਮਾਤਾ ਉਰਮਿਲਾ ਮਿੱਤਲ ਦੀ ਚਿਖਾ ਨੂੰ ਅਗਨੀ ਵਿਖਾਉਂਦੇ ਹੋਏ ਸੋਨੂ ਮਿੱਤਲ।

## ਪੀਰ ਬਾਬਾ ਲੱਖ ਦਾਤਾ ਦਰਬਾਰ 'ਤੇ 11ਵਾਂ ਜੋੜ ਮੇਲਾ ਸ਼ਰਧਾਪੂਰਵਕ ਸੰਪੰਨ





ਅੱਡਾ ਸਰਾਂ (ਜਸਵੀਰ ਕਾਜਲ)

ਨਜਦੀਕ ਪਿੰਡ ਬਸੀ ਜਲਾਲ ਵਿਖੇ ਪੀਰ ਬਾਬਾ ਲੱਖ ਦਾਤਾ ਦੇ ਦਰਬਾਰ 'ਤੇ 11ਵਾਂ ਸਾਲਾਨਾ ਜੋੜ ਮੇਲਾ ਨੌਜਵਾਨ ਸਭਾ ਕਲੱਬ ਵੱਲੋਂ ਐਨ ਆਰ ਆਈ ਵੀਰਾਂ ਅਤੇ ਨਗਰ ਨਿਵਾਸੀਆਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਦਰਬਾਰ 'ਤੇ ਚਾਦਰ ਚੜ੍ਹਾਉਣ ਝੰਡਾ ਚੜ੍ਹਾਉਣ ਅਤੇ ਚਿਰਾਗ ਰੋਸ਼ਨ ਕਰਨ ਉਪਰੰਤ ਧਾਰਮਿਕ ਪੰਡਾਲ ਸਜਾਇਆ ਗਿਆ।

ਜਿਸ ਵਿਚ ਪੰਜਾਬ ਦੀ ਮਸ਼ਹੂਰ ਕਲਾਕਾਰ ਜਸਵਿੰਦਰ ਬਰਾੜ ਤੋਂ ਇਲਾਵਾ ਸ਼ਿਵ ਸੂਫ਼ੀ ਕਵਾਲ ਪਾਰਟੀ ਆਦਮਪੁਰ ਅਤੇ ਰਾਜਨ ਨਕਾਲ ਪਾਰਟੀ ਆਦਿ ਫਨਕਾਰਾਂ ਨੇਂ ਆਪਣੇਂ ਫ਼ਨ ਦਾ ਮੁਜਾਹਰਾ ਕੀਤਾ।ਇਸ ਮੌਕੇ ਚਾਹ ਪਕੌੜਿਆਂ ਦਾ ਲੰਗਰ, ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਅਤੁੱਟ ਲੰਗਰ ਵਰਤਾਇਆ ਗਿਆ।

ਇਸ ਮੌਕੇ ਪ੍ਰਧਾਨ ਰਣਵੀਰ ਸਿੰਘ ਮੋਖਾ,ਰਾਜੂ ਮੋਖਾ, ਦਿਲਬਾਗ ਸਿੰਘ, ਪਰਮਜੀਤ ਸਿੰਘ, ਏ ਐਸ ਆਈ ਜੋਗਿੰਦਰ ਸਿੰਘ, ਹਰਮੇਸ਼ ਸਿੰਘ ਪੰਚ, ਮਨਜੀਤ ਸਿੰਘ ਮਨੀ ਕਨੇਡਾ, ਸਰਬਜੀਤ ਸਿੰਘ, ਸੁਖਰਾਜ ਸਿੰਘ,ਰਮਨ ਸਭਰਵਾਲ, ਗੋਰਾਂ,ਗੋਰਵ, ਕੁਲਵੀਰ ਸਿੰਘ,ਮਨੀ ਸਹੋਤਾ, ਰਵੀ ਸਾਊਥ ਕੋਰੀਆ,ਸੂਰਜ ਸਾਊਥ ਕੋਰੀਆ, ਪ੍ਰਿੰਸ ਨਿਊਜ਼ੀਲੈਂਡ, ਪੰਮਾ ਕੇਨੈਡਾ,ਗੋਰਵ ਯੂ,ਐਸ ਏ,ਸਨੀ ਇਟਲੀ ਆਦਿ ਤੇ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

## ਸ੍ਰੀ ਸ਼ਨੀ ਮੰਦਰ ਵਿਖੇ ਹਵਨ ਕਰਵਾਇਆ



ਭੁਲੱਥ, (ਮਨਪ੍ਰੀਤ ਸਿੰਘ)-ਸਬ ਡਵੀਜ਼ਨ ਕਸਬਾ ਭੁਲੱਥ ਦੇ ਸ੍ਰੀ ਸ਼ਨੀ ਮੰਦਰ ਵਿਖੇ ਸ਼ਨੀ ਜਯੰਤੀ ਦੇ ਤਿਉਹਾਰ ਮੌਕੇ ਹਵਨ ਕਰਵਾਇਆ ਗਿਆ।

ਇਸ ਮੌਕੇ ਜਤਿੰਦਰ ਕੁਮਾਰ, ਪੁਸ਼ਕਰ ਭਾਟੀਆ, ਹੈਪੀ ਸ਼ਰਮਾ, ਚਰਨਜੀਤ ਬੱਬਰ ਤੇ ਪੰਡਿਤ ਰਤਨ ਨੇ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੀ ਸ਼ਨੀ ਦੇਵ ਦੀ ਮਹਾਨਤਾ ਨੂੰ ਮੁੱਖ ਰੱਖਦੇ ਹੋਏ ਸ਼ਨੀ ਜਯੰਤੀ ਮਨਾਈ ਜਾ ਰਹੀ ਹੈ ਤੇ ਇਸ ਪਵਿੱਤਰ ਤਿਉਹਾਰ ਮੌਕੇ ਹਵਨ ਕਰਕੇ ਸ਼ਨੀ ਦੇਵ ਨੂੰ ਪ੍ਰਸੰਨ ਕਰਨ ਲਈ ਸ਼ਰਧਾ ਪੂਰਵਕ ਸੰਗਤਾਂ ਵੱਲੋਂ ਉਤਸ਼ਾਹਿਤ ਦਿਖਾਇਆ ਜਾ ਰਿਹਾ ਹੈ।

## ਬਿਜਲੀ ਬੰਦ ਰਹੇਗੀ

ਟਾਂਡਾ ਉੜਮੁੜ, ( ਜਸਵਿੰਦਰ ਸੰਧੂ ਉਂਕਾਰ ਸਿੰਘ)- ਸਹਾਇਕ ਕਰਜਕਾਰੀ ਇੰਜੀਨੀਅਰ ਹਰਦੀਪ ਸਿੰਘ ਪੀ.ਐਸ.ਪੀ.ਸੀ ਐਲ ਉਪ ਮੰਡਲ ਮਿਆਣੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਕੇ.ਵੀ ਕੋਟਲਾ ਫੀਡਰ ਦੀਆ ਤਾਰਾਂ ਬਦਲੀ ਕਰਨ ਕਰਕੇ ਇਸ ਫੀਡਰ ਤੋਂ ਚਲਦੇ ਵੱਖ-ਵੱਖ ਪਿੰਡਾਂ ਦੀ ਬਿਜਲੀ ਸਪਲਾਈ 8 ਜੂਨ ਨੂੰ ਬੰਦ ਰਹੇਗੀ। ਉਹਨਾਂ ਦੱਸਿਆ ਕਿ ਪਿੰਡ ਗਿਲਜੀਆਂ, ਮੱਦਾ, ਕੋਟਲਾ, ਆਲਮਪੁਰ, ਬਲੜਾ ਚੱਕ ਬਾਮੂੰ ਆਦਿ ਪਿੰਡਾਂ ਦੀ ਸਪਲਾਈ ਸਵੇਰੇ 9 ਤੋਂ ਸ਼ਾਮ 4 ਵਜੇ ਤੱਕ ਬੰਦ ਰਹੇਗੀ।

## ਜੀ ਆਰ ਡੀ ਇੰਟਰਨੈਸ਼ਨਲ ਇੰਸਟੀਚਿਊਟ ਆਫ ਨਰਸਿੰਗ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ



ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )-ਸ੍ਰੀ ਗੁਰੂ ਰਾਮਦਾਸ ਸੇਵਾ ਸੋਸਾਇਟੀ (ਰਜਿ.)ਟਾਂਡਾ ਵੱਲੋਂ ਚਲਾਏ ਜਾ ਰਹੇ ਵਿਦਿਅਕ ਅਦਾਰੇ ਜੀ.ਆਰ.ਡੀ ਇੰਟਰਨੈਸ਼ਨਲ ਇੰਸਟੀਚਿਊਟ ਆਫ ਨਰਸਿੰਗ ਟਾਂਡਾ ਵਿਖੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਸੰਸਥਾ ਦੇ ਚੇਅਰ ਪਰਸਨ ਸ੍ਰੀਮਤੀ ਪ੍ਰਦੀਪ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੀ ਦਿਸ਼ਾ-ਨਿਰਦੇਸ਼ਾਂ ਤਹਿਤ ਮਨਾਏ ਗਏ ਵਿਸ਼ਵ ਵਾਤਾਵਰਨ ਦੌਰਾਨ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੇ ਜਿੱਥੇ ਆਪਣਾ ਆਲਾ ਦੁਆਲਾ ਹਰਿਆ ਭਰਿਆ ਦਰਸਾਉਂਦੇ ਸਲੋਗਨ ਬਣਾਏ ਉੱਥੇ ਵਿਦਿਆਰਥਣਾ ਵੱਲੋਂ ਕਾਲਜ ਵਿਖੇ ਵੱਖ-ਵੱਖ ਤਰ੍ਹਾਂ ਦੇ ਪੌਦੇ ਵੀ ਲਗਾਏ ਗਏ। ਸੰਸਥਾ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ ਤੇ ਵਾਈਸ ਪ੍ਰਿੰਸੀਪਲ ਰਾਜਵਿੰਦਰ ਕੌਰ ਨੇ ਸਾਰਿਆਂ ਨੂੰ ਰੁੱਖ ਲਗਾਉਣ ਲਈ ਅਪੀਲ ਕੀਤੀ ਅਤੇ ਕਿਹਾ ਕਿ ਰੁੱਖ ਸਾਡੇ ਜੀਵਨ ਵਿੱਚ ਬਹੁਤ ਹੀ ਮਹੱਤਵਪੂਰਨ ਸਥਾਨ ਰੱਖਦੇ ਹਨ ਅਤੇ ਸਾਨੂੰ ਆਕਸੀਜਨ ਵੀ ਪ੍ਰਦਾਨ ਕਰਦੇ ਹਨ ਇਸ ਕਰਕੇ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਆਪਣਾ ਚੌਗਿਰਦਾ ਹਰਿਆ ਭਰਿਆ ਰੱਖਣ ਲਈ ਰੁੱਖ ਲਗਾਉਣੇ ਚਾਹੀਦੇ ਹਨ। ਇਸ ਮੌਕੇ ਐਡਮਿਨਿਸਟਰੇਟਰ ਦਲਜਿੰਦਰ ਕੌਰ ,ਐਡਮਿਸ਼ਨ ਸੈਲ ਇੰਚਾਰਜ ਲਵਲੀ ਸੈਣੀ, ਰਮਨਦੀਪ ਕੌਰ ਗਗਨਦੀਪ ਕੌਰ, ਮਨਪ੍ਰੀਤ ਕੌਰ, ਮਨਦੀਪ ਕੌਰ, ਤਰੁਣ ਸੈਣੀ ਤੋਂ ਇਲਾਵਾ ਨਰਸਿੰਗ ਕਾਲਜ ਸਮੂਹ ਸਟਾਫ ਹਾਜ਼ਰ ਸੀ।